ਕੈਨੇਡਾ ਦਰਪਣ

ਫਰਵਰੀ 21, 1986

February 21, 1988

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਸਪਤਾਹਿਕ
ਕੈਨੇਡਾ ਦਰਪਣ
(ਆਨ.) ਚੀਫ ਐਡੀਟਰ: ਦਰਸ਼ਨ ਗਿੱਲ

Second Class Mail
Reg. No. 5991

WEEKENDING FEBRUARY 21, 1986 Vol. 5 No. 07 | P.O.BOX 67344 STN. 0 Vancouver, B.C. V5W 3T1 | PRICE 35¢ Out of Greater Vancouver 50¢ | Phone (604) 581-4473

16 ਫਰਵਰੀ ਨੂੰ ਖੂਨ ਖਰਾਬੇ ਤੋਂ ਬਚਾਅ ਲਈ

ਸੰਮੇਲਨ ਅਨੰਦਪੁਰ ਸਾਹਿਬ ਤਬਦੀਲ

ਟੌਹੜੇ ਦੀ ਦੁਚਿੱਤੀ — ਬਰਨਾਲੇ ਲਈ ਸਮੱਸਿਆ

ਅੰਮ੍ਰਿਤਸਰ — ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਕਾਲ ਤਖਤ ਦੇ ਜਥੇਦਾਰ ਸ: ਕਿਰਪਾਲ ਸਿੰਘ ਨੇ ਸੂਚਿਤ ਕਰ ਦਿਤਾ ਹੈ ਕਿ 16 ਫਰਵਰੀ ਨੂੰ ਸਰਬੱਤ ਖਾਲਸਾ ਸੰਮੇਲਨ ਅੰਮ੍ਰਿਤਸਰ ਤੋਂ ਆਨੰਦਪੁਰ ਸਾਹਿਬ ਤਬਦੀਲ ਕਰ ਦਿਤਾ ਹੈ ਤਾਕਿ ਉਸ ਦਿਨ ਖੂਨ ਖਰਾਬੇ ਤੋਂ ਬਚਾਅ ਹੋ ਸਕੇ। ਜਥੇਦਾਰ ਕਿਰਪਾਲ ਸਿੰਘ ਨੇ ਕਿਹਾ ਕਿ ਹਾਲਾਤ ਦੀ ਸੰਜੀਦਗੀ ਨੂੰ ਵੇਖਦਿਆਂ ਸਿਆਣਪ ਇਸੇ ਵਿਚ ਹੈ ਕਿ ਗਰਮਦਲੀਆਂ ਨਾਲ ਟਕਰਾਅ ਦੀ ਸਥਿਤੀ ਪੈਦਾ ਹੀ ਨਾ ਹੋਣ ਦਿਤੀ ਜਾਵੇ। ਜੋ ਫੈਸਲੇ ਸਰਬੱਤ ਖਾਲਸਾ ਸੰਮੇਲਨ ਕਰੇਗਾ ਉਹ ਸਾਰੇ ਸਿੱਖਾਂ ਉਤੇ ਲਾਗੂ ਸਮਝੇ ਜਾਣਗੇ।

ਅੰਮ੍ਰਿਤਸਰ ਤੋਂ ਸਾਡੇ ਪੱਤਰਪ੍ਰੇਰਕ ਦਾ ਕਹਿਣਾ ਹੈ ਕਿ ਇਹ ਸਾਰੀ ਸਮੱਸਿਆ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਟੌਹੜਾ ਦੀ ਦੁਚਿੱਤੀ ਕਾਰਨ ਪੈਦਾ ਹੋਈ ਹੈ। ਸ: ਟੌਹੜਾ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਅਕਾਲੀ ਸਰਕਾਰ ਦੇ ਮੁੱਖ ਮੰਤਰੀ ਸ: ਸੁਰਜੀਤ ਸਿੰਘ ਬਰਨਾਲਾ ਲਈ ਸਮੱਸਿਆਵਾਂ ਖੜ੍ਹੀਆਂ ਕਰ ਰਹੇ ਹਨ।

ਸ: ਬਰਨਾਲਾ ਸੰਕਟ ਵਿਚ

ਸਾਡੇ ਪੱਤਰਪ੍ਰੇਰਕ ਦਾ ਕਹਿਣਾ ਹੈ ਕਿ ਅਕਾਲੀ ਸਰਕਾਰ ਲਈ ਇਹ ਸੰਕਟ ਖਤਰਨਾਕ ਸਿੱਧ ਹੋ ਸਕਦਾ ਸੀ। ਇਸੇ ਕਾਰਨ ਸ: ਬਰਨਾਲਾ ਨੇ ਜਥੇਦਾਰ ਕਿਰਪਾਲ ਸਿੰਘ ਅਤੇ ਦੂਜੇ ਸਿੰਘ ਸਾਹਿਬਾਨਾਂ ਅਤੇ ਅਕਾਲੀ ਜਥੇਦਾਰਾਂ ਨਾਲ ਸਲਾਹ ਮਸ਼ਵਰਾ ਕਰਕੇ ਆਨੰਦਪੁਰ ਸਾਹਿਬ ਦੀ ਚੋਣ ਕੀਤੀ ਹੈ ਤਾਕਿ ਹਥਿਆਰਬੰਦ ਟੱਕਰ ਨੂੰ ਰੋਕਿਆ ਜਾ ਸਕੇ। ਪੱਤਰਪ੍ਰੇਰਕ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਅਤੇ ਗਰਮ ਦਲੀਏ ਦੋਵਾਂ ਪਾਸਿਓਂ ਤੋਂ ਅਕਾਲੀ ਸਰਕਾਰ ਉਤੇ ਤਾਬੜ ਤੋੜ ਹਮਲੇ ਕਰ ਰਹੇ ਹਨ।

ਰਾਜੀਵ ਵਲੋਂ ਬਰਨਾਲਾ ਨੂੰ ਚਿਤਾਵਨੀ

ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਸ: ਬਰਨਾਲਾ ਨੂੰ ਚਿਤਾਵਨੀ ਦਿਤੀ ਹੈ ਕਿ ਅਤਿਵਾਦੀਆਂ ਸਾਹਮਣੇ ਗੋਡੇ ਟੇਕਣ ਨਾਲ ਅਕਾਲੀ ਸਰਕਾਰ ਪੰਜਾਬ ਦੇ ਲੋਕਾਂ ਦੀ ਪ੍ਰਤੀਨਿਧਤਾ ਕਰਨ ਦੇ ਯੋਗ ਨਹੀਂ ਰਹੇਗੀ। ਉਧਰ ਸ: ਬਰਨਾਲਾ ਦਾ ਕਹਿਣਾ ਹੈ ਕਿ ਦਮਦਮੀ ਟਕਸਾਲ ਅਤੇ ਫੈਡਰੇਸ਼ਨ ਵਾਲੇ ਜਾਣਬੁਝ ਕੇ ਟੱਕਰ ਲੈਣੀ ਚਾਹੁੰਦੇ ਹਨ ਤਾਕਿ ਅਕਾਲੀ ਸਰਕਾਰ ਨੂੰ ਸਿੱਖਾਂ ਵਿਚ ਬਦਨਾਮ ਕੀਤਾ ਜਾ ਸਕੇ।

ਹਰਿਮੰਦਰ ਸਾਹਿਬ ਦੀ ਮੁੜ 'ਬੇਅਦਬੀ' ਵਾਲੀ ਸਥਿਤੀ ਪੈਦਾ ਨਾ ਕੀਤੀ ਜਾਵੇ

ਪਟਿਆਲਾ — ਫੌਜ ਦੇ 14 ਰੀਟਾਇਰ ਅਫਸਰਾਂ ਨੇ ਸਿੱਖਾਂ ਖਾਸ ਕਰ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਚ ਸ੍ਰੀ ਅਕਾਲ ਤਖਤ ਉਤੇ ਗੈਰ ਕਾਨੂੰਨੀ ਕਬਜ਼ਾ ਕਰੀ ਬੈਠੇ ਸਿੱਖਾਂ ਨੂੰ ਅਪੀਲ ਕੀਤੀ ਹੈ ਕਿ ਉਹ ਅਜਿਹੀ ਸਥਿਤੀ ਪੈਦਾ ਨਾ ਕਰਨ ਜਿਸ ਨਾਲ ਸ੍ਰੀ ਹਰਿਮੰਦਰ ਸਾਹਿਬ ਦੀ ਮੁੜ ਬੇਅਦਬੀ ਹੁੰਦੀ ਹੋਵੇ। ਇਕ ਸਾਂਝੇ ਬਿਆਨ ਵਿਚ ਉਹਨਾਂ ਕਿਹਾ ਕਿ ਇਹ ਬੜੇ ਦੁੱਖ ਦੀ ਗਲ ਹੈ ਕਿ ਕੁਝ ਗੁੰਮਰਾਹ ਹੋਏ ਨੌਜੁਆਨਾਂ ਅਤੇ ਹੋਰ ਲੋਕਾਂ ਨੇ ਸਿਖ ਪੰਥ ਲਈ ਗੰਭੀਰ ਹਾਲਾਤ ਪੈਦਾ ਕਰ ਦਿਤੇ ਹਨ। ਉਨ੍ਹਾਂ ਹੋਰ ਕਿਹਾ ਕਿ ਜਾਪਦਾ ਹੈ ਕਿ ਅਸੀਂ ਪੰਥ ਨੂੰ ਕਮਜ਼ੋਰ ਕਰਨ ਲਈ ਸਾਡੇ ਦੁਸ਼ਮਣਾਂ ਵਲੋਂ ਖੋਦੀ ਗਈ ਖਾਈ ਵਿਚ ਡਿਗ ਪਏ ਹਾਂ ਸਾਬਕ ਸੈਨਿਕ ਇਸ ਗੱਲ ਨਾਲ ਸਹਿਮਤ ਹਨ ਕਿ ਸ੍ਰੀ ਅਕਾਲ ਤਖਤ ਦੀ ਨਵ-ਉਸਾਰੀ ਹੋਣੀ ਚਾਹੀਦੀ ਹੈ। ਉਹਨਾਂ ਕਿਹਾ ਕਿ ਆਓ ਅਸੀਂ 16 ਫਰਵਰੀ ਨੂੰ ਸਰਬੱਤ ਖਾਲਸਾ ਹੋ ਲੈਣ ਦੇਈਏ। ਉਹਨਾਂ ਕਿਹਾ ਕਿ ਇਹ ਦਿ ਨ ਪੰਥਕ ਏਕਤਾ ਦਾ ਦਿਨ ਹੋਵੇਗਾ। ਬਿਆਨ ਉਤੇ ਦਸਖਤ ਕਰਨ ਵਾਲਿਆਂ ਵਿਚ ਲੈਫਟੀਨੈਂਟ ਜਨਰਲ ਜਗਜੀਤ ਸਿੰਘ ਅਰੋੜਾ, ਲੈਫਟੀਨੈਂਟ ਜਨਰਲ ਹਰਬਖਸ਼ ਸਿੰਘ, ਲੈਫਟੀਨੈਂਟ ਜਨਰਲ ਗੁਰਬਚਨ ਸਿੰਘ, ਏਅਰ ਮਾਰਸ਼ਲ ਸਿਵਦੇਵ ਸਿੰਘ, ਰੀਅਰ ਐਡਮਿਰਲ ਪ੍ਰੀਤਮ ਸਿੰਘ ਮਹਿੰਦਰਾ, ਮੇਜਰ ਜਨਰਲ ਤਾਰਾ ਸਿੰਘ ਬਲ, ਮੇਜਰ ਜਨਰਲ ਗੁਰਬਖਸ਼ ਸਿੰਘ, ਮੇਜਰ ਜਨਰਲ ਮਹਿੰਦਰ ਸਿੰਘ ਚੋਪੜਾ, ਏਅਰ ਮਾਰਸ਼ਲ ਸੁਰਤਾ ਸਿੰਘ ਔਲਖ, ਬਿਰਗੇਡੀਅਰ ਇਕਬਾਲ ਸਿੰਘ ਢਿਲੋਂ, ਬਿਰਗੇਡੀਅਰ ਜੇ. ਐਸ. ਢਿਲੋਂ, ਬਿਰਗੇਡੀਅਰ ਜੋਗਿੰਦਰ ਸਿੰਘ ਢਿਲੋਂ, ਕਰਨਲ ਸ਼ਮਸ਼ੇਰ ਸਿੰਘ ਤੇ ਮੇਜਰ ਪ੍ਰੀਤਮ ਸਿੰਘ (ਸਾਰੇ ਰਿਟਾਇਰ) ਸ਼ਾਮਲ ਹਨ। ਇਸ ਤੋਂ ਪਹਿਲਾਂ ਇਨ੍ਹਾਂ ਅਫਸਰਾਂ ਨੇ ਇਕ ਮੀਟਿੰਗ ਵਿਚ ਸਥਿਤੀ ਤੇ ਵਿਚਾਰ ਕੀਤੀ।

ਯੂਥ ਵਿੰਗ ਦੇ ਪ੍ਰਧਾਨ ਵਲੋਂ ਐਲਾਨ

ਅਕਾਲੀ ਦਲ ਦੇ ਯੂਥ ਵਿੰਗ ਦੇ ਪ੍ਰਧਾਨ ਸ: ਪ੍ਰੇਮ ਸਿੰਘ ਚੰਦੂਮਾਜਰਾ ਨੇ ਇਥੇ ਐਲਾਨ ਕੀਤਾ ਕਿ ਯੂਥ ਵਿੰਗ ਦੇ ਦੋ ਲੱਖ ਵਰਕਰ ਆਨੰਦਪੁਰ ਸਾਹਿਬ ਲਈ ਵਹੀਰਾਂ ਘੱਤ ਰਹੇ ਹਨ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਵਿਚ ਕਾਰ ਸੇਵਾ ਉਤੇ

ਮੈਨੀਟੋਬਾ ਵਿਚ ਚੋਣਾਂ 18 ਮਾਰਚ ਨੂੰ

ਵਿਨੀਪੈਗ — ਐਨ. ਡੀ. ਪੀ. ਪਾਰਟੀ ਦੇ ਮੈਨੀਟੋਬਾ ਦੇ ਪ੍ਰੀਮੀਅਰ ਹਾਵਰਡ ਪਾਓਲੀ ਨੇ ਐਲਾਨ ਕੀਤਾ ਹੈ ਕਿ ਮੈਨੀਟੋਬਾ ਲੈਜਿਸਲੇਚਰ ਦੀਆਂ ਚੋਣਾਂ 18 ਮਾਰਚ ਨੂੰ ਹੋਣਗੀਆਂ। ਪਿਛਲੇ ਹਫਤੇ ਇਕ ਪੋਲ ਵਿਚ ਦੱਸਿਆ ਗਿਆ ਹੈ ਕਿ ਮੈਨੀਟੋਬਾ ਦੇ 44.5 ਫੀਸਦੀ ਲੋਕ ਐਨ. ਡੀ. ਪੀ. ਦੀ ਮੱਦਦ ਕਰਦੇ ਹਨ ਜਦਕਿ ਟੋਰੀ ਪਾਰਟੀ ਨੂੰ 39.5 ਫੀਸਦੀ ਲੋਕਾਂ ਦੀ ਹਮਾਇਤ ਹਾਸਲ ਹੈ। ਇਸ ਸਮੇਂ 57 ਸੀਟਾਂ ਵਿਚੋਂ 32 ਉਤੇ ਐਨ. ਡੀ. ਪੀ ਕਾਬਜ਼ ਸੀ।

ਮਾਈਕ ਹਾਰਕੋਰਟ ਅਸੈਂਬਲੀ ਮੈਂਬਰ ਬਣਨਗੇ ਹੈਰੀ ਰੈਂਕਨ - ਮੇਅਰ ਦੇ ਉਮੀਦਵਾਰ

ਵੈਨਕੂਵਰ — ਵੈਨਕੂਵਰ ਦੇ ਮੇਅਰ ਮਾਈਕ ਹਾਰਕੋਰਟ ਨੇ ਐਲਾਨ ਕੀਤਾ ਹੈ ਕਿ ਉਹ ਚੌਥੀ ਵਾਰ ਮੇਅਰ ਦੀ ਚੋਣ ਨਹੀਂ ਲੜਨਗੇ ਸਗੋਂ ਗੈਰੀ ਲੌਕ ਵਲੋਂ ਖਾਲੀ ਕੀਤੀ ਸੀਟ ਉਤੇ ਬੀ. ਸੀ. ਦੀ ਅਸੈਂਬਲੀ ਸੀਟ ਲਈ ਵੈਨਕੂਵਰ ਸੈਂਟਰ ਤੋਂ ਚੋਣ ਲੜਨਗੇ।

ਇਸ ਤਰ੍ਹਾਂ ਨਵੰਬਰ ਵਿਚ ਹੋਣ ਵਾਲੀਆਂ ਚੋਣਾਂ ਵਿਚ ਹੈਰੀ ਰੈਂਕਨ ਕੌਂਪ ਦੇ ਉਮੀਦਵਾਰ ਹੋਣਗੇ। ਆਸ ਕੀਤੀ ਜਾਂਦੀ ਹੈ ਕਿ ਇਨ੍ਹਾਂ ਦਾ ਮੁਕਾਬਲਾ ਐਨ. ਡੀ. ਪੀ. ਦੇ ਜਾਰਜ ਪਿਊਲ ਨਾਲ ਹੋਵੇਗਾ।

ਪਹੁੰਚੇ ਲੋਕਾਂ ਤੋਂ ਪਤਾ ਲਗਦਾ ਹੈ ਕਿ ਸਿੱਖ ਸੰਗਤਾਂ ਵਿਚ ਦਮਦਮੀ ਟਕਸਾਲ ਅਤੇ ਫੈਡਰੇਸ਼ਨ ਨਾਲ ਦਸ ਹਜ਼ਾਰ ਤੋਂ ਵੱਧ ਲੋਕ ਨਹੀਂ ਹਨ। ਉਨ੍ਹਾਂ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰ ਸ: ਉਂਕਾਰ ਸਿੰਘ ਦੇ 16 ਸਾਲਾ ਨੌਜਵਾਨ ਲੜਕੇ ਦੇ ਕਤਲ ਤੇ ਦੁੱਖ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਅਜਿਹੀਆਂ ਕਾਰਵਾਈਆਂ ਨਾਲ ਇਹ ਕੰਮ ਕਰਨ ਵਾਲਿਆਂ ਦੀ ਸਾਖ ਦਿਨੋਂ ਦਿਨ ਸੰਗਤਾਂ ਵਿਚ ਡਿਗ ਰਹੀ ਹੈ।

ਪੰਜਾਬ ਅਸੈਂਬਲੀ ਦੇ ਬੱਜਟ ਅਜਲਾਸ ਮਾਰਚ 'ਚ ਸੰਭਵ

ਚੰਡੀਗੜ੍ਹ — ਸੂਬਾਈ ਵਿੱਤ ਮੰਤਰੀ ਸ੍ਰੀ ਬਲਵੰਤ ਸਿੰਘ ਦੇ ਅਨੁਸਾਰ ਪੰਜਾਬ ਅਸੈਂਬਲੀ ਦਾ ਬੱਜਟ ਸੈਸ਼ਨ ਮਾਰਚ ਦੇ ਪਹਿਲੇ ਹਫਤੇ ਬੁਲਾਏ ਜਾਣ ਦੀ ਸੰਭਾਵਨਾ ਹੈ। ਸ੍ਰੀ ਐਸ ਐਸ ਬਰਨਾਲਾ ਦੀ ਅਗਵਾਈ ਵਾਲੀ ਅਕਾਲੀ ਦਲ ਦੀ ਵਜ਼ਾਰਤ ਜਿਹੜੀ ਬੀਤੇ ਸਾਲ ਸੱਤਾ ਵਿਚ ਆਈ, ਸਤਾ ਵਿਚ ਆਉਣ ਤੋਂ ਬਾਅਦ ਇਹ ਆਪਦਾ ਪਹਿਲਾ ਬਜਟ ਸੈਸ਼ਨ ਬੁਲਾਏਗੀ।

ਸ੍ਰੀ ਬਲਵੰਤ ਸਿੰਘ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸੂਬੇ ਲਈ ਸਤਵੀਂ ਪੰਜ ਸਾਲਾ ਯੋਜਨਾ ਵਿਚ ਰਖੇ ਗਏ 1900 ਕਰੋੜ ਰੁ: ਦੇ ਖਰਚੇ ਦੇ ਮੁਕਾਬਲੇ 3,289 ਕਰੋੜ ਰੁਪਏ ਦਾ ਖਰਚਾ ਰਖਣ ਦੀ ਤਜਵੀਜ਼ ਹੈ। ਵਿਤ ਮੰਤਰੀ ਯੋਜਨਾ ਕਮਿਸ਼ਨ ਨਾਲ ਗਲਬਾਤ ਕਰਕੇ ਇਸ ਯੋਜਨਾ ਨੂੰ ਅੰਤਮ ਰੂਪ ਦੇਣ ਲਈ ਸ੍ਰੀ ਬਰਨਾਲਾ ਨਾਲ ਦਿੱਲੀ ਗਏ। ਉਹਨਾ ਕਿਹਾ ਕਿ ਸੂਬੇ ਵਿਚ ਗੜਬੜ ਵਾਲੇ ਹਾਲਾਤ ਦੇ ਬਾਵਜੂਦ ਇਸ ਸਮੇਂ ਯੋਜਨਾ ਖਰਚੇ ਨੂੰ ਵਧਾਉਣ ਦੀ ਤਜਵੀਜ਼ ਦਿਤੀ ਗਈ ਹੈ। ਉਹਨਾ ਅੱਗੇ ਕਿਹਾ ਕਿ ਅਜਿਹੀ ਲੋੜ ਤਾਂ ਪਈ ਕਿਉਂ ਜੋ ਪੰਜਾਕ ਵਿਚ ਵਿਕਾਸ ਦੀਆਂ ਕਾਰਵਾਈਆਂ ਦੀ ਰਫਤਾਰ ਨੂੰ ਵਧਾਇਆ ਜਾ ਸਕੇ। ਸ੍ਰੀ ਬਲਵੰਤ ਸਿੰਘ ਨੇ ਕਿਹਾ ਕਿ ਮੌਜੂਦਾ ਸਾਲ ਦੇ 440 ਕਰੋੜ ਰੁਪਏ ਦੇ ਮੁਕਾਬਲੇ 1986-87 ਵਿਚ 630 ਕਰੋੜ ਰੁਪਏ ਦੇ ਯੋਜਨਾ ਖਰਚੇ ਦੀ ਤਜਵੀਜ਼ ਦਿਤੀ ਗਈ ਹੈ। ਉਹਨਾ ਅਗੇ ਕਿਹਾ ਕਿ ਕੁਲ ਖਰਚੇ ਦਾ ਲਗਪਗ 50 ਫੀਸਦੀ ਹਿੱਸਾ ਵੱਖ ਵੱਖ ਪਾਵਰ ਪ੍ਰੋਜੈਕਟਾਂ ਤੇ ਖਰਚ ਕਰਨ ਲਈ ਮੰਗਿਆ ਜਾ ਰਿਹਾ ਹੈ। ਸੌ ਕਰੋੜ ਰੁਪਏ ਤਾਂ ਸਿਰਫ ਥੀਨ ਡੈਮ ਪ੍ਰੋਜੈਕਟ ਤੇ ਖਰਚ ਕਰਨ ਦੀ ਤਜਵੀਜ਼ ਹੈ।

ਉਹਨਾਂ ਕਿਹਾ ਕਿ ਸੂਬੇ ਨੂੰ ਕੇਂਦਰ ਕੋਲੋਂ ਵਿਸ਼ੇਸ਼ ਸਹਾਇਤਾ ਵਜੋਂ 205 ਕਰੋੜ ਰੁਪਏ ਮਿਲੇ ਹਨ ਜਦ ਕਿ 380 ਕਰੋੜ ਰੁਪਏ ਦੀ ਮੰਗ ਕੀਤੀ ਗਈ ਸੀ। ਬਲਵੰਤ ਸਿੰਘ ਨੇ ਅਗੇ ਕਿਹਾ ਕਿ ਸੂਬੇ ਵਿਚ ਗੜਬੜ ਵਾਲੀ ਸਥਿਤੀ ਹੋਣ ਕਾਰਣ ਰਾਜ ਸਰਕਾਰ ਨੇ ਕੇਂਦਰ ਨੂੰ ਸਾਰੇ ਦੇ ਸਾਰੇ ਘਾਟੇ ਦੇ ਬਰਾਬਰ ਰਕਮ ਦੇਣ ਦੀ ਅਪੀਲ ਕੀਤੀ ਸੀ। ਵਿੱਤ ਮੰਤਰੀ ਨੇ ਕਿਹਾ ਕਿ ਨਵੀਂ ਐਕਸਾਈਜ਼ ਨੀਤੀ ਨੂੰ ਅਗਲੇ ਮਹੀਨੇ ਦੇ ਅੱਧ ਵਿਚ ਅੰਤਮ ਰੂਪ ਦੇ ਦਿਤਾ ਜਾਵੇਗਾ।

ਸ਼ਿਵ ਸੈਨਾ ਵਲੋਂ 22 ਨੂੰ ਤ੍ਰਿਸ਼ੂਲ ਮਾਰਚ

ਜਲੰਧਰ — ਪੰਜਾਬ ਹਿੰਦੂ ਸ਼ਿਵ ਸੈਨਾ ਨੇ 22 ਫਰਵਰੀ ਨੂੰ ਅੰਮ੍ਰਿਤਸਰ ਤੋਂ ਚੰਡੀਗੜ੍ਹ ਤਕ 'ਤ੍ਰਿਸ਼ੂਲ ਮਾਰਚ' ਕਰਨ ਦਾ ਫੈਸਲਾ ਕੀਤਾ ਹੈ। ਸ਼ਿਵ ਸੈਨਾ ਦਾ ਦੋਸ਼ ਹੈ ਕਿ ਅਜਿਹਾ ਬਰਨਾਲਾ ਸਰਕਾਰ ਵਲੋਂ ਅਤਿਵਾਦੀ ਅਤੇ ਵਖਵਾਦੀ ਸਰਗਰਮੀਆਂ ਨੂੰ ਨੱਥ ਪਾਉਣ ਵਿਚ ਨਾਕਾਮ ਰਹਿਣ ਤੇ ਕੀਤਾ ਜਾ ਰਿਹਾ ਹੈ। ਉਕਤ ਫੈਸਲਾ ਸੈਨਾ ਦੀ ਅੰਮ੍ਰਿਤਸਰ ਵਿਚ ਹੋਈ ਇਕ ਮੀਟਿੰਗ ਵਿਚ ਕੀਤਾ ਗਿਆ। ਸੈਨਾ ਦੇ ਕਨਵੀਨਰ ਸ੍ਰੀ ਐਸ ਕੇ ਸਰਵਾਲ ਅਨੁਸਾਰ ਦਰਬਾਰ ਸਾਹਿਬ ਸਮੂਹ ਤੇ ਕਬਜ਼ੇ ਦਾ ਮਾਮਲਾ ਅਕਾਲੀ ਦਲ ਦਾ ਅੰਦਰੂਨੀ ਮਾਮਲਾ ਹੈ ਪਰ ਅਕਾਲੀ ਸਰਕਾਰ ਨੂੰ ਕਾਨੂੰਨ ਵਿਵਸਥਾ ਕਾਇਮ ਰੱਖਣ ਦੀ ਆਪਣੀ ਜ਼ਿੰਮੇਵਾਰੀ ਤੋਂ ਸੁਚੇਤ ਰਹਿਣਾ ਚਾਹੀਦਾ ਹੈ।

ਰਾਮ ਸਰੂਪ ਦੇ ਦਾਗੀ ਕੀਤੇ ਨੀਤੀਵਾਨਾਂ ਲਈ ਕਮਿਸ਼ਨ

ਨਵੀਂ ਦਿੱਲੀ — ਸਰਕਾਰ ਨੇ ਸੁਪਰੀਮ ਕੋਰਟ ਦੇ ਇਕ ਸਿਟਿੰਗ ਜੱਜ ਦੀ ਅਗਵਾਈ ਵਿਚ ਕਮਿਸ਼ਨ ਮੁਕੰਮਲ ਮੁਕਰਰ ਕਰ ਦਿਤਾ ਹੈ ਜਿਹੜਾ ਉਹਨਾਂ ਸਾਬਕ ਮੰਤਰੀਆਂ, ਪਾਰਲੀਮੈਂਟ ਮੈਂਬਰ ਤੇ ਪੱਤਰਕਾਰਾਂ ਨੂੰ "ਰਜ਼ਾਮੰਦੀ" ਨਾਲ ਆਪਣੀ ਸਫਾਈ ਪੇਸ਼ ਕਰਨ ਦਾ ਮੌਕਾ ਦੇਵੇਗਾ, ਜਿਹਨਾਂ ਦੇ ਨਾਂਅ ਰਾਮਸਰੂਪ ਜਾਸੂਸ ਕੇਸ ਦੇ ਸਬੰਧ ਵਿਚ ਪੇਸ਼ ਕੀਤੀ ਗਈ ਚਾਰਜ ਸੀਟ ਵਿਚ ਦਰਜ ਹਨ। ਜਾਣਕਾਰ ਸੂਤਰਾਂ ਅਨੁਸਾਰ ਸਰਕਾਰ ਨੇ ਕਮਿਸ਼ਨ ਦੀ ਸਥਾਪਨਾ ਲਈ ਸੁਪਰੀਮ ਕੋਰਟ ਦੇ ਚੀਫ ਜਸਟਿਸ ਨਾਲ ਗਲਬਾਤ ਕੀਤੀ ਹੈ ਇਸ ਦੇ ਲਈ ਛੇਤੀ ਹੀ ਇਕ ਸੁਪਰੀਮ ਕੋਰਟ ਜੱਜ ਦੀਆਂ ਸੇਵਾਵਾਂ ਪ੍ਰਾਪਤ ਕਰ ਲਈਆਂ ਜਾਣਗੀਆਂ। ਸਾਬਕਾ ਮੰਤਰੀਆਂ ਚੰਦਰਾਕਰ ਤੇ ਸਿੰਘ ਦਿਓ ਤੇ ਡਾ: ਰਾਓ ਨੇ ਮੰਗ ਕੀਤੀ ਸੀ ਕਿ ਉਹਨਾਂ ਨੂੰ ਆਪਣੀ ਸਫਾਈ ਪੇਸ਼ ਕਰਨ ਦਾ ਮੌਕਾ ਦਿਤਾ ਜਾਵੇ।

ਪੰਜਾਬ ਦੂਸਰੇ ਕਮਿਸ਼ਨ ਦਾ ਵਿਰੋਧ ਨਹੀਂ ਕਰੇਗਾ

ਚੰਡੀਗੜ੍ਹ — ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਨੂੰ ਕਿਹਾ ਹੈ ਕਿ ਰਾਜੀਵ-ਲੌਂਗੋਵਾਲ ਸਮਝੌਤੇ ਦੇ ਅਧੀਨ ਚੰਡੀਗੜ੍ਹ ਪੰਜਾਬ ਨੂੰ ਤਬਦੀਲੀ ਕਰਨ ਦੇ ਲਈ ਛੇਤੀ ਕਾਰਵਾਈ ਕੀਤੀ ਜਾਵੇ। ਪ੍ਰਾਪਤ ਸੂਤਰਾਂ ਦੇ ਅਨੁਸਾਰ ਬਰਨਾਲਾ ਸਰਕਾਰ ਨੇ ਕੇਂਦਰ ਨੂੰ ਕਿਹਾ ਹੈ ਕਿ ਸਮਝੌਤੇ ਦੇ ਅਨੁਸਾਰ ਚੰਡੀਗੜ੍ਹ ਦੇ ਬਦਲੇ ਹਰਿਆਣਾ ਨੂੰ ਦਿਤੇ ਜਾਣ ਵਾਲੇ ਇਲਾਕਿਆਂ ਦੀ ਤਬਦੀਲੀ ਇਕੱਠਿਆਂ 26 ਜਨਵਰੀ ਨੂੰ ਹੋਣੀ ਸੀ, ਉਸਦੇ ਲਈ ਜੇ ਮੈਥਿਊ ਕਮਿਸ਼ਨ ਕੋਈ ਫੈਸਲਾ ਨਹੀਂ ਕਰ ਸਕਿਆ ਤਾਂ ਕੇਂਦਰ ਇਸ ਸਬੰਧ ਵਿਚ ਉਚਿਤ ਕਾਰਵਾਈ ਕਰੇ।

ਇਸ ਤਰ੍ਹਾਂ ਦੇ ਸੰਕੇਤ ਮਿਲੇ ਹਨ ਕਿ ਭਾਰਤ ਸਰਕਾਰ ਨੇ ਮੈਥਿਊ ਕਮਿਸ਼ਨ ਦੇ ਸੁਝਾਅ ਦੇ ਅਨੁਸਾਰ ਚੰਡੀਗੜ੍ਹ ਦੇ ਬਦਲੇ ਹਰਿਆਣਾ ਨੂੰ ਦਿਤੇ ਜਾਣ ਵਾਲੇ ਇਲਾਕਿਆਂ ਦਾ ਨਿਰਧਾਰਨ ਕਰਨ ਦੇ ਲਈ ਜੇ ਦੂਸਰਾ ਕਮਿਸ਼ਨ ਕਾਇਮ ਕੀਤਾ ਤਾਂ ਪੰਜਾਬ ਸਰਕਾਰ ਉਸਦਾ ਵਿਰੋਧ ਨਹੀਂ ਕਰੇਗੀ, ਇਸ ਸਬੰਧ ਵਿਚ ਮੁਖ ਮੰਤਰੀ ਨੇ ਕਾਨੂੰਨੀ ਸਲਾਹ ਲੈ ਲਈ ਲਗਦੀ ਹੈ। ਮੈਥਿਊ ਕਮਿਸ਼ਨ ਦੇ ਸਾਹਮਣੇ

ਪੰਜਾਬ ਦਾ ਪੱਖ ਪੇਸ਼ ਕਰਨ ਵਾਲੇ ਮੁਖ ਅਧਿਕਾਰੀ ਸ੍ਰੀ ਸੋਲੀ ਸੋਰਾਬਜੀ ਨੇ ਜੋ ਕਿਸੇ ਮਾਮਲੇ ਦੀ ਪੈਰਵੀ ਕਰਨ ਲਈ ਇਥੇ ਆਏ ਹੋਏ ਸਨ। ਕਿਹਾ ਕਿ ਮੈਥਿਊ ਕਮਿਸ਼ਨ ਜਿਥੇ ਆਪਣਾ ਕੰਮ ਛੱਡ ਗਿਆ ਹੈ, ਉਥੋਂ ਅਗੇ ਦੂਸਰੇ ਕਮਿਸ਼ਨ ਨੂੰ ਕੰਮ ਸ਼ੁਰੂ ਕਰਨ ਲਈ ਕਿਹਾ ਜਾਣਾ ਚਾਹੀਦਾ ਹੈ। ਉਹਨਾਂ ਨੇ ਕਿਹਾ ਕਿ ਮੈਥਿਊ ਕਮਿਸ਼ਨ ਇਹ ਫੈਸਲਾ ਦੇ ਚੁਕਾ ਹੈ ਕਿ ਅਬੋਹਰ-ਫਾਜ਼ਿਲਕਾ ਹਿੰਦੀ ਬੋਲਦੇ ਇਲਾਕੇ ਹਨ, ਪਰ ਉਹ ਨਾਲ ਲਗਦੇ ਹੋਣ ਤੇ ਭਾਸ਼ਾਈ ਸਮਾਨਤਾ ਦੇ ਸਿਧਾਂਤਾਂ ਨੂੰ ਧਿਆਨ ਵਿਚ ਰਖ ਕੇ ਹਰਿਆਣਾ ਨੂੰ ਨਹੀਂ ਦਿਤੇ ਜਾ ਸਕਦੇ।

ਉਹਨਾ ਨੇ ਕਿਹਾ ਕਿ ਕਮਿਸ਼ਨ ਦੇ ਸਾਹਮਣੇ ਪੰਜਾਬ ਸਰਕਾਰ ਨੇ ਇਹ ਪੱਖ ਕਦੇ ਵੀ ਨਹੀਂ ਰਖਿਆ ਕਿ ਉਸਦੇ ਪਾਸ ਦੋ ਸਿਧਾਂਤਾਂ ਦੇ ਦ੍ਰਿਸ਼ਟੀਗਤ ਹਰਿਆਣਾ ਨੂੰ ਦੇਣ ਦੇ ਲਈ ਹਿੰਦੀ ਬੋਲਦੇ ਇਲਾਕੇ ਨਹੀਂ ਹਨ, ਪੰਜਾਬ ਵਿਚ ਪਿਛਲੇ ਨਵੰਬਰ ਵਿਚ ਕਮਿਸ਼ਨ ਨੂੰ ਜ਼ਿਲਾ ਪਟਿਆਲਾ ਦੀ ਰਾਜਪੁਰਾ ਤਹਿਸੀਲ ਦੇ 13 ਪਿੰਡਾਂ ਦੀ ਸੂਚੀ ਦਿਤੀ ਸੀ ਜੋ ਸਮਝੌਤੇ ਦੀਆਂ ਸ਼ਰਤਾਂ ਨੂੰ ਪੂਰਾ ਕਰਦੇ ਹਨ ਤੇ ਇਸ ਖੇਤਰ ਦੇ ਹਰਿਆਣਾ ਨੂੰ ਚੰਡੀਗੜ੍ਹ ਦੇ ਬਦਲੇ ਕਿੰਨੇ ਪਿੰਡ ਦਿਤੇ ਜਾਣ, ਇਸਦਾ ਨਿਰਧਾਰਨ ਦੂਸਰਾ ਕਮਿਸ਼ਨ ਕਰ ਸਕਦਾ ਹੈ। ਉਹਨਾਂ ਨੇ ਕਿਹਾ ਕਿ ਹਰਿਆਣਾ ਦੇ ਮੁਖ ਮੰਤਰੀ ਸ੍ਰੀ ਭਜਨ ਲਾਲ ਦਾ ਇਹ ਕਥਨ ਬਚਗਾਨਾ ਹੈ ਕਿ ਉਨ੍ਹਾਂ ਨੂੰ ਚੰਡੀਗੜ੍ਹ ਦੇ ਬਦਲੇ ਸਿਰਫ ਅਬੋਹਰ-ਫਾਜ਼ਿਲਕਾ ਚਾਹੀਦੇ ਹਨ ਤੇ ਜ਼ਿਲਾ ਪਟਿਆਲਾ ਦੇ 500 ਪਿੰਡ ਵੀ ਦਿਤੇ ਜਾਣ ਤਾਂ ਉਹ ਉਸ ਨੂੰ ਸਵੀਕਾਰ ਨਹੀਂ ਹੋਣਗੇ। ਉਹਨਾਂ ਨੇ ਕਿਹਾ ਕਿ ਸਮਝੌਤੇ ਨੂੰ ਲਾਗੂ ਕਰਨਾ ਭਾਰਤ ਸਰਕਾਰ ਦਾ ਕੰਮ ਹੈ ਤੇ ਇਸ ਦਿਸ਼ਾ ਵਿਚ ਜ਼ਰੂਰੀ ਕਾਰਵਾਈ ਕਰਨਾ ਉਸਦੀ ਜ਼ਿੰਮੇਵਾਰੀ ਹੈ।

ਬਰਨਾਲਾ ਸਰਕਾਰ ਨਾਕਾਮ ਰਹੀ

ਅੰਮ੍ਰਿਤਸਰ — ਪੰਜਾਬ ਵਿਧਾਨ ਸਭ ਦੇ ਸਾਬਕਾ ਸਪੀਕਰ ਸ੍ਰੀ ਬ੍ਰਿਜ ਭੂਸ਼ਨ ਮਹਿਰਾ ਨੇ ਦੋਸ਼ ਲਾਇਆ ਹੈ ਕਿ ਬਰਨਾਲਾ ਸਰਕਾਰ ਅਤਿਵਾਦ ਦਾ ਮੁਕਾਬਲਾ ਕਰਨ ਵਿਚ ਅਸਫਲ ਰਹੀ ਹੈ ਅਤੇ ਰਾਜ ਵਿਚ ਅਕਾਲੀ ਸਰਕਾਰ ਬਨਣ ਦੇ ਬਾਅਦ ਅਤਿਵਾਦੀ ਸਰਗਰਮੀਆਂ ਵਿਚ ਵਾਧਾ ਹੋਇਆ ਹੈ। ਸ੍ਰੀ ਮਹਿਰਾ ਨੇ ਇਕ ਮੁਲਾਕਾਤ ਵਿਚ ਹ. ਸ. ਨੂੰ ਦੱਸਿਆ ਕਿ ਪੰਜਾਬ ਵਿਚ ਕਤਲੇਆਮ ਅਜੇ ਵੀ ਜਾਰੀ ਹੈ ਅਤੇ ਲੋਕਾਂ ਵਿਚ ਦਹਿਸ਼ਤ ਪਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਕੋਈ ਦਿਨ ਖਾਲੀ ਨਹੀਂ ਜਾਂਦਾ, ਜਿਸ ਦਿਨ ਕੋਈ ਕਤਲ ਨਾ ਹੁੰਦਾ ਹੋਵੇ। ਉਹਨਾਂ ਕਿਹਾ ਕਿ ਇਸ ਸਮੇਂ ਮੁਖ ਨਿਸ਼ਾਨਾ ਕਾਂਗਰਸੀਆਂ ਨੂੰ ਬਣਾਇਆ ਜਾ ਰਿਹਾ ਹੈ ਅਤੇ ਇਸ ਨੂੰ ਸਹਿਣ ਨਹੀਂ ਕੀਤਾ ਜਾਏਗਾ। ਉਹਨਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅਤਿਵਾਦ ਦਾ ਮੁਕਾਬਲਾ ਕਰਕੇ ਉਸ ਨੂੰ ਖਤਮ ਕਰਾਉਣ ਵਿਚ ਸਰਕਾਰ ਨੂੰ ਸਹਿਯੋਗ ਦੇਣ।

ਤੇਲ ਕੀਮਤਾਂ 'ਚ ਵਾਧੇ ਤੋਂ ਸਰਕਾਰ ਨੂੰ ਅੱਠ ਅਰਬ ਰੁਪੇ ਦੀ ਵਾਧੂ ਆਮਦਨ

ਨਵੀਂ ਦਿੱਲੀ — ਸਰਕਾਰੀ ਅਨੁਮਾਨ ਅਨੁਸਾਰ ਪੰਜ ਮੁਖ ਪੈਟਰੋਲੀਅਮ ਪਦਾਰਥਾਂ ਦੀਆਂ ਹੁਣੇ ਜਿਹੇ ਵਧਾਈਆਂ ਗਈਆਂ ਕੀਮਤਾਂ ਨਾਲ ਸਰਕਾਰ ਨੂੰ 800 ਕਰੋੜ ਰੁਪੇ ਸਾਲਾਨਾ ਦੀ ਵਾਧੂ ਆਮਦਨ ਹੋਵੇਗੀ। ਸ਼ਨੀਵਾਰ ਤੋਂ ਵਧਾਈਆਂ ਇਨ੍ਹਾਂ ਕੀਮਤਾਂ ਦਾ ਉਦੇਸ਼ ਵਾਧੂ ਵਸੀਲੇ ਪੈਦਾ ਕਰਨਾ ਅਤੇ ਕੁਝ ਪੈਟਰੋਲੀਅਮ ਪਦਾਰਥਾਂ ਦੀ ਤੇਜ਼ੀ ਨਾਲ ਵਧ ਰਹੀ ਖਪਤ ਤੇ ਕਾਬੂ ਪਾਉਣਾ ਹੈ। ਪੈਟਰੋਲੀਅਮ ਪਦਾਰਥਾਂ ਦੀਆਂ ਵਧੀਆਂ ਕੀਮਤਾਂ ਤੋਂ ਹੋਣ ਵਾਲੀ ਆਮਦਨ ਤੋਂ ਬਿਨਾਂ ਕੇਂਦਰ ਨੂੰ ਖੌਕ ਮੰਡੀ ਤੋਂ ਕੱਚੇ ਤੇਲ ਦੀ ਦਰਾਮਦ ਨਾਲ ਵੀ 1000 ਕਰੋੜ ਰੁਪਏ ਦੀ ਵਿਦੇਸ਼ੀ ਮੁਦਰਾ ਬਚਣ ਦੀ ਆਸ ਹੈ। ਭਾਰਤ ਇਸ ਸਾਲ 140 ਲੱਖ ਟਨ ਤੋਂ ਥੋੜ੍ਹਾ ਵੱਧ ਕੱਚਾ ਤੇਲ ਦਰਾਮਦ ਕਰੇਗਾ ਤਾਂ ਕਿ ਸੁਦੇਸ਼ੀ ਉਤਪਾਦਨ 300 ਲੱਖ ਟਨ ਤੋਂ ਵਧਾਇਆ ਜਾ ਸਕੇ। ਇਸ ਸਾਲ ਕੱਚੇ ਤੇਲ ਦਾ ਆਮ ਮੰਡੀ ਵਿਚ ਮੁੱਲ ਉਪੇਕ ਦੇਸ਼ਾਂ ਵਲੋਂ ਨਿਸਚਿਤ ਮੁੱਲ ਨਾਲੋਂ ਛੇ ਡਾਲਰ ਪ੍ਰਤੀ ਬੈਰਲ ਘੱਟ ਰਹਿਣ ਦੀ ਆਸ ਹੈ। ਇਸ ਤੋਂ ਪਹਿਲਾਂ ਭਾਰਤ ਨੂੰ ਅਨੁਮਾਨ ਸੀ ਕਿ ਪ੍ਰਤੀ ਬੈਰਲ ਪੰਜ ਅਮਰੀਕੀ ਡਾਲਰ ਮੁੱਲ ਡਿੱਗ ਜਾਣ ਨਾਲ ਇਸ ਨੂੰ ਪੰਜ ਸੌ ਕਰੋੜ ਰੁਪੇ ਦੀ ਵਿਦੇਸ਼ੀ ਮੁਦਰਾ ਬਚੇਗੀ ਕਿਉਂਕਿ ਹੁਣ ਖੁਲ੍ਹੀ ਮੰਡੀ ਵਿਚ ਇਹ ਦਰ ਛੇ ਰੁਪੇ ਪ੍ਰਤੀ ਬੈਰਲ ਡਿੱਗ ਪਈ ਹੈ। ਇਸ ਲਈ ਕੱਚੇ ਤੇਲ ਦੀ ਦਰਾਮਦ ਤੋਂ ਹਜ਼ਾਰ ਕਰੋੜ ਰੁਪੇ ਦੀ ਵਿਦੇਸ਼ੀ ਮੁਦਰਾ ਬਚਣ ਦੀ ਆਸ ਬੱਝ ਗਈ ਹੈ। ਪੈਟਰੋਲੀਅਮ ਮੰਤਰਾਲੇ ਨੂੰ ਪਿਛਲੇ 18 ਮਹੀਨਿਆਂ ਵਿਚ ਪੈਟਰੋਲੀਅਮ ਪਦਾਰਥਾਂ ਦੀ ਖਪਤ ਦਰ ਸੱਤ ਫੀਸਦੀ ਤੋਂ ਵੱਧ ਜਾਣ ਕਾਰਨ ਭਾਰੀ ਚਿੰਤਾ ਲੱਗੀ ਹੋਈ ਹੈ।

ਇੰਦਰਾ ਕਤਲ ਕਾਂਡ 'ਚ ਮੌਤ ਦੀ ਸਜ਼ਾ ਮਾਫ ਕਰਨ ਦੀ ਮੰਗ

ਸੰਯੁਕਤ ਅਕਾਲੀ ਦਲ ਵਲੋਂ ਇਥੇ ਰੋਸ ਦਿਵਸ ਮਨਾਇਆ ਗਿਆ ਤੇ ਮੰਗ ਕੀਤੀ ਗਈ ਕਿ ਇੰਦਰਾ ਕਤਲ ਕਾਂਡ ਦੇ ਕਥਿਤ ਦੋਸ਼ੀਆਂ ਸਤਵੰਤ ਸਿੰਘ ਬਲਬੀਰ ਸਿੰਘ ਅਤੇ ਕੇਹਰ ਸਿੰਘ ਦੀਆਂ ਸਜ਼ਾਵਾਂ ਰੱਦ ਕੀਤੀਆਂ ਜਾਣ। ਇਸ ਸਬੰਧੀ ਮੁਖ ਇਕੱਠ ਸੈਕਟਰ 19 ਦੇ ਗੁਰਦੁਆਰੇ ਵਿਚ ਹੋਇਆ ਜਿਥੇ ਇਕੱਠੀ ਹੋਈ ਸੰਗਤ ਅਤੇ ਬੁਲਾਰਿਆਂ ਨੇ ਭਾਰਤ ਸਰਕਾਰ ਅਗਵਾਕਾਰਾਂ ਦੇ ਮਾਮਲਿਆਂ ਵਿਚ ਪਾਕਿ ਸਰਕਾਰ ਦੀ ਨਿੰਦਾ ਕੀਤੀ ਗਈ।

ਪੰਜਾਬ ਦਾ ਮਸ਼ਹੂਰ ਢਾਡੀ ਜੱਥਾ ਕੈਨੇਡਾ ਵਿਚ

ਸੰਗਤਾਂ ਨੂੰ ਇਹ ਜਾਣ ਕੇ ਬੜੀ ਖੁਸ਼ੀ ਹੋਵੇਗੀ ਕਿ ਪੰਜਾਬ ਦਾ ਮਸ਼ਹੂਰ ਢਾਡੀ ਜਥਾ ਚਮਕੌਰ ਸਿੰਘ ਸੇਖੋਂ, ਬੂਟਾ ਸਿੰਘ ਬਿਲਾਸਪੁਰੀ ਅਤੇ ਮਲਕੀਤ ਸਿੰਘ ਰਾਮਗੜ੍ਹੀਆ ਗੁਰਦੁਆਰਾ ਡਿਕਸੀ ਰੋਡ ਟਰਾਂਟੋ ਦੇ ਸੱਦੇ ਪੱਤਰ ਉਤੇ ਕੈਨੇਡਾ ਪਹੁੰਚਿਆ ਹੋਇਆ ਹੈ ਜੋ ਕਿ ਅਜੇ ਕਲ੍ਹ ਵਿਨੀਪੈਗ ਦੀਆਂ ਸੰਗਤਾਂ ਨੂੰ ਗੁਰੂ ਇਤਿਹਾਸ ਤੇ ਢਾਡੀ ਵਾਰਾਂ ਨਾਲ ਨਿਹਾਲ ਕਰ ਰਿਹਾ ਹੈ। ਇਹ ਜਥੇ ਦੀਆਂ ਕੁਝ ਵਿਸ਼ੇਸ਼ਤਾਈਆਂ ਇਹ ਹਨ — ਜਿਥੇ ਬੂਟਾ ਸਿੰਘ ਬਿਲਾਸਪੁਰੀ ਸਾਰੰਗੀ ਵਜਾਉਣ ਦੇ ਧਨੀ ਹਨ, ਨਾਲ ਗਾਇਕੀ ਦੇ ਮਾਹਿਰ ਵੀ ਹਨ। ਚਮਕੌਰ ਸਿੰਘ ਸੇਖੋਂ ਜਿਨ੍ਹਾਂ ਦੀ ਆਵਾਜ਼ ਸੁਣ ਕੇ ਸਵਰਗੀ ਅਮਰ ਸਿੰਘ ਸ਼ੌਂਕੀ ਦਾ ਭੁਲੇਖਾ ਪੈਂਦਾ ਹੈ। ਜੋ ਕਿ ਖੁਦ ਆਪ ਕਵਿਤਾ ਲਿਖਦੇ ਹਨ ਅਤੇ ਕਲਮ ਦੇ ਧਨੀ ਹਨ। ਮਲਕੀਤ ਸਿੰਘ ਰਾਮਗੜ੍ਹੀਆ ਜਿਥੇ ਆਪ ਲੈਕਚਰ ਦੀਆਂ ਨਵੀਆਂ ਪਿਰਤਾਂ ਪਾਉਂਦੇ ਹਨ ਅਤੇ ਇਤਿਹਾਸ ਦੇ ਖੋਜੀ ਹਨ ਅਤੇ ਨਾਲ ਗਾਕੇ ਸੋਨੇ ਤੇ ਸੁਹਾਗੇ ਵਾਲੀ ਗੱਲ ਹੈ। ਸੋ ਮੈਂ ਇਸ ਜਥੇ ਦੀ ਯੋਗਤਾ ਵੇਖਕੇ ਆਪਦੀ ਸਾਰੀ ਕਵਿਤਾ ਸਟੇਜਾਂ ਤੇ ਗਾਉਣ, ਰੀਕਾਰਡ, ਕੈਸਟਾਂ, ਤੇ ਵੀਡੀਓ ਕੈਸਟਾਂ ਦੇ ਪੂਰੇ ਅਧਿਕਾਰ ਦਿੰਦਾ ਹਾਂ। ਸਮੂਹ ਸਿੱਖ ਸੰਗਤਾਂ ਨੂੰ ਬੇਨਤੀ ਕਰਦਾ ਹਾਂ ਕਿ ਇਸ ਢਾਡੀ ਜਥੇ ਦਾ ਵੱਧ ਤੋਂ ਵੱਧ ਲਾਭ ਉਠਾਓ।

ਸੰਗਤਾਂ ਦਾ ਦਾਸ
ਹਰਦਿਆਲ ਸਿੰਘ ਹੀਰਾ

ਪੀੜਤ ਪਰਿਵਾਰਾਂ ਨੂੰ ਕਰਜ਼ੇ ਵੰਡੇ ਜਾਣਗੇ

ਜਲੰਧਰ, .. (ਵਿਸ਼ੇਸ਼ ਪ੍ਰਤੀਨਿਧ) - ਜਲੰਧਰ ਜ਼ਿਲੇ 'ਚ ਸਵੈਰੁਜ਼ਗਾਰ ਸਕੀਮ ਦੇ ਤਹਿਤ ਬੈਂਕਾਂ ਵਲੋਂ ਦੰਗਿਆਂ ਦੌਰਾਨ ਹਿੰਸਾ ਦਾ ਸ਼ਿਕਾਰ ਹੋਏ ਕੋਈ 483 ਦੇ ਕਰੀਬ ਪਰਿਵਾਰਾਂ ਨੂੰ 1.20 ਕਰੋੜ ਰੁਪਏ ਦੇ ਕਰਜ਼ੇ ਵੰਡੇ ਜਾਣਗੇ।

ਸਰਕਾਰੀ ਸੂਤਰਾਂ ਅਨੁਸਾਰ ਪੰਜਾਬ ਵਿੱਤੀ ਕਾਰਪੋਰੇਸ਼ਨ ਵਲੋਂ ਇਸੇ ਸਕੀਮ ਦੇ ਤਹਿਤ ਅਜਿਹੇ ਹਰੇਕ ਵਿਅਕਤੀ ਨੂੰ 5-5 ਹਜ਼ਾਰ ਰੁਪਏ ਦੀ ਗਰਾਂਟ ਵੀ ਦਿੱਤੀ ਜਾਵੇਗੀ।

ਇਨ੍ਹਾਂ ਸੂਤਰਾਂ ਅਨੁਸਾਰ ਕਰਜ਼ਿਆਂ ਲਈ ਅਰਜ਼ੀਆਂ ਦੇਣ ਦੀ ਮਿਤੀ 30 ਜੂਨ ਤਕ ਵਧਾ ਦਿੱਤੀ ਗਈ ਹੈ।

ਅਕਾਲੀ ਵੱਖਵਾਦੀ ਅਤਿਵਾਦੀਆਂ ਵਿਰੁੱਧ ਡਾਵਾਂਡੋਲਤਾ ਛੱਡਣ — ਸਾ: ਸਤਵੰਤ ਸਿੰਘ

ਚੰਡੀਗੜ੍ਹ ਫੁਰਤ ਪੰਜਾਬ ਨੂੰ ਤਬਦੀਲੀ ਕਰਨ ਦੀ ਮੰਗ

ਜਲੰਧਰ — ਸਾਥੀ ਸਤਵੰਤ ਸਿੰਘ ਸਕੱਤਰ, ਪੰਜਾਬ ਰਾਜ ਕਮੇਟੀ ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੀ ਰਾਜ ਕਮੇਟੀ ਨੇ ਰਾਜ ਵਿਚ ਤੇਜੀ ਨਾਲ ਵਿਗੜ ਰਹੀ ਸਥਿਤੀ ਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਹੈ। ਸਾਥੀ ਭਗਤ ਰਾਮ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਕਿਹਾ ਗਿਆ ਹੈ ਕਿ ਸਾਮਰਾਜੀ ਸ਼ਹਿ ਪ੍ਰਾਪਤ ਅਤਿਵਾਦੀ ਤੇ ਵੱਖਵਾਦੀ ਸ਼ਕਤੀਆਂ ਦਾ ਹੱਥ ਉਪਰ ਹੋ ਰਿਹਾ ਹੈ ਅਤੇ ਜੋ ਫਿਰਕੂ ਤਣਾਅ ਵਧਾਣ ਦੇ ਨਿਸ਼ਾਨੇ ਨਾਲ ਕਤਲ ਦੀਆਂ ਵਾਰਦਾਤਾਂ ਕਰ ਰਹੇ ਹਨ।

ਕੇਂਦਰੀ ਸਰਕਾਰ ਦੀ ਰਾਜੀਵ-ਲੌਂਗੋਵਾਲ ਸਮਝੌਤੇ ਦੀ ਵਿਵਸਥਾ ਅਨੁਸਾਰ ਚੰਡੀਗੜ੍ਹ 26 ਜਨਵਰੀ ਨੂੰ ਪੰਜਾਬ ਨੂੰ ਤਬਦੀਲੀ ਕਰਨ ਵਿਚ ਅਸਫਲਤਾ, ਨੇ ਵੱਖਵਾਦੀ ਅਤਿਵਾਦੀ ਤਥਾਂ ਅਤੇ ਦੂਸਰੀਆਂ ਸਮਝੌਤਾ ਵਿਰੋਧੀ ਸ਼ਕਤੀਆਂ ਨੂੰ ਮਜ਼ਬੂਤ ਕੀਤਾ ਹੈ ਅਤੇ ਸਮਝੌਤੇ ਦੇ ਹਸਤਾਖਰੀਆਂ ਬਾਰੇ ਸ਼ੰਕੇ ਪੈਦਾ ਕਰ ਦਿਤੇ ਹਨ। ਮੀਟਿੰਗ ਨੇ ਅਕਾਲੀ ਲੀਡਰਸ਼ਿਪ ਵਲੋਂ ਪਿਛਲੇ ਸਮੇਂ ਤੋਂ ਕੋਈ ਸਬਕ ਨਾ ਸਿਖਣ ਅਤੇ ਸੀ ਪੀ ਆਈ (ਐਮ) ਅਤੇ ਦੂਸਰੀਆਂ ਜਮਹੂਰੀ ਸ਼ਕਤੀਆਂ ਦੀਆਂ ਚਿਤਾਵਨੀਆਂ ਕਿ ਵੱਖਵਾਦੀ ਅਤਿਵਾਦੀਆਂ ਵਲ ਲਿਹਾਜ਼ ਤੇ ਡਾਵਾਂਡੋਲਤਾ ਵਾਲਾ ਵਤੀਰਾ ਤਿਆਗ ਕੇ ਇਹਨਾਂ ਸ਼ਕਤੀਆਂ ਨੂੰ ਹਰਿਮੰਦਰ ਸਾਹਿਬ ਅਤੇ ਦੂਸਰੇ ਗੁਰਦੁਆਰਿਆਂ ਨੂੰ ਰਾਸ਼ਟਰ ਵਿਰੋਧੀ ਸਰਗਰਮੀਆਂ ਲਈ ਵਰਤਨ ਵਿਰੁਧ ਲਾਮਬੰਦੀ ਕਰਕੇ ਇਨਾਂ ਤਾਕਤਾਂ ਨੂੰ ਅਲਗ-ਥਲਗ ਕਰੇ, ਵਲ ਲੋੜੀਂਦਾ ਧਿਆਨ ਦਿਤਾ ਹੁੰਦਾ, ਤਾਂ ਵੱਖਵਾਦੀ ਅਤਿਵਾਦੀ ਹਰਿਮੰਦਰ ਸਾਹਿਬ ਤੇ ਕਬਜ਼ਾ ਨਾ ਕਰ ਸਕਦੇ ਅਤੇ ਆਪਣੇ ਆਪ ਨੂੰ ਇਕੋ ਇਕ ਧਾਰਮਿਕ ਅਥਾਰਟੀ ਨਾ ਐਲਾਨ ਕਰਦੇ ਅਤੇ ਨਾ ਹੀ ਇਹ ਬਰਨਾਲਾ ਸਰਕਾਰ ਨੂੰ ਚਣੌਤੀ ਪੇਸ਼ ਕਰ ਸਕਦੇ।

ਪਾਰਟੀ ਦੀ ਰਾਜ ਕਮੇਟੀ ਦੀ ਮੀਟਿੰਗ ਨੇ ਮੁੜ ਕੇਂਦਰ ਸਰਕਾਰ ਉਤੇ ਜ਼ੋਰ ਦਿਤਾ ਹੈ ਕਿ ਇਹ ਆਪਣੀ ਢਿੱਲਮਿੱਠ ਦੀ ਖਤਰਨਾਕ ਨੀਤੀ ਛੱਡੇ ਅਤੇ ਬਿਨਾਂ ਹੋਰ ਦੇਰੀ ਦੇ ਚੰਡੀਗੜ੍ਹ ਪੰਜਾਬ ਨੂੰ ਤਬਦੀਲੀ ਕਰੇ ਅਤੇ ਕੁਝ ਹਿੰਦੀ ਭਾਸ਼ੀ ਜੁੜਵੇਂ ਇਲਾਕੇ ਜਿਵੇਂ ਕਿ ਬਰਨਾਲਾ ਸਰਕਾਰ ਨੇ ਤਜਵੀਜ਼ ਦਿਤੀ ਹੈ, ਇਸ ਬਦਲੇ ਹਰਿਆਣੇ ਨੂੰ ਤਬਦੀਲ ਕਰੇ, ਸਮਝੌਤੇ ਦੀਆਂ ਦੂਸਰੀਆਂ ਸ਼ਰਤਾਂ ਵੀ ਸਮਝੌਤੇ ਵਿਚ ਨਿਰਧਾਰਤ ਸਮੇਂ ਅਨੁਸਾਰ ਲਾਗੂ ਕਰੇ, ਅਤੇ ਨਾਲ ਹੀ ਹਰਿਆਣੇ ਦੇ ਮੁਖ ਮੰਤਰੀ ਸ੍ਰੀ ਭਜਨ ਲਾਲ ਨੂੰ ਨੱਥ ਪਾਵੇ ਜਿਹੜਾ ਕਿ ਸ਼ਾਵਨਵਾਦੀ ਬਿਆਨਬਾਜ਼ੀ ਕਰਕੇ ਮਾਹੌਲ ਖਰਾਬ ਕਰ ਰਿਹਾ ਹੈ।

ਰਾਜ ਕਮੇਟੀ ਨੇ ਬਰਨਾਲਾ ਸਰਕਾਰ ਨੂੰ ਵੀ ਜ਼ੋਰ ਦੇ ਕੇ ਕਿਹਾ ਹੈ ਕਿ ਉਹ ਸਮਝੌਤੇ ਅਨੁਸਾਰ ਸਤਲੁਜ ਜਮਨਾ ਲਿੰਕ ਨਹਿਰ ਨੂੰ ਮੁਕੰਮਲ ਕਰਨਾ ਯਕੀਨੀ ਬਣਾਏ। ਇਸ ਨੇ ਅਕਾਲੀ ਲੀਡਰਸ਼ਿਪ ਉਤੇ ਵੀ ਜ਼ੋਰ ਦਿਤਾ ਕਿ ਉਹ ਵਖਵਾਦੀਆਂ ਵਿਰੁਧ ਡਾਵਾਂਡੋਲਤਾ ਛਡੇ ਅਤੇ ਲੋਕਾਂ ਦੀ ਹਮਾਇਤ ਅਤੇ ਰਾਜ ਵਿਚਲੀਆਂ ਜਮਹੂਰੀ ਤੇ ਧਰਮ ਨਿਰਪੱਖ ਸ਼ਕਤੀਆਂ ਦੇ ਸਹਿਯੋਗ ਨਾਲ ਨਿਖੇੜੇ ਅਤੇ ਇਹਨਾਂ ਨੂੰ ਪਿਛਾੜੇ, ਇਹ ਲੋਕਾਂ ਨੂੰ ਭਰੋਸੇ ਵਿਚ ਲੈਂਦੇ ਹੋਏ ਇਸ ਗੱਲ ਨੂੰ ਯਕੀਨੀ ਬਣਾਏ ਕਿ ਗੁਰਦੁਆਰੇ ਵਖਵਾਦੀਆਂ ਵਲੋਂ ਰਾਸ਼ਟਰ ਵਿਰੋਧੀ ਸਰਗਰਮੀਆਂ ਲਈ ਨਾ ਵਰਤੇ ਜਾਣ, ਅਤੇ ਨਾਲ ਹੀ ਇਹ ਇਸ ਤੱਥ ਨੂੰ ਵੀ ਨੋਟ ਕਰੇ ਕਿ ਪੰਥਕ ਏਕਤਾ ਦੇ ਨਾਂਅ ਤੇ ਵਖਵਾਦੀਆਂ ਨਾਲ ਕੋਈ ਵੀ ਸਮਝੌਤਾ ਇਹਨਾਂ ਸ਼ਕਤੀਆਂ ਦੇ ਹੱਥਾਂ ਵਿਚ ਖੇਡਣ ਦੇ ਹੀ ਤੁਲ ਹੋਵੇਗਾ ਜਿਹੜੀਆਂ ਕਿ ਸਿੱਖਾਂ ਦਾ ਬੇਹਿਸਾਬ ਨੁਕਸਾਨ ਕਰ ਰਹੀਆਂ ਹਨ। ਰਾਜ ਕਮੇਟੀ ਨੇ ਪ੍ਰਾਂਤ ਦੇ ਸਮੂਹ ਜਮਹੂਰੀ, ਧਰਮ-ਨਿਰਪੱਖ ਅਤੇ ਦੇਸ਼ ਭਗਤਕ ਲੋਕਾਂ ਅਤੇ ਸ਼ਕਤੀਆਂ ਨੂੰ ਜ਼ੋਰਦਾਰ ਅਪੀਲ ਕੀਤੀ ਹੈ ਕਿ ਉਹ ਸਥਿਤੀ ਨੂੰ ਸੰਭਾਲਣ ਲਈ, ਸਮਝੌਤੇ ਨੂੰ ਲਾਗੂ ਕਰਾਉਣਾ ਯਕੀਨੀ ਬਣਾਉਣ ਲਈ ਅਤੇ ਵੱਖਵਾਦੀਆਂ ਅਤਿਵਾਦੀਆਂ ਦੀਆਂ ਚਾਲਾਂ ਨੂੰ ਜਿਹੜੇ ਕਿ ਭਾਰਤ ਨੂੰ ਅਸਥਿਰ ਕਰਨ ਲਈ ਭਾਰਤ ਦੇ ਬਦੇਸ਼ ਦੁਸ਼ਮਣਾਂ ਦੇ ਏਜੰਟਾਂ ਵਲੋਂ ਵਿਚਰ ਰਹੇ ਹਨ, ਫੇਲ੍ਹ ਕਰਨ ਲਈ ਅੱਗੇ ਆਉਣ।

ਰਾਜ ਕਮੇਟੀ ਨੇ ਆਪਣੀਆਂ ਇਕਾਈਆਂ ਨੂੰ ਸੱਦਾ ਦਿੱਤਾ ਹੈ ਕਿ ਉਹ ਸਮਝੌਤੇ ਨੂੰ ਲਾਗੂ ਕਰਾਉਣ ਅਤੇ ਵੱਖਵਾਦੀਆਂ ਅਤਿਵਾਦੀਆਂ ਨੂੰ ਨਿਖੇੜਣ ਤੇ ਪਿਛਾੜਨ ਵਾਸਤੇ ਲੋਕ ਰਾਏ ਲਾਮਬੰਦ ਕਰਨ ਵਾਸਤੇ ਕੋਈ ਕਸਰ ਬਾਕੀ ਨਾ ਛੱਡਣ।

ਰਾਮ ਸਵਰੂਪ ਸੀ. ਆਈ. ਏ. ਨੂੰ ਗੁਪਤ ਭੇਦ ਦਿੰਦਾ ਸੀ

ਨਵੀਂ ਦਿੱਲੀ — ਰਾਮ ਸਵਰੂਪ ਜੋ ਜਸੂਸੀ ਜਾਲ ਦਾ ਮੁਖ ਸਰਗਰਨਾ ਸੀ ਤੇ ਜਿਸ ਨੂੰ ਦਿੱਲੀ ਪੁਲਸ ਦੀ ਵਿਸ਼ੇਸ਼ ਬਰਾਂਚ ਦੇ ਜਸੂਸੀ ਵਿੰਗ ਨੇ ਫੜਿਆ ਸੀ, ਉਹ ਸੀ. ਆਈ. ਏ. ਵਲੋਂ 15 ਸਾਲਾਂ ਤੋਂ ਪੈਰੋਲ ਉਤੇ ਸੀ। ਇਹ ਗੱਲ ਉਚ ਸੂਤਰਾਂ ਦੇ ਹਵਾਲੇ ਤੋਂ ਪਤਾ ਲਗਾ ਹੈ। ਵਿਸ਼ੇਸ਼ ਬਰਾਂਚ ਦੁਆਰਾ ਇੱਕਠੀਆਂ ਕੀਤੀਆਂ ਗਈਆਂ ਸੂਚਨਾਵਾਂ ਦੇ ਅਨੁਸਾਰ ਰਾਮ ਸਵਰੂਪ ਹਰ ਮਹੀਨੇ ਇਕ ਲੱਖ ਰੁਪਏ ਅਤੇ ਵੀਹ ਹਜ਼ਾਰ ਰੁਪਏ ਵਾਧੂ ਆਪਣੇ ਵਾਸਤੇ ਆਪਣੇ ਅਮਰੀਕਾ ਨਾਲ ਸਬੰਧਾਂ ਰਾਹੀਂ ਪ੍ਰਾਪਤ ਕਰਦਾ ਸੀ।

ਸੂਤਰਾਂ ਦਾ ਕਹਿਣਾ ਹੈ ਕਿ ਜਿਹੜਾ ਦੋਸ਼ ਪੱਤਰ ਪੇਸ਼ ਕੀਤਾ ਗਿਆ ਹੈ ਉਸ ਸੂਚੀ ਵਿਚ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਪ੍ਰੋਫੈਸਰ ਜੈ ਸ਼ੇਖਰ ਦਾ ਨਾਂਅ ਵੀ ਸ਼ਾਮਲ ਹੈ ਜਿਹੜਾ ਨਿਰਲੇਪ ਦੇਸ਼ਾਂ ਦੀਆਂ ਸਮਸਿਆਵਾਂ ਉਤੇ ਖੋਜ ਜਨਰਲ ਨਾਂਅ ਦਾ ਇਕ ਰਸਾਲਾ ਪ੍ਰਕਾਸ਼ਤ ਕਰਦਾ ਹੈ ਜਿਸ ਨੂੰ ਰਾਮ ਸਵਰੂਪ ਰਾਹੀਂ ਸੀ. ਆਈ. ਏ. ਕਥਿਤ ਵਿੱਤੀ ਸਹਾਇਤਾ ਦਿੰਦੀ ਸੀ। ਇਹ ਜਨਰਲ ਇਕ ਅਖੌਤੀ ਆਈਰਿਸ ਪਰੈਸ ਦੇ ਨਾਂਅ ਤੋਂ ਛਪਦਾ ਸੀ ਅਤੇ ਇਸ ਦੀ ਸਾਰੀ ਕਮਾਈ ਜੇ. ਐਨ. ਯੂ. ਦੇ ਉਸ ਪ੍ਰੋਫੈਸਰ ਨੂੰ ਜਾਂਦੀ ਸੀ। ਇਨਵੈਸਟੀਗੇਟਿੰਗ ਏਜੰਸੀਆਂ ਵਲੋਂ ਦਾਇਰ ਕੀਤੇ ਗਏ ਪੇਪਰਾਂ ਵਿਚ ਪ੍ਰੋਫੈਸਰ ਜੈ ਸ਼ੇਖਰ ਦੇ ਅਮਰੀਕਾ ਦੇ ਤਾਜ਼ਾ ਦੌਰਿਆਂ ਦਾ ਵੀ ਹਵਾਲਾ ਦਿਤਾ ਗਿਆ ਹੈ ਜਿਹੜਾ ਸਿਰਫ ਅਜੇ ਇਕ ਮਹੀਨਾ ਪਹਿਲਾਂ ਹੀ ਖਤਮ ਹੋਇਆ ਹੈ ਅਤੇ ਇਸ ਦੌਰੇ ਦੌਰਾਨ ਉਹਨਾਂ ਨੇ ਵਿਆਪਕ ਪੱਧਰ ਉਤੇ ਸੋਵੀਅਤ ਮਾਮਲਿਆਂ ਬਾਰੇ ਅਮਰੀਕੀ ਮਾਹਰਾਂ ਨਾਲ ਵਿਚਾਰ ਵਟਾਂਦਰੇ ਵੀ ਕੀਤੇ।

ਦੋਸ਼ ਪੱਤਰ ਵਿਚ ਇਹ ਵੀ ਕਿਹਾ ਗਿਆ ਹੈ ਕਿ ਸੁਰਖਿਆ ਸਬੰਧੀ ਗੁਪਤ ਭੇਦਾਂ ਨੂੰ ਨਸ਼ਰ ਕਰਨਾ, ਮੁਖ ਤੌਰ ਉਤੇ ਪ੍ਰਮਾਣੂ ਤਕਨਾਲੋਜੀ ਦੇ ਵਿਕਾਸ ਨਾਲ ਸਬੰਧਤ ਭੇਦਾਂ ਨੂੰ। ਉਹਨਾਂ ਕਾਗਜ਼ਾਂ ਵਿਚ ਉਹ ਪੱਤਰ ਵੀ ਸ਼ਾਮਲ ਹੈ ਜਿਹੜਾ ਪੱਛਮੀ ਜਰਮਨੀ ਪਾਲ ਰੂਥ ਦੇ ਨਾਂਅ ਉਤੇ ਇਕ ਵਿੰਗ ਕਮਾਂਡਰ ਐਮ ਕੇ ਚੋਪੜਾ (ਜੋ ਹੁਣ ਮਰ ਚੁੱਕਾ) ਨੂੰ ਲਿਖਿਆ ਗਿਆ ਜਿਸ ਵਿਚ ਪੁੱਛਿਆ ਗਿਆ ਸੀ ਕਿ ਕੀ ਸਮੁੰਦਰੀ ਜੰਗੀ ਜਹਾਜ਼ ਵਿਦੇਸ਼ੀ ਮਦਦ ਨਾਲ ਬਣਾਇਆ ਜਾ ਰਿਹਾ ਹੈ। ਉਸ ਦੋਸ਼ ਪੱਤਰ ਵਿਚ ਤਿੰਨ ਉਚ ਅਫਸਰਾਂ ਦਾ ਵੀ ਹਵਾਲਾ ਹੈ ਜਿਹੜੇ ਹੁਣ ਰੀਟਾਇਰ ਹੋ ਚੁਕੇ ਹਨ ਅਤੇ ਉਹਨਾਂ ਦੇ ਤਾਇਵਾਨ ਦੇ ਦੌਰੇ ਦੀ ਸਰਪਰਸਤੀ ਅਤੇ ਪ੍ਰਬੰਧ ਇਸ ਜਸੂਸੀ ਜਾਲ ਮੁੱਖ ਸਰਗਣੇ ਦੁਆਰਾ ਹੀ ਕੀਤਾ ਗਿਆ ਸੀ। ਇਹਨਾਂ ਅਫਸਰਾਂ ਵਿਚ ਜਨਰਲ ਐਮ ਐਮ ਖੰਨਾ, ਕਰਨਲ ਐਮ ਐਲ ਸੂਰੀ, ਅਤੇ ਬਰਗੇਡੀਅਰ ਆਰ ਆਈ ਐਨ ਲੂਥਰਾ ਸ਼ਾਮਿਲ ਹਨ ਜਿਹਨਾਂ ਨੂੰ ਰਾਮ ਸਵਰੂਪ ਦੇ ਤਾਇਵਾਨ ਸਥਿਤ ਸਬੰਧਾਂ ਵਲੋਂ ਬਹੁਤ ਵਾਰੀ ਆਪਣੇ ਹੱਕ ਲਈ ਪਹੁੰਚ ਕੀਤੀ ਜਾਂਦੀ ਸੀ। [illegible] ਇਸ ਸੂਚੀ ਵਿਚ ਸ਼ਾਮਲ ਹਨ ਜਿਹਨਾਂ ਨੇ ਤਾਇਵਾਨ ਦਾ ਦੌਰਾ, ਤਾਇਵਾਨ ਆਧਾਰਤ ਕਿੱਤਾਕਾਰੀ ਸਹਾਇਤਾ ਕਮਿਸ਼ਨ ਵਾਸਤੇ ਰੀਟਾਇਰਡ ਸਰਵਿਸਮੈਨ ਦੇ ਪਰਦੇ ਥੱਲੇ ਕੀਤਾ ਅਤੇ ਇਹਨਾਂ ਦੌਰਿਆਂ ਦਾ ਪ੍ਰਬੰਧ ਵੀ ਇਸ ਸੰਸਥਾ ਵਲੋਂ ਕੀਤਾ ਗਿਆ।

ਟਕਸਾਲ ਤੇ ਸਿੱਖ ਫੈਡਰੇਸ਼ਨ ਦੀਆਂ ਸਰਗਰਮੀਆਂ ਦੀ ਬਲਵੰਤ ਸਿੰਘ ਵਲੋਂ ਨਿੰਦਾ

ਚੰਡੀਗੜ੍ਹ — ਪੰਜਾਬ ਦੇ ਖਜ਼ਾਨਾ ਮੰਤਰੀ ਸ੍ਰੀ ਬਲਵੰਤ ਸਿੰਘ ਨੇ ਸ਼ਰੋਮਣੀ ਗੁ: ਪ੍ਰ: ਕਮੇਟੀ ਵਲੋਂ ਅਕਾਲ ਤਖਤ ਦੇ ਜਥੇਦਾਰ ਕਿਰਪਾਲ ਸਿੰਘ ਨੂੰ ਕੀਤੀ ਗਈ "ਸਰਬਤ ਖਾਲਸਾ" ਬੁਲਾਉਣ ਦੀ ਬੇਨਤੀ ਦਾ ਸਵਾਗਤ ਕੀਤਾ ਹੈ। ਏਥੇ ਅਖਬਾਰੀ ਨੁਮਾਇੰਦਿਆਂ ਨਾਲ ਗਲਬਾਤ ਕਰਦਿਆਂ ਖਜ਼ਾਨਾ ਮੰਤਰੀ ਨੇ ਦਮਦਮੀ ਟਕਸਾਲ ਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੀਆਂ ਸਰਗਰਮੀਆਂ ਨੂੰ ਸਿੱਖ ਧਰਮ ਦੇ ਅਸੂਲਾਂ ਦੇ ਵਿਰੁੱਧ ਕਰਾਰ ਦਿਤਾ। ਸ੍ਰੀ ਬਲਵੰਤ ਸਿੰਘ ਨੇ ਕਿਹਾ ਕਿ ਏਥੋਂ ਤੱਕ ਕਿ ਸਿੱਖ ਫੈਡਰੇਸ਼ਨ ਦੇ ਜਿਸ ਗਰੁੱਪ ਨੇ ਉਹਨਾਂ ਨਾਲ ਗਲਬਾਤ ਕੀਤੀ ਉਹ ਵੀ ਫੈਡਰੇਸ਼ਨ ਦੇ ਆਗੂਆਂ ਦੀਆਂ ਵਧੀਕੀਆਂ ਤੋਂ ਪਰੇਸ਼ਾਨ ਸਨ।

ਉਹਨਾਂ ਕਿਹਾ ਕਿ ਦਮਦਮੀ ਟਕਸਾਲ ਵਲੋਂ ਸ਼ੁਰੂ ਕੀਤੀ ਗਈ ਕਾਰਸੇਵਾ ਨੂੰ ਸਿੱਖ ਜਨਤਾ ਵਿਚੋਂ ਬਹੁਤਾ ਹੁੰਗਾਰਾ ਨਹੀਂ ਮਿਲਿਆ। ਪੰਜਾਬ ਤੋਂ ਬਾਹਰ ਰਹਿੰਦੇ ਸਿੱਖ ਤਾਂ ਉਕਾ ਹੀ ਕਾਰ ਸੇਵਾ ਵਿਚ ਸ਼ਾਮਲ ਨਹੀਂ ਹੋ ਰਹੇ। ਉਹਨਾਂ ਕਿਹਾ ਕਿ ਨਾ ਤਾਂ ਪੰਜਾਬ ਵਿਚ ਤੇ ਨਾ ਹੀ ਕਿਸੇ ਹੋਰ ਥਾਂ ਗੁਰਦੁਆਰਿਆਂ ਵਿਚ ਕਾਰਸੇਵਾ ਲਈ ਦੀਵਾਨ ਹੋਏ ਹਨ। ਉਹਨਾਂ ਕਿਹਾ ਕਿ ਟਕਸਾਲ ਤੇ ਫੈਡਰੇਸ਼ਨ ਦੀਆਂ ਸਰਗਰਮੀਆਂ ਕਾਰਨ ਦਰਬਾਰ ਸਾਹਿਬ ਵਿਚ ਆਉਣ ਵਾਲੇ ਸ਼ਰਧਾਲੂਆਂ ਦੀ ਗਿਣਤੀ ਘਟਕੇ ਦਸ ਫੀਸਦੀ ਰਹਿ ਗਈ ਹੈ।

ਲੁਧਿਆਣੇ ਸ਼ਹਿਰ ਦੇ ਕੁਝ ਹਿੱਸਿਆਂ ਵਿਚ ਕਰਫੀਊ

ਗੋਲੀ ਨਾਲ ਦਰਜਨਾਂ ਜ਼ਖਮੀ

ਲੁਧਿਆਣਾ — ਪਿਛਲੇ ਦਿਨ ਅਤਿਵਾਦੀਆਂ ਵਲੋਂ ਕੀਤੇ ਗਏ ਇਕ ਕਤਲ ਕਾਰਨ ਲੁਧਿਆਣੇ ਸ਼ਹਿਰ ਦੇ ਕੁਝ ਹਿੱਸਿਆਂ ਵਿਚ ਕਰਫੀਊ ਲਾਏ ਜਾਣ ਦੀ ਖਬਰ ਮਿਲੀ ਹੈ। ਖਬਰ ਅਨੁਸਾਰ ਇਕ ਫਿਰਕੇ ਦੇ ਲੋਕ ਜਦ ਲਾਸ਼ ਨੂੰ ਲੈ ਕੇ ਜਾ ਰਹੇ ਸਨ ਤਾਂ ਇੱਟਾ ਪੱਥਰ ਚਲਣੇ ਸ਼ੁਰੂ ਹੋ ਗਏ ਅਤੇ ਹਾਲਾਤ ਗੰਭੀਰ ਹੋ ਗਏ। ਪੁਲਸ ਦੇ ਗੋਲੀ ਚਲਾਉਣ ਕਾਰਨ ਕਈ ਦਰਜਨ ਵਿਅਕਤੀ ਜ਼ਖਮੀ ਹੋ ਗਏ ਦੱਸੇ ਗਏ ਹਨ।

ਦੋਸਤੀ ਦੀ ਵੀ ਅਨੋਖੀ ਹੀ ਅਦਾ ਸੀ।
ਕਹਿਰ ਸੀ ਬੋਲਾਂ 'ਚ, ਬੁੱਲ੍ਹਾਂ ਤੇ ਦੁਆ ਸੀ।
ਛੱਤ ਉੱਪਰ ਕਬਰ, ਵਿਹੜੇ ਵਿਚ ਸਿਵਾ ਸੀ।
ਬਹੁਤ ਹੀ ਸਿੱਧਾ, ਮਿਰੇ ਘਰ ਦਾ ਪਤਾ ਸੀ।

THE CANADA DARPAN
(Punjabi Weekly Newspaper)
P.O. Box 67344 Stn. 'O', Vancouver, B.C. V5W 3T1
Chief Editor: (Hon.) DARSHAN GILL
Advertising:
Circulation: SATINDER SIDHU
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿੱਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿੱਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

ਬਰਨਾਲਾ ਸਰਕਾਰ ਦੀਆਂ ਸਮੱਸਿਆਵਾਂ

ਤਾਜ਼ੀਆਂ ਖਬਰਾਂ ਅਨੁਸਾਰ ਜਥੇਦਾਰ ਕਿਰਪਾਲ ਸਿੰਘ ਹੋਰਾਂ ਨੇ ਅੰਮ੍ਰਿਤਸਰ ਦੀ ਥਾਂ ਸਿੱਖ ਸੰਮੇਲਨ ਅਨੰਦਪੁਰ ਸਾਹਿਬ ਤਬਦੀਲ ਕਰ ਦਿਤਾ ਹੈ। ਜਾਪਦਾ ਹੈ ਕਿ ਸ਼ਰੋਮਣੀ ਅਕਾਲੀ ਦਲ, ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅਕਾਲੀ ਸਰਕਾਰ ਅਤੇ ਸਿੰਘ ਸਾਹਿਬਾਨ ਇਸ ਕੋਸ਼ਿਸ਼ ਵਿਚ ਹਨ ਕਿ ਕਿਸੇ ਤਰ੍ਹਾਂ ਸਿੱਖਾਂ ਦੀ ਆਪਸੀ ਟੱਕਰ ਨੂੰ ਟਾਲ ਸਕੇ। ਅਨੰਦਪੁਰ ਸਾਹਿਬ ਸੰਮੇਲਨ ਤਬਦੀਲ ਕਰਨ ਵਿਚ ਸਿੰਘ ਸਾਹਿਬਾਨ ਅਤੇ ਅਕਾਲੀ ਸਰਕਾਰ ਨੇ ਦੂਰ-ਦ੍ਰਿਸ਼ਟੀ ਤੋਂ ਕੰਮ ਲਿਆ ਜਾਪਦਾ ਹੈ ਕਿਉਂਕਿ ਸਿੱਧੀ ਟੱਕਰ ਸਿੱਖਾਂ ਦੀ ਸਮੁਚੀ ਕਮਿਊਨਿਟੀ ਲਈ ਘਾਤਕ ਸਿੱਧ ਹੋ ਸਕਦੀ ਹੈ। ਦੂਜੇ ਪਾਸੇ ਅਕਾਲੀ ਸਰਕਾਰ ਦੀ ਹਾਲਤ ਇਸ ਸਮੇਂ ਕਾਫੀ ਗੰਭੀਰ ਹੈ। ਇਕ ਪਾਸੇ ਉਸਨੂੰ ਕੇਂਦਰ ਸਰਕਾਰ ਨਾਲ ਪੰਜਾਬ ਸਮਝੌਤੇ ਉਤੇ ਦੋ ਚਾਰ ਹੋਣਾ ਪੈ ਰਿਹਾ ਹੈ - ਦੂਜੇ ਪਾਸੇ ਦਮਦਮੀ ਟਕਸਾਲ ਤੇ ਫੈਡਰੇਸ਼ਨ ਦੇ ਨਾਲ ਨਾਲ ਨਾਲ ਜਥੇਦਾਰ ਟੌਹੜਾ ਅਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੀ ਬਰਨਾਲਾ ਸਰਕਾਰ ਲਈ ਸਮੱਸਿਆਵਾਂ ਹੀ ਖੜ੍ਹੀਆਂ ਕਰ ਰਹੇ ਹਨ। ਪੰਜਾਬ ਵਜ਼ਾਰਤ ਵਿਚ ਪੰਜ ਮਹੀਨੇ ਤੋਂ ਵਾਧਾ ਨਾ ਹੋਣ ਦੇਣਾ ਪ੍ਰਕਾਸ਼ ਸਿੰਘ ਬਾਦਲ ਦੀ ਖੋਟੀ ਨੀਅਤ ਦਾ ਸਿੱਟਾ ਹੀ ਹੈ। ਪੰਜ ਮੰਤਰੀਆਂ ਨਾਲ ਵਜ਼ਾਰਤ ਦਾ ਕੰਮ ਚਲਾਉਣਾ ਸ: ਬਰਨਾਲਾ ਲਈ ਨਿਰੀ ਸਿਰਦਰਦੀ ਤੋਂ ਬਿਨਾਂ ਹੋਰ ਕੁਝ ਨਹੀਂ ਵੀ ਨਹੀਂ ਸਮਝਿਆ ਜਾ ਸਕਦਾ। ਵਜ਼ਾਰਤ ਦੇ ਅੰਦਰ ਵੀ ਅਮਰਿੰਦਰ ਸਿੰਘ ਅਤੇ ਸੁਖਜਿੰਦਰ ਸਿੰਘ ਵਰਗੇ ਮੰਤਰੀ ਹਨ ਜਿਨ੍ਹਾਂ ਬਾਰੇ ਪੰਜਾਬ ਦੇ ਲੋਕਾਂ ਵਿਚ ਕਾਫੀ ਮਤਭੇਦ ਹਨ। ਸੁਖਜਿੰਦਰ ਸਿੰਘ ਦੇ ਖਿਆਲਾਂ ਦੀ ਰਾਤੋ ਰਾਤ ਤਬਦੀਲੀ ਬਾਰੇ ਕਾਫੀ ਸ਼ੰਕੇ ਹਨ। ਅਮਰਿੰਦਰ ਸਿੰਘ ਅਤੇ ਟੌਹੜਾ ਦੀ ਆਪਸੀ ਖਟਪਟੀ ਵੀ ਪੰਜਾਬ ਦੇ ਲੋਕਾਂ ਨੂੰ ਪਤਾ ਹੈ।

ਦਹਿਸ਼ਤਪਸੰਦੀ ਦੀਆਂ ਕਾਰਵਾਈਆਂ ਦਿਨੋਂ ਦਿਨ ਵਧ ਰਹੀਆਂ ਹਨ। ਇਨ੍ਹਾਂ ਦੀ ਜੱਦ ਵਿਚ ਭਾਜਪਾ, ਕਾਂਗਰਸੀ, ਅਕਾਲੀ, ਕਮਿਊਨਿਸਟ ਸਭ ਹੀ ਆ ਜਾਂਦੇ ਹਨ। ਜਦ ਇਸ ਤਰ੍ਹਾਂ ਦੇ ਹਾਲਾਤ ਹੋਣ ਤਾਂ ਅਕਾਲੀਆਂ ਦੀ ਆਪਣੀ ਇਕਮੁੱਠਤਾ ਬਹੁਤ ਜ਼ਰੂਰੀ ਹੈ। ਦੂਜੇ ਪਾਸੇ ਦਮਦਮੀ ਟਕਸਾਲ ਅਤੇ ਫੈਡਰੇਸ਼ਨ ਵਾਲੇ ਵੀ ਇਕ ਤਰ੍ਹਾਂ ਨਾਲ ਕੇਂਦਰ ਸਰਕਾਰ ਦੇ ਹੱਥ ਹੀ ਮਜ਼ਬੂਤ ਕਰਦੇ ਨਜ਼ਰ ਆਉਂਦੇ ਹਨ ਜਦ ਉਹ ਅਕਾਲੀਆਂ ਨੂੰ ਸਿੱਖ ਮੰਨਣ ਲਈ ਹੀ ਤਿਆਰ ਨਹੀਂ।

ਦੋਹਾਂ ਪੁੜਾਂ — ਕੇਂਦਰ ਅਤੇ ਗਰਮਦਲੀਆਂ ਵਿਚਕਾਰ ਇਸ ਸਮੇਂ ਅਕਾਲੀ ਪਿਸ ਰਹੇ ਹਨ। ਜੇ ਉਹ ਅੰਮ੍ਰਿਤਸਰ ਵਿਚ ਗਰਮਦਲੀਆਂ ਨਾਲ ਟੱਕਰ ਲੈਂਦੇ ਹਨ ਤਾਂ ਸਿੱਖ ਸੰਗਤਾਂ ਵਿਚ ਉਨ੍ਹਾਂ ਦੇ ਰਸੂਖ ਨੂੰ ਖਤਰਾ ਪੈਦਾ ਹੁੰਦਾ ਹੈ - ਜੇ ਉਹ ਟੱਕਰ ਟਾਲਦੇ ਹਨ ਤਾਂ ਕੇਂਦਰ ਸਰਕਾਰ ਅੱਖਾਂ ਦਿਖਾਉਂਦੀ ਹੈ।

ਇਸ ਸਮੱਸਿਆ ਵਿਚੋਂ ਅਕਾਲੀ ਕਿਸ ਤਰ੍ਹਾਂ ਨਿਕਲਦੇ ਹਨ - ਇਹ ਸਮਾਂ ਹੀ ਦੱਸ ਸਕੇਗਾ। ਪਰ ਜੇ ਅੱਜ ਅਕਾਲੀ ਵਜ਼ਾਰਤ ਟੁੱਟਦੀ ਹੈ ਤਾਂ ਪੰਜਾਬ ਦਾ ਰੱਬ ਹੀ ਰਾਖਾ ਹੈ।

ਗ਼ਦਰੀਆਂ ਦੀ ਯਾਦਗਾਰ ਸਾਨਫਰਾਂਸਿਸਕੋ ਵਿਚ ਆਮ ਲੋਕਾਂ ਦੇ ਦੇਖਣ ਲਈ ਖੁਲ੍ਹੀ

ਜਨਵਰੀ ਤੋਂ ਗ਼ਦਰੀਆਂ ਦੀ ਯਾਦਗਾਰ ਸਾਨਫਰਾਂਸਿਸਕੋ ਵਿਚ ਆਮ ਲੋਕਾਂ ਦੇ ਦੇਖਣ ਲਈ ਖੋਲ੍ਹ ਦਿਤੀ ਗਈ ਹੈ। ਹਰ ਮਹੀਨੇ ਦੇ ਪਹਿਲੇ ਐਤਵਾਰ ਜ਼ਰੂਰ ਖੋਲ੍ਹੀ ਜਾਂਦੀ ਹੈ। ਆਮ ਲੋਕਾਂ ਦੀ ਸੂਚਨਾ ਲਈ ਦੱਸਿਆ ਜਾਂਦਾ ਹੈ ਕਿ ਬਾਕੀ ਦੇ ਸਪਤਾਹ ਅੰਤਾਂ ਉਤੇ ਜੇ ਤੁਸੀਂ ਕੈਨੇਡਾ ਜਾਂ ਅਮਰੀਕਾ ਦੇ ਕਿਸੇ ਹੋਰ ਹਿਸੇ ਵਿਚੋਂ ਆਓ ਤੇ ਯਾਦਗਾਰ ਦੇਖਣੀ ਚਾਹੁੰਦੇ ਹੋ ਤਾਂ ਲੋਕਲ ਕੌਂਸਲੇਟ ਦਫਤਰ ਵਿਚ ਫੋਨ ਕਰਕੇ ਦੱਸ ਦਿਓ - ਤਾ ਕਿ ਉਨ੍ਹਾਂ ਦਾ ਨੁਮਾਇੰਦਾ ਤੁਹਾਨੂੰ ਯਾਦਗਾਰ ਦਿਖਾ ਸਕੇ।

ਅਸੀਂ 'ਕੈਨੇਡਾ ਦਰਪਣ' ਵਿਚ ਪਿਛਲੇ ਮਹੀਨੇ ਇਹ ਸੂਚਨਾ ਦਿਤੀ ਸੀ। ਪੰਜਾਬ ਪੀਪਲਜ਼ ਕਲਚਰਲ ਐਸੋ: ਦੇ ਬੁਲਾਰੇ ਨੇ ਦੱਸਿਆ ਕਿ ਹਰ ਹਫਤੇ 40-50 ਵਿਅਕਤੀ ਜ਼ਰੂਰ ਯਾਦਗਾਰ ਦੇਖਣ ਆਉਂਦੇ ਹਨ।

ਭੰਡਾਰੀ ਵਲੋਂ ਲੰਕਾ ਦਾ ਦੌਰਾ ਮੁਲਤਵੀ

ਮਦਰਾਸ — ਭਾਰਤ ਦੇ ਬਦੇਸ਼ ਸਕੱਤਰ ਸ੍ਰੀ ਰਮੇਸ਼ ਭੰਡਾਰੀ ਨੇ ਕਿਹਾ ਕਿ ਉਨ੍ਹਾਂ ਵਲੋਂ ਸ੍ਰੀਲੰਕਾ ਦੀ ਯਾਤਰਾ ਜਿਹੜੀ ਹੋਣੀ ਸੀ, ਹਾਲਾਤ ਨੂੰ ਦੇਖਦੇ ਹੋਏ ਅਗੇ ਪਾਈ ਗਈ ਹੈ। ਨਵੀਂ ਦਿੱਲੀ ਤੋਂ ਇਥੇ ਪੁੱਜਣ ਤੇ ਹਵਾਈ ਅੱਡੇ ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਈਲਮ ਨੈਸ਼ਨਲ ਲਿਬਰੇਸ਼ਨ ਫਰੰਟ ਅਤੇ ਤਾਮਲ ਯੂਨਾਈਟਿਡ ਲਿਬਰੇਸ਼ਨ ਫਰੰਟ ਦੇ ਲੀਡਰਾਂ ਅਤੇ ਤਾਮਲਨਾਡੂ ਬਿਜਲੀ ਮੰਤਰੀ ਸ੍ਰੀ ਐਸ ਰਾਮਾਚੰਦਰਨ ਨਾਲ ਵਿਚਾਰ ਵਟਾਂਦਰਾ ਕਰਨਗੇ। ਉਹ ਦਿੱਲੀ ਪਰਤਣ ਤੋਂ ਪਹਿਲਾਂ ਗਵਰਨਰ ਸ੍ਰੀ ਐਸ ਐਲ ਖੁਰਾਣਾ ਨਾਲ ਭੇਂਟ ਕਰਨਗੇ। ਸ੍ਰੀ ਭੰਡਾਰੀ ਨੇ ਹੋਰ ਕਿਹਾ ਕਿ ਉਹ ਸ੍ਰੀਲੰਕਾ ਸਰਕਾਰ ਵਲੋਂ ਰੱਖੀਆਂ ਗਈਆਂ ਕੁਝ ਤਜਵੀਜ਼ਾਂ ਤਾਮਲ ਨੇਤਾਵਾਂ ਅਗੇ ਪੇਸ਼ ਕਰਨਗੇ।

ਗਰਮ ਦਲੀਆਂ ਦਾ ਅਕਾਲ ਤਖਤ ਉਤੇ ਕਬਜ਼ਾ

—ਰਮਿੰਦਰ ਸਿੰਘ—

ਇਕ ਵਾਰੀ ਫਿਰ ਤਲਵਾਰਾਂ ਮਿਆਨੋਂ ਬਾਹਰ ਆ ਗਈਆਂ ਹਨ ਅਤੇ ਅੰਮ੍ਰਿਤਸਰ ਦਾ ਹਰਿਮੰਦਰ ਕੰਪਲੈਕਸ ਗਰਮ ਨਾਅਰਿਆਂ ਵਿਚ ਘਿਰ ਗਿਆ ਹੈ। ਇਕ ਵਾਰੀ ਫਿਰ ਗਰਮਦਲੀਆਂ ਨੇ ਸਿੱਖ ਧਾਰਮਿਕ ਅਸਥਾਨਾਂ ਉਪਰ ਆਪਣਾ ਕਬਜ਼ਾ ਸਥਾਪਤ ਕਰ ਲਿਆ ਹੈ ਅਤੇ ਸ਼ਰੋਮਣੀ ਗੁ: ਪ੍ਰੰ: ਕਮੇਟੀ ਦੀ ਕਮਜ਼ੋਰ ਲੀਡਰਸ਼ਿਪ ਗੋਡੇ ਟੇਕ ਗਈ ਹੈ। ਮੁੜ ਪੰਜਾਬ ਦੀ ਅਕਾਲੀ ਸਰਕਾਰ ਸੰਕਟ ਵਿਚ ਘਿਰ ਗਈ ਹੈ। ਇਕ ਵਾਰ ਫਿਰ ਪੰਜਾਬ ਵਿਚ ਭੂਚਾਲ ਦੇ ਝਟਕੇ ਆਉਣ ਦੀਆਂ ਸੰਭਾਵਨਾਵਾਂ ਵਧ ਗਈਆਂ ਹਨ ਜੋ ਪਿਛਲੇ ਸਮੇਂ ਨੂੰ ਦੁਹਰਾਉਣ ਵੱਲ ਵਧ ਰਹੀਆਂ ਹਨ। ਬੀਤੇ ਨੂੰ ਦੁਹਰਾਉਣ ਲਈ ਮੁੜ ਦਮਦਮੀ ਟਕਸਾਲ ਅਤੇ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਕਾਰਕੁੰਨ ਤਤਪਰ ਹੋ ਗਏ ਹਨ ਜਦਕਿ ਬੀਤੇ ਨੂੰ ਪੰਜਾਬ ਦੇ ਲੋਕ ਭੁਲਣ ਵੱਲ ਤੁਰ ਰਹੇ ਹਨ।

ਅਪਰੇਸ਼ਨ ਨੀਲਾ ਤਾਰਾ ਪਿਛੋਂ ਪਹਿਲੀ ਵਾਰ ਫਿਰ ਤੇਜ਼-ਤਰਾਰ ਹਾਲਾਤ ਪੈਦਾ ਕੀਤੇ ਜਾ ਰਹੇ ਹਨ ਜਿਸ ਦਾ ਸਿੱਟਾ ਹਿੰਸਾਤਮਕ ਲਹੂ ਲੁਹਾਣ ਤੋਂ ਬਿਨਾਂ ਹੋਰ ਕੁਝ ਨਹੀਂ ਹੋ ਸਕਦਾ। 'ਖਾਲਿਸਤਾਨ' ਦਾ ਕੇਸਰੀ ਝੰਡਾ ਪੰਜਾਬ ਸਰਕਾਰ ਅਤੇ ਕੇਂਦਰ ਦਾ ਫਿਰ ਮੂੰਹ ਚਿੜ੍ਹਾ ਰਿਹਾ ਹੈ। ਜਿਸ ਦਿਨ ਗਰਮ ਤੱਤਾਂ ਨੇ ਅਕਾਲ ਤਖਤ ਉਤੇ ਕਬਜ਼ਾ ਕੀਤਾ ਫਿਰ ਭਾਰਤ ਦਾ ਤਿਰੰਗਾ ਸਾੜਿਆ ਗਿਆ ਅਤੇ ਇਕ ਨਵੀਂ 'ਨਫਰਤ ਭਰੀ ਲਿਸਟ' ਦਾ ਐਲਾਨ ਕੀਤਾ ਗਿਆ ਅਤੇ ਨਾਅਰੇ ਫਿਰ ਪੁਰਾਣੇ ਦਿਨਾਂ ਦੀ ਯਾਦ ਦਿਵਾਉਣ ਲੱਗੇ।

ਸਿੱਖ ਧਰਮ ਇਸ ਵੇਲੇ ਚੁਰਾਹੇ ਤੇ ਖੜ੍ਹਾ ਨਜ਼ਰ ਆ ਰਿਹਾ ਹੈ। ਸ਼੍ਰੋਮਣੀ ਗੁ: ਪ੍ਰੰ: ਕਮੇਟੀ ਜਿਸ ਨੂੰ 61 ਸਾਲ ਪਹਿਲਾਂ ਕਾਨੂੰਨੀ ਹੋਂਦ ਵਿਚ ਲਿਆਂਦਾ ਗਿਆ ਤਾਕਿ ਗੁਰਦੁਆਰਿਆਂ ਦਾ ਪ੍ਰਬੰਧ ਸੰਭਾਲਿਆ ਜਾ ਸਕੇ, ਉਸ ਨੂੰ ਹੀ 'ਭੰਗ' ਕਰ ਦਿਤਾ ਗਿਆ ਅਤੇ ਉਸਦੇ ਮੈਂਬਰਾਂ ਨੂੰ ਅਨੰਦਪੁਰ ਸਾਹਿਬ ਆਪਣੀ ਮੀਟਿੰਗ ਬੁਲਾਉਣੀ ਪਈ। ਅਕਾਲ ਤਖਤ ਦਾ ਜਥੇਦਾਰ ਅਤੇ ਹਰਿਮੰਦਰ ਸਾਹਿਬ ਦੇ ਹੈਡ ਗਰੰਥੀ ਪਾਠ ਕਰਨ ਲਈ ਵੀ ਕੰਪਲੈਕਸ ਵਿਚ ਜਾਣ ਤੋਂ ਰੋਕ ਦਿਤੇ ਗਏ। ਜੋ ਲੋਕ ਹਿੰਸਾਤਮਕ ਘਟਨਾਵਾਂ ਲਈ ਲਿਸਟਾਂ ਉਤੇ ਹਨ, ਉਨ੍ਹਾਂ ਨੂੰ ਅਹੁਦਿਆਂ ਉਤੇ ਮੁਕੱਰਰ ਕੀਤਾ ਗਿਆ।

ਇਹ ਸਾਰਾ ਝਗੜਾ 'ਕਾਰ-ਸੇਵਾ' ਕਰਨ ਤੋਂ ਅਰੰਭ ਹੋਇਆ। ਮੂਲਵਾਦੀ ਵਿਚਾਰਾਂ ਵਾਲੀ ਦਮਦਮੀ ਟਕਸਾਲ ਨੇ ਕਿਹਾ ਕਿ ਉਹ ਸ੍ਰੀ ਅਕਾਲ ਤਖਤ ਦੀ ਕਾਰ-ਸੇਵਾ ਕਰਨਗੇ ਜਿਥੇ 19 ਮਹੀਨੇ ਪਹਿਲਾਂ ਸੰਤ ਭਿੰਡਰਾਂਵਾਲਾ ਅਤੇ ਉਨ੍ਹਾਂ ਦੇ ਸਾਥੀ ਲੜੇ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਵਿਚ ਰੋਕ ਪਾਉਣੀ ਚਾਹੀ ਪਰ ਨਾਲ ਹੀ ਦਮਦਮੀ ਟਕਸਾਲ ਨਾਲ ਰਲਕੇ ਕਾਰ-ਸੇਵਾ ਕਰਨ ਲਈ ਸਮਝੌਤਾ ਵੀ ਕਰ ਲਿਆ। ਇਕ ਵਾਰ ਟਕਸਾਲ ਤੇ ਫੈਡਰੇਸ਼ਨ ਦੇ ਮੈਂਬਰ ਕੰਪਲੈਕਸ ਵਿਚ ਵੜ ਗਏ ਤਾਂ ਉਨ੍ਹਾਂ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅੱਖਾਂ ਦਿਖਾਉਣੀਆਂ ਸ਼ੁਰੂ ਕਰ ਦਿਤੀਆਂ। ਉਨ੍ਹਾਂ ਕੇਵਲ 26 ਜਨਵਰੀ ਨੂੰ ਇਕੱਲਿਆਂ ਹੀ ਕਾਰਸੇਵਾ ਹੀ ਆਰੰਭ ਨਾ ਕੀਤੀ ਸਗੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੀ 'ਤੋੜ' ਦਿਤੀ। ਅਕਾਲ ਤਖਤ ਦੇ ਜਥੇਦਾਰ ਅਤੇ ਹਰਿਮੰਦਰ ਸਾਹਿਬ ਦੇ ਹੈਡ ਗਰੰਥੀ ਨੂੰ ਵੀ 'ਡਿਸਮਿਸ' ਕਰ ਦਿਤਾ।

ਜਦੋਂ ਖਤਰੇ ਦੀਆਂ ਘੰਟੀਆਂ ਦੀ ਆਵਾਜ਼ ਚੰਡੀਗੜ੍ਹ ਪੁੱਜੀ ਤਾਂ ਅਕਾਲੀ ਦਲ ਨੇ ਚੰਡੀਗੜ੍ਹ ਵਿਚ ਆਪਣੀ ਮੀਟਿੰਗ ਸੱਦੀ ਅਤੇ ਸ਼ਰੋਮਣੀ ਕਮੇਟੀ ਨੂੰ ਕਿਹਾ ਕਿ ਉਹ ਸਿੱਖਾਂ ਦੀ ਏਕਤਾ ਲਈ ਕਦਮ ਚੁੱਕੇ ਅਤੇ ਇਹ ਧੱਕੋਜ਼ੋਰੀ ਦੀ ਖੇਡ ਦਾ ਖਾਤਮਾ ਕਰੇ। ਝੜਪਾਂਹਟ ਨੂੰ ਰੋਕਣ ਲਈ ਅੰਮ੍ਰਿਤਸਰ ਕੰਪਲੈਕਸ ਦੁਆਲੇ ਸੁਰੱਖਿਆ ਦਸਤਿਆਂ ਨੂੰ ਚੇਤੰਨ ਕਰ ਦਿਤਾ ਗਿਆ। ਇਸ ਦੌਰਾਨ ਸ੍ਰੀ ਅਕਾਲ ਤਖਤ ਦੀ ਕਾਰ-ਸੇਵਾ ਚਾਲੂ ਰਹੀ ਪਰ ਸ਼ਰੋਮਣੀ ਕਮੇਟੀ ਦਾ ਇਕ ਸੇਵਾਦਾਰ ਵੀ ਨਜ਼ਰ ਨਹੀਂ ਆ ਰਿਹਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਰਕੁੰਨਾਂ ਚੁੱਪ ਧਾਰੀ ਰੱਖੀ ਪਰ ਚੰਡੀਗੜ੍ਹ ਦੀ ਮੀਟਿੰਗ ਵਿਚ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਨੂੰ ਅਕਾਲੀ ਦਲ ਦੇ ਲੀਡਰਾਂ ਤਕੜਾ ਝਾੜਿਆ ਜਿਸਦੇ ਸਿੱਟੇ ਵਜੋਂ 28 ਜਨਵਰੀ ਨੂੰ ਸ੍ਰੀ ਆਨੰਦਪੁਰ ਸਾਹਿਬ ਵਿਚ ਪ੍ਰਧਾਨ ਨੂੰ ਤਕੜਾ ਸਟੈਂਡ ਲੈਣਾ ਪਿਆ। ਜਿਥੇ ਇਹ ਵੀ ਫੈਸਲਾ ਕੀਤਾ ਗਿਆ ਕਿ ਸਿੱਖ ਸੰਗਤਾਂ ਨੂੰ ਇਸ ਸਾਰੇ ਹਾਲਾਤ ਦੀ ਜਾਣਕਾਰੀ ਦਿਤੀ ਜਾਵੇ ਅਤੇ 16 ਫਰਵਰੀ ਨੂੰ ਸਰਬੱਤ ਖਾਲਸਾ ਸੰਮੇਲਨ ਬੁਲਾਇਆ ਜਾਵੇ ਤਾਕਿ ਗਰਮਦਲੀਆਂ ਵਲੋਂ ਕੀਤੇ 'ਫੈਸਲੇ' ਰੱਦ ਕੀਤੇ ਜਾਣ। ਇਸ ਸੰਮੇਲਨ ਬੁਲਾਉਣ ਲਈ ਸਮਾਂ ਵੀ ਦੋ ਹਫਤੇ ਤੋਂ ਵੱਧ ਦਿਤਾ ਗਿਆ। ਜਿਸ ਨਾਲ ਇਸ ਦੀ ਸੰਭਾਵਨਾ ਵੀ ਰੱਦ ਨਹੀਂ ਹੁੰਦੀ ਕਿ ਪੰਦਰਾਂ ਦਿਨਾਂ ਵਿਚ ਗਰਮਦਲੀਏ ਆਪਣੇ ਆਪ ਨੂੰ ਹਥਿਆਰਾਂ ਨਾਲ ਲੈਸ ਕਰ ਲੈਣ। ਇਸ ਸਮੇਂ ਅਜੇ ਕੇਵਲ ਨੰਗੀਆਂ ਤਲਵਾਰਾਂ ਹੀ ਨਜ਼ਰ ਆਉਂਦੀਆਂ ਹਨ ਪਰ ਹਥਿਆਰਾਂ ਦੀ ਸੰਭਾਵਨਾ ਅਕਾਲੀ ਹਲਕੇ ਰੱਦ ਨਹੀਂ ਕਰਦੇ।

ਅਕਾਲੀ ਸਰਕਾਰ ਵੀ ਇਸ ਸਾਰੇ ਸਮੇਂ ਦੌਰਾਨ ਦੁਚਿੱਤੀ ਵਿਚ ਹੀ ਰਹੀ ਹੈ ਮੁਖ ਮੰਤਰੀ ਸਰਦਾਰ ਬਰਨਾਲਾ ਇਸ ਗੱਲ ਲਈ ਜ਼ੋਰ ਲਗਾ ਰਹੇ ਸਨ ਕਿ ਕਿਸੇ ਤਰ੍ਹਾਂ ਹਿੰਸਾਤਮਕ ਘਟਨਾਵਾਂ ਰੋਕੀਆਂ ਜਾ ਸਕਣ ਅਤੇ ਸਿੱਧੀ ਟੱਕਰ ਨਾ ਹੋਵੇ। ਸਿੱਧੀ ਟੱਕਰ ਵਿਚ ਪੁਲਸ ਅੰਦਰ ਭੇਜਣ ਨਾਲ ਅਕਾਲੀ ਸਰਕਾਰ ਆਪਣੀ ਬਦਨਾਮੀ ਤੋਂ ਡਰਦੀ ਹੈ। ਇਹ ਵੀ ਹੋ ਸਕਦਾ ਹੈ ਕਿ ਲੋਕਾਂ ਦੀ ਹਮਦਰਦੀ ਦੂਜੀ ਧਿਰ ਨਾਲ ਹੋ ਜਾਵੇ।

ਇਸੇ ਦੌਰਾਨ ਟਕਸਾਲ ਅਤੇ ਫੈਡਰੇਸ਼ਨ ਵਾਲੇ ਟੇਪਾਂ, ਕੈਸਟਾਂ ਅਤੇ ਤਸਵੀਰਾਂ ਵੇਚ ਵੇਚ ਕੇ ਮਾਇਆ ਇਕੱਤਰ ਕਰ ਰਹੇ ਹਨ। ਅੱਗੇ ਇਹ ਲੁਕ ਛਿਪ ਕੇ ਵੇਚੀਆਂ ਜਾਂਦੀਆਂ ਸਨ ਪਰ ਹੁਣ ਕੰਪਲੈਕਸ ਅੰਦਰ ਉਨ੍ਹਾਂ ਦਾ ਕਬਜ਼ਾ ਹੋਣ ਨਾਲ ਉਹ ਸ਼ਰੇਆਮ ਵੇਚ ਰਹੇ ਹਨ।

ਗਰਮਦਲੀਆਂ ਵਿਚ ਨਵੇਂ ਨਾਂ ਮਸ਼ਹੂਰ ਹੋ ਰਹੇ ਹਨ। ਨੀਲਾ ਤਾਰਾ ਦੇ ਸ਼ਹੀਦਾਂ ਦੇ ਨਾਲ ਬੇਅੰਤ ਸਿੰਘ ਅਤੇ ਸਤਵੰਤ ਸਿੰਘ ਹੀਰੋ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਪਿਛਲੇ ਦੋ ਹਫਤੇ ਤੋਂ ਬੇਅੰਤ ਸਿੰਘ ਦੀ ਵਿਧਵਾ ਸ੍ਰੀਮਤੀ ਬਿਮਲ ਖਾਲਸਾ ਵੀ ਆਗੂ ਵਜੋਂ ਉਭਰ ਰਹੀ ਹੈ। ਉਸ ਨੇ ਗੁਰੂ ਨਾਨਕ ਨਿਵਾਸ ਦੇ 24



ਨੰਬਰ ਕਮਰੇ ਵਿਚ ਆਪਣਾ ਟਿਕਾਣਾ ਬਣਾਇਆ ਹੋਇਆ ਹੈ। ਇਸ ਕਮਰੇ ਦੀ ਉਪਰਲੀ ਛੱਤ ਉਤੇ ਸ਼ਰੋਮਣੀ ਗੁ: ਪ੍ਰੰ: ਕਮੇਟੀ ਦੇ ਸਕੱਤਰ ਦਾ ਕਮਰਾ ਹੈ। ਜਦੋਂ ਵੀ ਬਿਮਲ ਖਾਲਸਾ ਆਪਣੇ ਕਮਰੇ ਤੋਂ ਪ੍ਰਕਰਮਾ ਵੱਲ ਆਉਂਦੀ ਹੈ ਤਾਂ ਦਰਜਨ ਦੇ ਕਰੀਬ ਪੀਲੀਆਂ ਪੱਗਾਂ ਅਤੇ ਨੰਗੀਆਂ ਤਲਵਾਰਾਂ ਉਸਦਾ ਪਿੱਛਾ ਕਰਦੀਆਂ ਹਨ। ਇਸ ਤਰ੍ਹਾਂ ਹਥਿਆਰਾਂ ਦੀ ਛਾਂ ਮਿਲਣ ਕਾਰਨ ਉਹ ਵੀ ਆਪਣੇ ਆਪ ਨੂੰ ਆਗੂ ਸਮਝ ਰਹੀ ਹੈ। ਪਹਿਲਾਂ ਵਾਲੇ ਸੰਗਾਊ ਵਤੀਰੇ ਉਪਰ ਉਸਨੇ ਹੁਣ ਕਾਬੂ ਪਾ ਲਿਆ ਜਾਪਦਾ ਹੈ।

ਇਸ ਸਮੇਂ ਟਕਸਾਲ ਤੇ ਫੈਡਰੇਸ਼ਨ ਦਾ ਕੰਪਲੈਕਸ ਉਪਰ ਮੁਕੰਮਲ ਰਾਜ ਹੈ। ਟਕਸਾਲ ਦੇ ਨੁਮਾਇੰਦੇ ਬੜੀ ਸ਼ਾਨ ਨਾਲ ਜਥੇਦਾਰ ਸਥਾਪਤ ਕੀਤੇ ਗਏ ਹਨ। ਟੌਹੜਾ ਆਪ ਤਾਂ ਖਿਸਕ ਗਿਆ ਪਰ ਵਿਚਾਰਾ ਗਿਆਨ ਸਿੰਘ ਰਿਪੋਰਟਰਾਂ ਸਾਹਮਣੇ ਆਉਣ ਤੋਂ ਵੀ ਹਿਚਕਚਾਉਂਦਾ ਹੈ। ਉਸਦਾ ਕਹਿਣਾ ਹੈ ਕਿ 'ਅਸੀਂ ਕਿਸੇ ਵਾਦ-ਵਿਵਾਦ ਵਿਚ ਨਹੀਂ ਪੈਣਾ ਚਾਹੁੰਦੇ।' ਉਸ ਅਨੁਸਾਰ ਜਿਥੇ ਅਸੀਂ ਥੋੜ੍ਹੀ ਜਿਹੀ ਸ਼ਕਤੀ ਨਾਲ ਹੀ ਪ੍ਰਬੰਧ ਸੰਭਾਲੀ ਰੱਖ ਸਕਦੇ ਸਾਂ ਉਥੇ ਹੁਣ ਕਿਤੇ ਵੱਧ ਸ਼ਕਤੀ ਦੀ ਵਰਤੋਂ ਕਰਨੀ ਪਵੇਗੀ।

ਪੰਜਾਬ ਦੇ ਸਿਆਸੀ ਦਰਸ਼ਕਾਂ ਦਾ ਵਿਚਾਰ ਹੈ ਕਿ ਟੌਹੜੇ ਨੇ ਕੋਈ ਨਵੀਂ ਗੱਲ ਨਹੀਂ ਕੀਤੀ। ਸ਼ੁਰੂ ਤੋਂ ਹੀ ਇਹ ਵਿਅਕਤੀ ਦੂਹਰੀ ਖੇਡ ਖੇਡਣ ਦਾ ਮਾਹਿਰ ਰਿਹਾ ਹੈ। ਪਹਿਲਾਂ ਭਿੰਡਰਾਂਵਾਲੇ ਨੂੰ ਵੀ ਇਸਨੇ ਅਕਾਲ ਤਖਤ ਪੁਚਾਇਆ ਅਤੇ ਫਿਰ ਉਥੋਂ ਬਾਹਰ ਕੱਢਣ ਲਈ ਉਪਰਾਲੇ ਕਰਨ ਲੱਗਾ। ਇਹ ਕੁਝ ਹੀ ਉਸਨੇ ਹੁਣ ਕੀਤਾ। ਪਹਿਲਾਂ ਦਮਦਮੀ ਟਕਸਾਲ ਨਾਲ ਸਮਝੌਤਾ ਕਰ ਲਿਆ। ਜਦ ਉਨ੍ਹਾਂ ਹੁਣ ਕਬਜ਼ਾ ਹੀ ਕਰ ਲਿਆ ਤਾਂ ਹੁਣ ਹੱਥ ਪੈਰ ਮਾਰਨੇ ਸ਼ੁਰੂ ਕਰ ਦਿੱਤੇ। ਟੌਹੜੇ ਨੂੰ ਪਹਿਲਾਂ ਵੀ ਇਹ ਪਤਾ ਸੀ ਕਿ ਹੋਰ ਕਿਸੇ ਵੀ ਸਿੱਖ ਸੰਪਰਦਾ ਨੂੰ ਉਹ ਹੱਕ ਹਾਸਲ ਨਹੀਂ ਜੋ ਸ਼ਰੋਮਣੀ ਗੁ: ਪ੍ਰੰ: ਕਮੇਟੀ ਨੂੰ ਹੈ। ਇਸ ਲਈ ਦਮਦਮੀ ਟਕਸਾਲ ਨਾਲ ਸਮਝੌਤਾ ਕਰਨ ਹੀ ਗਲਤ ਗੱਲ ਸੀ।

ਇਸ ਗੱਲ ਤੋਂ ਪਹਿਲਾਂ ਵੀ ਟੌਹੜੇ ਨੂੰ ਪਤਾ ਸੀ ਕਿ ਹਾਲਤ ਵਿਗੜਨ ਵੱਲ ਜਾ ਰਹੀ ਹੈ। ਪਰ ਉਹ ਚੁੱਪਚਾਪ ਰਿਹਾ। ਟਕਸਾਲ ਨੇ 14 ਜਨਵਰੀ ਨੂੰ ਸ਼੍ਰੋਮਣੀ ਕਮੇਟੀ ਦੇ ਅਸੂਲਾਂ ਦੀ ਉਲੰਘਣਾ ਕਰਕੇ ਕਾਰ ਸੇਵਾ ਦਫਤਰ ਜਾ ਖੋਲ੍ਹਿਆ। 16 ਜਨਵਰੀ ਨੂੰ ਉਨ੍ਹਾਂ ਅਖੰਡਪਾਠਾਂ ਦੀ ਲੜੀ ਆਰੰਭ ਕਰ ਦਿਤੀ। ਜਦ ਸ਼ਰੋਮਣੀ ਕਮੇਟੀ ਵਾਲੇ ਚੁਪ ਹੀ ਰਹੇ ਤਾਂ ਟਕਸਾਲ ਤੇ ਫੈਡਰੇਸ਼ਨ ਦੇ ਹੌਂਸਲੇ ਹੋਰ ਵਧ ਗਏ। 20 ਜਨਵਰੀ ਨੂੰ ਹੀ ਹਰ ਥਾਂ ਇਹ ਇਸ਼ਤਿਹਾਰ ਲਾ ਦਿਤੇ ਗਏ ਸਨ ਕਿ ਟਕਸਾਲ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲੋਂ ਗੁਰਦੁਆਰਿਆਂ ਦਾ ਪ੍ਰਬੰਧ ਖੋਹ ਲਵੇਗੀ। 21 ਜਨਵਰੀ ਨੂੰ ਬਾਬਾ ਜੋਗਿੰਦਰ ਸਿੰਘ ਅਕਾਲ ਤਖਤ ਨਾਲ ਲਗਦੇ ਇਕ ਕਮਰੇ ਵਿਚ ਆ ਗਿਆ। ਟੌਹੜੇ ਨੇ ਆਪਣੀ ਕਮਜ਼ੋਰੀ ਲੁਕਾਉਣ ਲਈ ਹੀ ਬਾਬਾ ਖੜਕ ਸਿੰਘ ਦੀ ਸ਼ਰਨ ਮੰਗੀ। ਬਾਬਾ ਖੜਕ ਸਿੰਘ ਕਾਰ ਸੇਵਾ ਕਰਨ ਲਈ ਰਾਜ਼ੀ ਹੋ ਗਏ ਤਾਂ ਬਾਬਾ ਠਾਕਰ ਸਿੰਘ ਨਾਲ ਗਲਬਾਤ ਪਿਛੋਂ ਸਮਝੌਤਾ ਕੀਤਾ ਗਿਆ।

ਪਰ ਟਕਸਾਲ ਦੇ ਇਕ ਬੁਲਾਰੇ ਨੇ ਅਗਲੇ ਦਿਨ ਹੀ ਕਹਿ ਦਿਤਾ ਕਿ ਸ਼ਰੋਮਣੀ ਕਮੇਟੀ ਦਾ ਕਾਰ-ਸੇਵਾ ਨਾਲ ਕੋਈ ਸਬੰਧ ਨਹੀਂ। ਟੌਹੜਾ ਆਪ ਚੰਡੀਗੜ੍ਹ ਖਿਸਕਿਆ ਰਿਹਾ। ਟਕਸਾਲ ਅਤੇ ਫੈਡਰੇਸ਼ਨ ਦੇ ਇਰਾਦੇ ਪਹਿਲਾਂ ਹੀ ਕਾਰ-ਸੇਵਾ ਤੱਕ ਸੀਮਤ ਨਹੀਂ ਸਨ। ਸਗੋਂ ਉਹ ਤੇ ਮੁਕੰਮਲ ਕੰਪਲੈਕਸ ਉਤੇ ਕਬਜ਼ਾ ਕਰਨ ਲਈ ਪਹਿਲਾਂ ਹੀ ਦ੍ਰਿੜ ਸਨ। ਪੰਜ ਸੰਤ ਬਾਬੇ ਕਾਰ ਸੇਵਾ ਲਈ ਪਹੁੰਚੇ ਤਾਂ ਉਥੇ ਪਹਿਲਾਂ ਹੀ ਸ਼ਰੋਮਣੀ ਕਮੇਟੀ ਦੀ ਮਿੱਟੀ ਪੁਟਣੀ ਸ਼ੁਰੂ ਹੋ ਗਈ ਸੀ। ਅਕਾਲੀ ਦਲ ਨੂੰ ਗਾਲ੍ਹਾਂ ਕੱਢੀਆਂ ਜਾ ਰਹੀਆਂ ਸਨ। ਗੱਦਾਰੀਆਂ ਦੇ ਫਤਵੇ ਦਿਤੇ ਜਾ ਰਹੇ ਸਨ। ਸੰਤਾਂ ਨੇ ਸ੍ਰੀ ਅਕਾਲ ਤਖਤ ਦੀ ਕਾਰ-ਸੇਵਾ ਸ਼ੁਰੂ ਕਰਵਾ ਕੇ ਪਿਛਲੀਆਂ ਸੀਟਾਂ ਜਾ ਮੱਲੀਆਂ ਅਤੇ ਸਟੇਜ ਟਕਸਾਲ ਦੇ ਨਵੇਂ ਬੁਲਾਰੇ ਮੋਹਕਮ ਸਿੰਘ ਨੇ ਸਾਂਭ ਲਈ। ਮੋਹਕਮ ਸਿੰਘ ਨੇ ਸ਼ਰੋਮਣੀ ਕਮੇਟੀ ਨੂੰ ਤੋੜਨਾ, ਜਥੇਦਾਰ ਤੇ ਹੈਡ ਗਰੰਥੀ ਡਿਸਮਿਸ ਕਰਨੇ, ਤਖਤਾਂ ਦੇ ਜਥੇਦਾਰਾਂ ਨੂੰ ਅਸਤੀਫੇ ਦੇਣ ਲਈ ਮਜ਼ਬੂਰ ਕਰਨਾ, ਜ਼ੈਲ ਸਿੰਘ, ਬੂਟਾ ਸਿੰਘ, ਬਾਬਾ ਸੰਤਾ ਸਿੰਘ ਨੂੰ ਸਿੱਖੀ 'ਚੋਂ ਖਾਰਜ ਕਰਨਾ ਆਦਿ ਮਤੇ ਪੇਸ਼ ਕਰ ਦਿਤੇ ਪਰ ਸੰਤ ਬਾਬੇ ਚੁੱਪ ਰਹੇ।

ਸ਼ਰੋਮਣੀ ਕਮੇਟੀ ਦੇ 100 ਮੈਂਬਰਾਂ ਨੇ ਆਨੰਦਪੁਰ ਸਾਹਿਬ ਵਿਚ ਟਕਸਾਲ ਅਤੇ ਫੈਡਰੇਸ਼ਨ ਉਤੇ ਦੋਸ਼ ਲਾਇਆ ਕਿ ਇਹ ਸਿੱਖਾਂ ਵਿਚ ਖਾਨਾਜੰਗੀ ਸ਼ੁਰੂ ਕਰਵਾਉਣ ਵਾਲੀ ਕਾਰਵਾਈ ਹੈ ਅਤੇ ਸਿੱਖ ਸਿਧਾਂਤਾਂ ਦਾ ਖੰਡਨ ਹੈ। ਸ਼ਰੋਮਣੀ ਕਮੇਟੀ ਦੀ ਮੀਟਿੰਗ ਵਿਚ ਟੌਹੜੇ ਦੀ ਤਕੜੀ ਲਾਹ-ਪਾਹ ਕੀਤੀ ਗਈ ਅਤੇ ਕਿਹਾ ਗਿਆ ਕਿ ਟੌਹੜੇ ਦੇ ਕਾਰਨ ਹੀ ਸਮੁੱਚੇ ਸਿੱਖ ਜਗਤ ਦੀ ਬੇਇਜ਼ਤੀ ਹੋਈ ਹੈ

(ਬਾਕੀ ਪੰਨਾ 5 ਤੇ)

ਪੰਨਾ 4 ਦੀ ਬਾਕੀ

ਸ਼ਰੋਮਣੀ ਕਮੇਟੀ ਦੇ ਇਸ ਆਗੂ ਨੇ ਜਿਸ ਢੰਗ ਨਾਲ ਗੋਡੇ ਟੇਕੇ, ਉਸ ਬਾਰੇ ਜਨਤਾ ਪਾਰਟੀ ਦੇ ਸ: ਕਿਰਪਾਲ ਸਿੰਘ ਨੇ ਕਿਹਾ

"ਚਮਨ ਕੋ ਛੋੜ ਦੋਂ, ਯਹੇ ਦਿਲਲਗੀ ਭੀ ਖੂਬ ਰਹੀ।
ਹਮਾਰਾ ਖੂਨ ਵਹਾ ਹੈ ਕਲੀ ਕਲੀ ਕੇ ਲੀਏ।"



ਟੌਹੜਾ

ਟੌਹੜੇ ਦਾ ਕਹਿਣਾ ਹੈ ਕਿ ਇਹ ਕਮਜ਼ੋਰੀ ਦੀ ਨਿਸ਼ਾਨੀ ਨਹੀਂ ਸਗੋਂ ਲਹੂ ਲੁਹਾਣ ਰੋਕਣ ਲਈ ਕੀਤਾ ਗਿਆ।


ਜਦੋਂ ਸ਼ਰੋਮਣੀ ਕਮੇਟੀ ਅਤੇ ਟਕਸਾਲ ਵਾਲੇ ਉਪਰੋਕਤ ਘਟਨਾਵਾਂ ਵਿਚ ਉਲਝੇ ਹੋਏ ਸਨ, ਉਸ ਸਮੇਂ ਪੰਜਾਬ ਦੇ ਮੁਖ ਮੰਤਰੀ ਸ: ਬਰਨਾਲਾ ਅਤੇ ਵਿੱਤ ਮੰਤਰੀ ਬਲਵੰਤ ਸਿੰਘ ਚੰਡੀਗੜ੍ਹ ਦੇ ਮਾਮਲੇ ਬਾਰੇ ਦਿੱਲੀ ਵਿਚ ਫਸੇ ਹੋਏ ਸਨ। ਇਸੇ ਦੌਰਾਨ ਬਰਨਾਲਾ ਦਾ ਸਪੁੱਤਰ ਗਗਨਦੀਪ ਸਿੰਘ ਇਸ ਝਗੜੇ ਵਿਚ ਆ ਕੁਦਿਆ। ਉਸਦੇ ਨਾਲ ਕੁਝ ਸੈਂਕੜੇ ਨੌਜਵਾਨ ਅਕਾਲੀ ਯੂਥ ਵਿੰਗ ਦੇ ਸਨ, ਉਨ੍ਹਾਂ ਨੇ ਟਕਸਾਲ ਤੇ ਫੈਡਰੇਸ਼ਨ ਵਾਲਿਆਂ ਨੂੰ ਕੰਪਲੈਕਸ ਵਿਚੋਂ ਖਦੇੜਨਾ ਚਾਹਿਆ। ਗੋਲੀ ਚਲਣ ਨਾਲ ਟਕਸਾਲ ਦੇ ਤਿੰਨ ਵਿਅਕਤੀ ਜ਼ਖਮੀ ਹੋ ਗਏ। ਅਕਾਲੀ ਯੂਥ ਵਿੰਗ ਦੇ ਵਰਕਰਾਂ ਕੋਲੋਂ ਅਕਾਲੀ ਸਮਰਥਕਾਂ ਨੇ ਹੀ ਹਥਿਆਰ ਖੋਹ ਲਏ ਅਤੇ ਨਾ ਲੜਨ ਦੀ ਪਰੇਰਨਾ ਕੀਤੀ। ਇਸ ਘਟਨਾ ਨਾਲ ਅਕਾਲੀਆਂ ਨੇ ਆਪਣੀ ਪੁਜ਼ੀਸ਼ਨ ਆਪ ਹੀ ਖਰਾਬ ਕਰ ਲਈ। ਜੇ ਉਨ੍ਹਾਂ ਕੰਪਲੈਕਸ ਨੂੰ ਟਕਸਾਲ ਅਤੇ ਫੈਡਰੇਸ਼ਨ ਤੋਂ ਮੁਕਤ ਹੀ ਕਰਾਉਣਾ ਸੀ ਤਾਂ ਉਸ ਸਮੇਂ ਹੋ ਸਕਦਾ ਸੀ ਪਰ ਅਕਾਲੀ ਨੇਤਾਵਾਂ ਨੇ ਆਪ ਹੀ ਇਕ ਤਰ੍ਹਾਂ ਪ੍ਰਬੰਧ ਉਨ੍ਹਾਂ ਦੇ ਹੱਥ ਵਿਚ ਸੰਭਾਲ ਦਿਤਾ।

ਬਰਨਾਲਾ ਸਰਕਾਰ ਅਤੇ ਅਕਾਲੀ ਦਲ ਅਜੀਬ ਸੰਕਟ ਦੇ ਸਾਹਮਣੇ ਹਨ। ਜੇ ਅਕਾਲੀ ਸਰਕਾਰ ਦਖਲ ਅੰਦਾਜ਼ੀ ਕਰਦੀ ਹੈ ਤੇ ਝਗੜਾ ਹੋ ਪੈਂਦਾ ਹੈ ਤਾਂ ਇਹ ਵੀ ਹੋ ਸਕਦਾ ਹੈ ਕਿ ਅਕਾਲੀ ਸਰਕਾਰ ਲੋਕਾਂ ਵਿਚ ਬਦਨਾਮ ਹੋਵੇ। ਇਹੀ ਇੱਛਾ ਟਕਸਾਲ ਅਤੇ ਫੈਡਰੇਸ਼ਨ ਦੀ ਹੈ ਕਿ ਅਕਾਲੀ ਸਰਕਾਰ ਦਖਲ ਦੇਵੇ ਅਤੇ ਬ ਬਦਨਾਮੀ ਉਸਦੇ ਪੱਲੇ ਪਵੇ।

ਜਿਥੋਂ ਤੱਕ ਕਾਰ-ਸੇਵਾ ਦਾ ਸਬੰਧ ਹੈ ਉਸ ਵਿਚ ਆਮ ਲੋਕ ਸ਼ਾਮਲ ਨਹੀਂ ਹੋਏ ਸਗੋਂ ਗਿਣਤੀ ਦੇ ਟਕਸਾਲ ਅਤੇ ਫੈਡਰੇਸ਼ਨ ਦੇ ਵਰਕਰ ਹੀ ਕਾਰ-ਸੇਵਾ ਕਰਦੇ ਹਨ। ਲੋਕ ਦੂਰੋਂ ਖੜ੍ਹੇ ਹੀ ਕਾਰ-ਸੇਵਾ ਕਰਦਿਆਂ ਨੂੰ ਦੇਖ ਕੇ ਮੁੜ ਆਉਂਦੇ ਹਨ। ਝਗੜੇ ਵਾਲੀ ਥਾਂ ਤੋਂ ਆਮ ਲੋਕ ਉਂਝ ਹੀ ਤਰਿਹਦੇ ਹਨ। ਦੂਜੇ ਪਾਸੇ ਟਕਸਾਲ ਅਤੇ ਫੈਡਰੇਸ਼ਨ ਦੇ ਕਾਰਕੁੰਨਾਂ ਵਿਚ ਵੀ ਗਹਿਰੇ ਮਤ ਭੇਦ ਹਨ। ਦੋਵੇਂ ਸੰਸਥਾਵਾਂ ਵਿਚ ਤਾਲਮੇਲ ਨਹੀਂ ਹੈ। ਦੋਵਾਂ ਨੂੰ ਆਪੋ ਆਪਣੇ ਕਾਰਜਾਂ ਬਾਰੇ ਨਿਸਚਤ ਤੌਰ ਤੇ ਪਤਾ ਨਹੀਂ ਹੈ। ਟਕਸਾਲ ਦੇ ਮੋਹਕਮ ਸਿੰਘ ਅਤੇ ਫੈਡਰੇਸ਼ਨ ਦੇ ਹਰਿੰਦਰ ਸਿੰਘ ਕਾਹਲੋਂ ਦੋਵਾਂ ਨੇ ਕਿਹਾ ਕਿ ਪੰਜ-ਮੈਂਬਰੀ ਕਮੇਟੀ ਇੰਜਨੀਅਰਾਂ ਨਾਲ ਬੈਠਕੇ ਫੈਸਲਾ ਕਰੇਗੀ ਕਿ ਅਕਾਲ ਤਖਤ ਦਾ ਕਿੰਨਾ ਹਿਸਾ ਢਾਹਿਆ ਜਾਣਾ ਹੈ। ਪਰ ਅਗਲੇ ਦਿਨ ਹੀ ਦੋਵਾਂ ਸੰਸਥਾਵਾਂ ਦੇ ਨੌਜਵਾਨ ਇਮਾਰਤ ਉਤੇ ਚੜ੍ਹ ਗਏ ਅਤੇ ਸੋਨਾ ਲਾਹ ਲਿਆ ਗਿਆ। ਪੰਜ ਮੈਂਬਰੀ ਕਮੇਟੀ ਨੂੰ ਪਤਾ ਵੀ ਨਾ ਲੱਗਿਆ।

ਉਸੇ ਦਿਨ ਇਕ ਬਜ਼ੁਰਗ ਸੇਵਾਦਾਰ ਨੇ ਲੱਖਾਂ ਸਿੰਘ ਫੈਡਰੇਸ਼ਨ ਵਾਲੇ ਨੂੰ ਕਿਹਾ ਕਿ ਕਾਰ-ਸੇਵਾ ਕਰਨ ਵੇਲੇ ਸੰਗਮਰਮਰ ਦਾ ਖਿਆਲ ਰੱਖਣ ਕਿਉਂਕਿ ਬਹੁਤੀ ਕੀਮਤੀ ਹੈ ਤਾਂ ਲੱਖਾ ਸਿੰਘ ਨੇ ਉਤਰ ਦਿਤਾ "ਸੰਗਤ ਨੂੰ ਨਾ ਰੋਕੋ। ਨਵੇਂ ਸੰਗਮਰਮਰ ਲਈ ਲੋਕ ਬਥੇਰਾ ਪੈਸਾ ਦੇ ਦੇਣਗੇ।"

ਇਸੇ ਤਰਾਂ 'ਸਰਬੱਤ ਖਾਲਸਾ' ਹੋਣ ਤੋਂ ਪਹਿਲਾਂ ਬਾਬਾ ਜੋਗਿੰਦਰ ਸਿੰਘ ਨੂੰ ਪੁੱਛਿਆ ਗਿਆ ਕਿ ਕੀ ਗਿਆਨੀ ਕਿਰਪਾਲ ਸਿੰਘ ਨੂੰ ਹਟਾਇਆ ਜਾਵੇਗਾ ਤਾਂ ਉਸ ਨੇ ਕਿਹਾ, "ਅਜਿਹਾ ਕੋਈ ਵਿਚਾਰ ਨਹੀਂ।" ਪਰ ਅਗਲੇ ਦਿਨ ਬਾਬਾ ਜੋਗਿੰਦਰ ਸਿੰਘ ਦੀ ਮੌਜੂਦਗੀ ਵਿਚ ਹੀ ਅਕਾਤ ਤਖਤ ਦੇ ਜਥੇਦਾਰ ਨੂੰ ਡਿਸਮਿਸ ਕਰ ਦਿਤਾ ਗਿਆ। ਫੈਡਰੇਸ਼ਨ ਵਾਲੇ ਵੀ ਇਸ ਗੱਲੋਂ ਔਖੇ ਹਨ ਕਿ ਟਕਸਾਲ ਦੇ ਆਗੂ ਆਪਣੀ ਮਨਮਰਜ਼ੀ ਕਰ ਰਹੇ ਹਨ। ਜਦੋਂ ਜਥੇਦਾਰ ਅਤੇ ਹੈਡਗਰੰਥੀ ਨੂੰ ਹਟਾਉਣ ਦਾ ਮਸਲਾ ਆਇਆ ਤਾਂ ਫੈਡਰੇਸ਼ਨ ਵਾਲਿਆਂ ਨੂੰ ਟਕਸਾਲ ਦੇ ਆਗੂ ਮੋਹਕਮ ਸਿੰਘ ਨੂੰ ਕਿਹਾ ਕਿ ਉਹ ਕਾਰ-ਸੇਵਾ ਬਾਰੇ ਮਤੇ ਰੱਖੇ ਅਤੇ ਜਥੇਦਾਰਾਂ ਅਤੇ ਸ਼ਰੋਮਣੀ ਕਮੇਟੀ ਦੇ ਮਸਲਿਆਂ ਨੂੰ ਕਾਰ-ਸੇਵਾ ਨਾਲ ਖਲਤ ਮਲਤ ਨਾ ਕਰੇ — ਇਸ ਨਾਲ ਅਕਾਲੀਆਂ ਨਾਲ ਲੜਾਈ ਕਈ ਫਰੰਟਾਂ ਉਤੇ ਸ਼ੁਰੂ ਹੋ ਜਾਵੇਗੀ। ਪਰ ਇਹ ਫੈਡਰੇਸ਼ਨ ਵਾਲਿਆਂ ਦੀ ਸਲਾਹ ਟਕਸਾਲ ਵਾਲਿਆਂ ਨੇ ਨਾ ਸੁਣੀ। ਨਾਲ ਹੀ ਜੋ ਪੰਥਕ ਮਾਮਲਿਆਂ ਦੀ ਸੰਭਾਲ ਬਾਰੇ ਪੰਜ-ਮੈਂਬਰੀ ਕਮੇਟੀ ਬਣਾਈ ਗਈ ਉਸ ਵਿਚ ਅਜਿਹੇ ਬੰਦੇ ਲਏ ਗਏ ਜੋ ਭਗੌੜੇ ਕਰਾਰ ਦਿਤੇ ਜਾ ਚੁੱਕੇ ਹਨ। ਅਸਲ ਵਿਚ ਇਹ ਸਾਰੇ ਫੈਸਲੇ ਇਕੱਲਾ ਮੋਹਕਮ ਸਿੰਘ ਕਰ ਰਿਹਾ



ਮੋਹਕਮ ਸਿੰਘ



ਠਾਕਰ ਸਿੰਘ

ਹੈ ਜਿਸਦੀ ਵਿਰੋਧਤਾ ਫੈਡਰੇਸ਼ਨ ਵਾਲੇ ਕਰ ਰਹੇ ਹਨ।

ਜਿਥੋਂ ਤਕ ਸੁਰਜੀਤ ਸਿੰਘ ਬਰਨਾਲਾ ਦਾ ਸਬੰਧ ਹੈ, ਹਾਲਾਤ ਨੇ ਉਸਨੂੰ ਇਕ ਸ਼ਿਕੰਜੇ ਵਿਚ ਫਸਾ ਦਿਤਾ ਹੈ। ਜਾਪਦਾ ਹੈ ਇਸ ਸਮੇਂ ਉਹ ਇਕ ਸਾਜ਼ਿਸ਼ ਦਾ ਸ਼ਿਕਾਰ ਵਿਅਕਤੀ ਹੈ। ਰਾਜਸੀ ਤੌਰ ਉਤੇ ਉਸ ਨੂੰ ਕੇਂਦਰ ਨੇ ਕਮਜ਼ੋਰ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਚੰਡੀਗੜ੍ਹ 26 ਜਨਵਰੀ ਨੂੰ ਪੰਜਾਬ ਨੂੰ ਨਾ ਦੇਣ ਨਾਲ ਰਾਜੀਵ-ਲੌਂਗੋਵਾਲ ਸਮਝੌਤੇ ਨੂੰ ਤੋੜਨ ਦੇ ਯਤਨ ਕੀਤੇ ਗਏ। ਬਰਨਾਲਾ ਉਤੇ ਕੇਂਦਰ ਵਲੋਂ ਜ਼ੋਰ ਦਿਤਾ ਗਿਆ ਕਿ ਭਜਨ ਲਾਲ ਦਾ ਮੂੰਹ ਬੰਦ ਕਰਨ ਲਈ 90 ਪਿੰਡ ਹਰਿਆਣੇ ਨੂੰ ਦਿਤੇ ਜਾਣ। ਇਕ ਪਾਸੇ ਚੰਡੀਗੜ੍ਹ ਦੇ ਮਾਮਲੇ ਉਤੇ ਬਰਨਾਲਾ ਦਿੱਲੀ ਵਿਚ ਕੇਂਦਰ ਨਾਲ ਉਲਝਿਆ ਰਿਹਾ ਦੂਜੇ ਪਾਸੇ ਗਰਮਦਲੀਏ ਅੰਮ੍ਰਿਤਸਰ ਵਿਚ ਬਰਨਾਲੇ ਦੀ ਪੁਜ਼ੀਸ਼ਨ ਕਮਜ਼ੋਰ ਕਰਨ ਵੱਲ ਲਗੇ ਹੋਏ ਹਨ। ਇਸ ਦੇ ਨਾਲ ਹੀ ਬਰਨਾਲੇ ਦਾ ਪੁੱਤਰ ਗਗਨਦੀਪ ਸਿੰਘ ਕਾਰ ਐਕਸੀਡੈਂਟ ਵਿਚ ਜ਼ਖਮੀ ਹੋ ਗਿਆ।

ਇਨ੍ਹਾਂ ਦਿਨਾਂ ਵਿਚ ਬਰਨਾਲਾ ਚਹੁੰ ਪਾਸਿਓਂ ਤੋਂ ਮੁਸੀਬਤਾਂ ਨਾਲ ਘਿਰਿਆ ਹੋਇਆ ਹੈ। ਚੋਣ ਜਿੱਤਣ ਤੋਂ ਪਿਛੋਂ ਉਸਨੇ ਜਿਹੜੇ ਨੌਜਵਾਨ ਰਿਹਾ ਕੀਤੇ ਸਨ, ਉਹ ਇਸ ਸਮੇਂ ਉਸਦੇ ਵਿਰੁੱਧ ਹੀ ਕੰਪਲੈਕਸ ਵਿਚ ਜਾ ਵੜੇ ਹਨ ਅਤੇ ਉਨ੍ਹਾਂ ਰਿਹਾ ਕੀਤਿਆਂ ਨੌਜਵਾਨਾਂ ਵਿਚੋਂ ਕਈ ਟਕਸਾਲ ਵਲੋਂ ਕਮੇਟੀਆਂ ਵਿਚ ਲਏ ਗਏ ਹਨ। ਬਰਨਾਲਾ ਨੂੰ [illegible] ਦਹਿਸ਼ਤਵਾਦੀਆਂ ਵਿਰੁੱਧ ਸਖਤ ਕਦਮ ਚੁੱਕੇ ਨਹੀਂ ਤਾਂ ਅਮਨ ਕਾਨੂੰਨ ਦੀ ਹਾਲਤ ਦੀਆਂ ਧਜੀਆਂ ਉਡਾਈਆਂ ਜਾ ਰਹੀਆਂ ਹਨ (65 ਵਿਅਕਤੀ ਇਨਾਂ ਦਿਨਾਂ ਵਿਚ ਹੀ ਕਤਲ ਕੀਤੇ ਜਾ ਚੁੱਕੇ ਹਨ!) - ਨਾਲ ਹੀ ਉਸ ਨੂੰ ਇਸ ਗੱਲ ਤੋਂ ਵੀ ਬਚਾਅ ਕਰਨਾ ਪੈ ਰਿਹਾ ਹੈ ਕਿ ਉਸਦੀ ਸਰਕਾਰ ਉਤੇ ਇਹ ਇਲਜ਼ਾਮ ਨਾ ਲੱਗੇ ਕਿ ਉਹ ਸਖਤੀ ਨਾਲ ਵਰਤ ਰਿਹਾ ਹੈ।

ਬਰਨਾਲਾ ਚੰਡੀਗੜ੍ਹ ਦਿੱਲੀ ਅਤੇ ਅੰਮ੍ਰਿਤਸਰ ਵਿਚਕਾਰ ਘਿਰਿਆ ਪਿਆ ਹੈ। ਪੰਜਾਬ ਸਮਝੌਤੇ ਨੂੰ ਲੀਹ ਉਤੇ ਰੱਖਣਾ, ਸ਼ਰੋਮਣੀ ਕਮੇਟੀ ਨੂੰ ਕੰਪਲੈਕਸ ਉਤੇ ਪ੍ਰਬੰਧ ਯੋਗ ਬਨਾਉਣਾ - ਅਜਿਹੇ ਕੰਮ ਹਨ ਜਿਨ੍ਹਾਂ ਦਾ ਸਾਰਾ ਬੋਝ ਇਸ ਸਮੇਂ ਸੁਰਜੀਤ ਸਿੰਘ ਬਰਨਾਲਾ ਦੇ ਮੋਢਿਆਂ ਉਤੇ ਹੈ। ਖੂਨ ਖਰਾਬਾ ਟਾਲਣਾ ਇਸ ਸਮੇਂ ਅਹਿਮ ਸਮੱਸਿਆ ਹੈ। ਪੰਜਾਬ ਦਾ ਮਸਲਾ ਨਜਿਠਣਾ ਸੌਖਾ ਕੰਮ ਨਹੀਂ। ਨਾ ਇਹ ਪਹਿਲਾਂ ਹੀ ਸੌਖਾ ਸੀ ਅਤੇ ਨਾ ਹੀ ਹੁਣ ਹੈ।

('ਇੰਡੀਆ ਟੂ ਡੇ' ਦੇ ਧੰਨਵਾਦ ਸਹਿਤ)

ਉਹ ਮੇਰੀ ਧੀ ਸੀ
ਜੋ ਕਿਸੇ ਦੀ ਮਹਿਬੂਬਾ ਹੁੰਦੀ-ਹੁੰਦੀ
ਵੇਸ਼ਵਾ ਬਣ ਗਈ
ਉਹ ਮੈਂ ਹੀ ਸੀ
ਜੋ ਕਦੇ ਪੌੜੀਆਂ ਚੜ੍ਹ ਰਿਹਾ ਸੀ
ਕਦੇ ਉਤਰ ਰਿਹਾ ਸੀ

ਸਰੋਦ ਸੁਦੀਪ

ਸਿਹਤ ਮੰਤਰੀ ਖਾਲਸਾ ਵਲੋਂ ਇੰਕਸ਼ਾਫ

ਦਰਬਾਰ ਸਾਹਿਬ ਤੇ ਕਾਬਜ਼ ਲੋਕਾਂ ਨੂੰ ਸਮਝਾਣ ਲਈ ਬੰਦੇ ਭੇਜੇ ਗਏ

ਲੁਧਿਆਣਾ — ਸਿਹਤ ਮੰਤਰੀ ਸ: ਬਸੰਤ ਸਿੰਘ ਖਾਲਸਾ ਨੇ ਇੰਕਸ਼ਾਫ ਕੀਤਾ ਹੈ ਕਿ ਦਰਬਾਰ ਸਾਹਿਬ ਤੇ ਕਬਜ਼ਾ ਕਰਨ ਵਾਲਿਆਂ ਨੂੰ ਉਨ੍ਹਾਂ ਦੀ 'ਗਲਤ ਕਾਰਵਾਈ' ਦਾ ਅਹਿਸਾਸ ਕਰਵਾਉਣ ਲਈ 'ਕੁਛ ਬੰਦੇ' ਦਰਬਾਰ ਸਾਹਿਬ ਵਿਚ ਭੇਜੇ ਗਏ ਹਨ ਅਤੇ 9 ਫਰਵਰੀ ਨੂੰ ਕੁਛ ਹੋਰ ਬੰਦੇ ਇਸ ਮਤਲਬ ਲਈ ਭੇਜੇ ਗਏ ਪਰ ਜੇ ਫੇਰ ਵੀ ਉਹ ਨਾ ਮੰਨੇ ਤਾਂ 16 ਫਰਵਰੀ ਨੂੰ ਸਰਬੱਤ ਖਾਲਸਾ ਹਥੋ ਹਥੀ ਉਨ੍ਹਾਂ ਦਾ ਫੈਸਲਾ ਕਰ ਦੇਵੇਗਾ। ਸ: ਖਾਲਸਾ ਇਥੇ ਅਕਾਲੀ ਜਥਾ ਜ਼ਿਲਾ ਲੁਧਿਆਣਾ ਦਿਹਾਤੀ ਅਤੇ ਸ਼ਹਿਰੀ ਦੀ ਸਾਂਝੀ ਮੀਟਿੰਗ ਵਿਚ ਤਕਰੀਰ ਕਰ ਰਹੇ ਸਨ ਜੋ ਗੁਰਦੁਆਰਾ ਅਕਾਲਗੜ੍ਹ ਵਿਚ ਬੁਲਾਈ ਗਈ ਅਤੇ ਜਿਸ ਵਿਚ 16 ਦੇ ਸਰਬੱਤ ਖਾਲਸਾ ਇਕੱਠ ਨੂੰ ਸਫਲ ਬਣਾਉਣ ਵਾਰੇ ਵਿਚਾਰਾਂ ਕੀਤੀਆਂ ਗਈਆਂ। ਸ: ਖਾਲਸਾ ਨੇ ਇਸ ਮੌਕੇ ਤੇ ਕਿਹਾ ਕਿ ਜ਼ਿਲਾ ਲੁਧਿਆਣਾ ਤੋਂ ਘੱਟੋ ਘੱਟ ਸੱਠ ਹਜ਼ਾਰ ਸਿੰਘ 16 ਫਰਵਰੀ ਨੂੰ ਦਰਬਾਰ ਸਾਹਿਬ ਪੁਜਣੇ ਚਾਹੀਦੇ ਹਨ ਅਤੇ ਇਸ ਦੇ ਲਈ ਹਰ ਤਰ੍ਹਾਂ ਦਾ ਪ੍ਰਬੰਧ ਸਰਕਲ ਜਥੇਦਾਰਾਂ ਨੇ ਕਰਨਾ ਹੈ। ਇਸ ਮੀਟਿੰਗ ਵਿਚ ਤਕਰੀਰ ਕਰਦਿਆਂ ਰੋਪੜ ਤੋਂ ਅਕਾਲੀ ਐਮ ਪੀ ਸ: ਚਰਨਜੀਤ ਸਿੰਘ ਨੇ ਪੰਜਾਬ ਸਮਝੌਤਾ ਲਾਗੂ ਕਰਨ ਲਈ ਕੇਂਦਰ ਦੀ ਸਖਤ ਅਲੋਚਨਾ ਕੀਤੀ ਅਤੇ ਇਲਜ਼ਾਮ ਲਗਾਇਆ ਕਿ ਕੇਂਦਰ ਸਰਕਾਰ ਅਕਾਲੀ ਸਰਕਾਰ ਨੂੰ ਚਲਣ ਨਹੀਂ ਦੇਣਾ ਚਾਹੁੰਦੀ। ਮੀਟਿੰਗ ਵਿਚ ਸਰਵ ਸਰਦਾਰ ਸੁਰਜਨ ਸਿੰਘ ਠੇਕੇਦਾਰ, ਰਣਜੀਤ ਸਿੰਘ ਨਾਜ਼, ਹਰਜੀਤ ਸਿੰਘ, ਸੰਤ ਸਿੰਘ ਗੁੱਜਰਖਾਨੀ, ਸਰਵਣ ਸਿੰਘ, ਕਿਰਪਾਲ ਸਿੰਘ ਭੀਖੀ, ਗੁਰਚਰਨ ਸਿੰਘ, ਗੁਰਦੇਵ ਸਿੰਘ ਅਵਤਾਰ ਸਿੰਘ ਤੇ ਪ੍ਰਿੰਸੀਪਲ ਗੁਰਨਾਮ ਸਿੰਘ ਨੇ ਵੀ ਤਕਰੀਰਾਂ ਕੀਤੀਆਂ।

ਦੇਸ਼ ਵਿਚ ਕੀਮਤਾਂ ਦੇ ਵਾਧੇ ਵਿਰੁੱਧ ਹੜਤਾਲ

ਨਵੀਂ ਦਿੱਲੀ — ਜ਼ਿੰਦਗੀ ਦੀਆਂ ਆਮ ਵਰਤੋਂ ਦੀਆਂ ਚੀਜ਼ਾਂ ਵਿਚ ਵਾਧੇ ਵਿਰੁੱਧ ਦੇਸ਼ ਵਿਚ ਹੜਤਾਲ ਹੋਣ ਦੀਆਂ ਖਬਰਾਂ ਮਿਲੀਆਂ ਹਨ। ਆਮ ਹੜਤਾਲ ਦੇਸ਼ ਦੇ ਲਗਪਗ ਸਾਰੇ ਸ਼ਹਿਰਾਂ ਵਿਚ ਲਾਮਬੰਦ ਕੀਤੀ ਗਈ।

ਕਲਕੱਤੇ ਵਿਚ 350 ਵਿਅਕਤੀ ਹਿਰਾਸਤ ਵਿਚ ਲਏ ਗਏ। ਝੜਪਾਂ ਵਿਚ 16 ਵਿਅਕਤੀ ਜ਼ਖਮੀ ਹੋਏ। ਉਤਰ ਪ੍ਰਦੇਸ਼, ਤਾਮਲਨਾਡੂ, ਤ੍ਰਿਪੁਰਾ ਅਤੇ ਉੜੀਸਾ ਵਿਚ ਵੀ ਗ੍ਰਿਫਤਾਰੀਆਂ ਹੋਈਆਂ।

ਇੰਦਰਾ ਕਤਲ ਕੇਸ— ਸੈਸ਼ਨ ਅਦਾਲਤ ਦੇ ਫੈਸਲੇ 'ਚ ਨੁਕਸ

ਨਵੀਂ ਦਿੱਲੀ — ਦਿੱਲੀ ਹਾਈਕੋਰਟ ਨੇ ਫੈਸਲਾ ਦਿਤਾ ਹੈ ਕਿ ਸ੍ਰੀਮਤੀ ਇੰਦਰਾ ਗਾਂਧੀ ਦੇ ਕਤਲ ਦੀ ਸਾਜ਼ਸ਼ ਵਿਚ ਸ਼ਾਮਲ ਹੋਣ ਦੇ ਜੁਰਮ ਵਿਚ ਕੇਹਰ ਸਿੰਘ ਤੇ ਬਲਬੀਰ ਸਿੰਘ ਨੂੰ ਮੌਤ ਦੀ ਸਜ਼ਾ ਟਰਾਇਲ ਅਦਾਲਤ ਦਾ ਹੁਕਮ ਜ਼ਾਬਤਾ ਫੌਜਦਾਰੀ ਦੀ ਧਾਰਾ 354(3) ਦੇ ਅਨੁਕੂਲ ਨਹੀਂ ਸੀ। ਜ਼ਾਬਤਾ ਫੌਜਦਾਰੀ ਦੀ ਧਾਰਾ 354(5) ਆਖਦੀ ਹੈ ਕਿ ਜਦੋਂ ਕਿਸੇ ਵਿਅਕਤੀ ਨੂੰ ਮੌਤ ਦੀ ਸਜ਼ਾ ਦਿਤੀ ਜਾਂਦੀ ਹੈ ਤਾਂ ਅਦਾਲਤ ਵਲੋਂ ਇਹ ਹਦਾਇਤ ਦਿਤੀ ਜਾਣੀ ਚਾਹੀਦੀ ਹੈ ਕਿ ਅਪਰਾਧੀ ਨੂੰ ਗਰਦਨ ਵਿਚ ਫੰਦਾ ਪਾ ਕੇ ਫਾਂਸੀ 'ਤੇ ਲਟਕਾਇਆ ਜਾਏ ਜਦ ਤੱਕ ਉਹ ਮਰ ਨਹੀਂ ਜਾਂਦਾ।

ਟਰਾਇਲ ਜੱਜ ਮਿ: ਮਹੇਸ਼ ਚੰਦਰਾ ਨੇ ਆਪਣੇ 22 ਜਨਵਰੀ ਦੇ ਫੈਸਲੇ ਵਿਚ ਸਤਵੰਤ ਸਿੰਘ, ਕੇਹਰ ਸਿੰਘ ਤੇ ਬਲਬੀਰ ਸਿੰਘ ਨੂੰ ਇੰਦਰਾ ਗਾਂਧੀ ਦੇ ਕਤਲ ਤੇ ਸਾਜ਼ਸ਼ ਵਿਚ ਅਪਰਾਧੀ ਕਰਾਰ ਦਿੰਦਿਆਂ ਇਹ ਸਪਸ਼ਟ ਨਹੀਂ ਕੀਤਾ ਕਿ ਅਪਰਾਧੀਆਂ ਨੂੰ ਧੌਣ ਵਿਚ ਫੰਦਾ ਪਾ ਕੇ ਉਦੋਂ ਤੱਕ ਫਾਂਸੀ ਉਤੇ ਲਟਕਾਈ ਰੱਖਿਆ ਜਾਏ ਜਦ ਤੱਕ ਉਹ ਮਰ ਨਹੀਂ ਜਾਂਦੇ।

ਮਿ: ਜਸਟਿਸ ਆਰ. ਐਨ. ਅਗਰਵਾਲ ਤੇ ਮਿ: ਜਸਟਿਸ ਮਲਿਕ ਸ਼ਰੀਫੂਦੀਨ ਉਤੇ ਅਧਾਰਤ ਡਵੀਜਨ ਬੈਂਚ ਨੇ ਇਹ ਟਿੱਪਣੀ ਕੇਹਰ ਸਿੰਘ ਤੇ ਬਲਬੀਰ ਸਿੰਘ ਵਲੋਂ ਦਾਇਰ ਕੀਤੀ ਗਈ ਰਿੱਟ ਪੈਟੀਸ਼ਨ ਉਤੇ ਆਪਣਾ ਫੈਸਲਾ ਸੁਣਾਉਂਦਿਆਂ ਕਹੀ ਦੋਹਾਂ ਦੋਸ਼ੀਆਂ ਨੇ ਆਪਣੀ ਰਿੱਟ ਪੈਟੀਸ਼ਨ ਵਿਚ ਹੇਠਲੀ ਅਦਾਲਤ ਦੇ ਮੌਤ ਦੀ ਸਜ਼ਾ ਦੇ ਫੈਸਲੇ ਦੇ ਜਾਇਜ਼ ਹੋਣ ਨੂੰ ਵੰਗਾਰਿਆ ਹੈ। ਦੋਹਾਂ ਦੋਸ਼ੀਆਂ ਨੇ ਆਪਣੀ ਪੈਟੀਸ਼ਨ ਵਿਚ ਕੋਠੀ ਲਾਏ ਜਾਣ ਨੂੰ ਵੀ ਵੰਗਾਰਿਆ ਹੈ।

ਦਿੱਲੀ ਪ੍ਰਸ਼ਾਸਨ ਤੇ ਤਿਹਾੜ ਜੇਲ ਦੇ ਸੁਪਰਿਨਟੈਨਡੈਂਟ ਨੂੰ 10 ਫਰਵਰੀ ਨੂੰ ਨੋਟਿਸ ਜਾਰੀ ਕਰਦਿਆਂ ਹਾਈਕੋਰਟ ਨੇ ਇਹ ਵੀ ਟਿੱਪਣੀ ਕੀਤੀ ਹੈ ਕਿ ਇਹ ਗੱਲ ਵੀ ਦਰੁਸਤ ਹੈ ਕਿ ਸੈਸ਼ਨ ਜੱਜ ਨੇ ਆਪਣੇ ਹੁਕਮ ਵਿਚ ਇਹ ਵਰਨਣ ਨਹੀਂ ਕੀਤਾ ਮੌਤ ਦੀ ਸਜ਼ਾ ਦੀ ਹਾਈਕੋਰਟ ਵਲੋਂ ਪੁਸ਼ਟੀ ਜ਼ਰੂਰੀ ਹੈ। "ਪਰ ਇਹ ਅਹਿਮ ਸਵਾਲ ਉਠੇਗਾ ਕਿ ਇਹਨਾਂ ਉਕਾਈਆਂ ਦਾ ਪ੍ਰਭਾਵ ਕੀ ਪਵੇਗਾ। ਅਸੀਂ ਇਹਨਾਂ ਗੱਲਾਂ ਬਾਰੇ ਅਜੇ ਆਪਣੀ ਕੋਈ ਅੰਤਮ ਰਾਏ ਨਹੀਂ ਦੇਣਾ ਚਾਹਾਂਗੇ। ਇਹਨਾਂ ਸਾਰੀਆਂ ਗੱਲਾਂ ਦਾ ਉਸ ਸਮੇਂ ਵਿਸਥਾਰ ਵਿਚ ਘੋਖ ਪਰਖ ਹੋ ਸਕਦੀ ਹੈ ਤੇ ਇਹਨਾਂ ਦਾ ਯੋਗ ਢੰਗ ਨਾਲ ਨਿਪਟਾਰਾ ਹੋ ਸਕਦਾ ਹੈ ਜਦੋਂ ਅਪੀਲਾਂ ਦੀ ਸੁਣਵਾਈ ਸ਼ੁਰੂ ਹੋਈ ਤੇ ਜਦੋਂ ਮੌਤ ਦੀ ਸਜ਼ਾ ਦੀ ਪੁਸ਼ਟੀ ਦਾ ਸਵਾਲ ਸਾਹਮਣੇ ਆਇਆ।

ਬੈਂਚ ਨੇ ਸਫਾਈ ਦੇ ਵਕੀਲ ਸ੍ਰੀ ਗਰੋਵਰ ਦੇ ਇਹਨਾਂ ਤੌਖਲਿਆਂ ਨੂੰ ਬੇਲੋੜੇ ਦੱਸਿਆ ਕਿ ਕਿਉਂਕਿ ਹੇਠਲੀ ਅਦਾਲਤ ਨੇ ਆਪਣੇ ਫੈਸਲੇ ਵਿਚ ਇਹ ਨਹੀਂ ਲਿਖਿਆ ਕਿ ਫਾਂਸੀ ਦੀ ਸਜ਼ਾ ਦੀ ਪੁਸ਼ਟੀ ਹਾਈਕੋਰਟ ਵਲੋਂ ਹੋਣੀ ਜ਼ਰੂਰੀ ਹੈ। [illegible] ਹੀ ਸੈਸ਼ਨ ਅਦਾਲਤ ਦੇ ਫੈਸਲੇ ਨੂੰ ਅਮਲ ਵਿਚ ਨਾ ਲੈ ਆਉਣ। ਜੱਜ ਨੇ ਕਿਹਾ ਹੈ ਕਿ ਕ੍ਰਿਮੀਨਲ ਪ੍ਰੋਸੀਜਰ ਕੋਡ ਦੀ ਧਾਰਾ 366 ਵਿਚ ਸਪਸ਼ਟ ਤੌਰ ਤੇ ਲਿਖਿਆ ਹੋਇਆ ਹੈ ਕਿ ਜਦੋਂ ਸੈਸ਼ਨ ਅਦਾਲਤ ਕਿਸੇ ਨੂੰ ਮੌਤ ਦੀ ਸਜ਼ਾ ਦੇ ਦਿੰਦੀ ਹੈ ਤਾਂ ਸਾਰੀ ਅਦਾਲਤੀ ਕਾਰਵਾਈ ਹਾਈਕੋਰਟ ਨੂੰ ਭੇਜੀ ਜਾਣੀ ਚਾਹੀਦੀ ਹੈ ਅਤੇ ਸਜ਼ਾ ਨੂੰ ਪੁਸ਼ਟੀ ਹੋਣ ਤੱਕ ਅਮਲ ਵਿਚ ਨਾ ਲਿਆਂਦਾ ਜਾਏ। "ਇਸ ਤਰ੍ਹਾਂ ਇਹ ਸਪਸ਼ਟ ਹੈ ਕਿ ਸੈਸ਼ਨ ਅਦਾਲਤ ਵਲੋਂ ਸੁਣਾਈ ਗਈ ਮੌਤ ਦੀ ਸਜ਼ਾ ਉਦੋਂ ਤੱਕ ਅਮਲ ਵਿਚ ਨਹੀਂ ਲਿਆਂਦੀ ਜਾ ਸਕਦੀ ਜਦ ਤੱਕ ਇਸ ਦੀ ਪੁਸ਼ਟੀ ਨਹੀਂ ਹੋ ਜਾਂਦੀ"।

ਜੱਜਾਂ ਨੇ ਕਿਹਾ ਹੈ ਕਿ ਜਿਥੋਂ ਤਕ ਹੇਠਲੀ ਅਦਾਲਤ ਦੇ ਹੁਕਮ ਨੂੰ ਰੱਦ ਕਰਨ ਦਾ ਸਬੰਧ ਹੈ, ਡਵੀਜ਼ਨ ਬੈਂਚ ਇਸ ਉਤੇ ਉਦੋਂ ਵਿਚਾਰ ਕਰੇਗਾ ਜਦੋਂ ਅਪੀਲਾਂ ਬਾਰੇ ਸੁਣਵਾਈ ਸ਼ੁਰੂ ਹੋਈ। ਜੱਜਾਂ ਨੇ ਇਹ ਵੀ ਕਿਹਾ ਹੈ ਕਿ ਦੰਡ ਪ੍ਰਾਪਤ ਵਿਅਕਤੀਆਂ ਨੂੰ ਉਹ ਸਾਰੀਆਂ ਸਹੂਲਤਾਂ ਦੇ ਦਿੱਤੀਆਂ ਜਾਣ ਜਿਹੜੀਆਂ ਜੇਲ੍ਹ ਦੇ ਨਿਯਮਾਂ ਅਧੀਨ ਉਹਨਾਂ ਨੂੰ ਮਿਲਣੀਆਂ ਚਾਹੀਦੀਆਂ ਹਨ।

ਸਿਖਿਆ ਬੋਰਡ ਦੇ ਮੁਖੀ ਨੂੰ ਟੀਚਰਾਂ ਦਾ ਵਫਦ ਮਿਲਿਆ

ਮੁਹਾਲੀ — ਗੌਰਮਿੰਟ ਕਲਾਸੀਕਲ ਐਂਡ ਵਰਨੈਕੂਲਰ ਟੀਚਰਜ਼ ਯੂਨੀਅਨ ਪੰਜਾਬ ਦੇ ਕਨਵੀਨਰ ਸ: ਬਲਬੀਰ ਸਿੰਘ ਰੰਧਾਵਾ ਦੀ ਅਗਵਾਈ ਹੇਠ 15 ਮੈਂਬਰੀ ਵਫਦ ਨੇ ਬੀਤੇ ਦਿਨ ਪੰਜਾਬ ਸਕੂਲ ਸਿਖਿਆ ਬੋਰਡ ਦੇ ਚੇਅਰਮੈਨ ਸ: ਹਰਬਖਸ਼ ਸਿੰਘ ਨਾਲ ਸੀ. ਵੀ. ਕਾਡਰ ਨਾਲ ਸਬੰਧਤ ਮਸਲੇ ਵਿਚਾਰਨ ਲਈ ਉਹਨਾਂ ਦੇ ਦਫਤਰ ਮੁਹਾਲੀ ਵਿਖੇ ਉਹਨਾਂ ਦੇ ਸੱਦਾ ਪੱਤਰ ਅਨੁਸਾਰ ਮੀਟਿੰਗ ਕੀਤੀ। ਯੂਨੀਅਨ ਦੇ ਸੂਬਾ ਜਨਰਲ ਸਕੱਤਰ ਸ: ਸੇਵਾ ਸਿੰਘ 'ਨਵਦੀਪ' ਨੇ ਦਸਿਆ ਕਿ ਮੀਟਿੰਗ ਲਗਪਗ ਇਕ ਘੰਟਾ ਚਲੀ। ਉਹਨਾਂ ਇਹ ਵੀ ਦੱਸਿਆ ਕਿ ਚੇਅਰਮੈਨ ਨੇ ਸੀ. ਵੀ. ਕਾਡਰ ਨਾਲ ਸਬੰਧਤ ਮਸਲੇ ਧਿਆਨ ਨਾਲ ਸੁਣੇ ਅਤੇ ਵਫਦ ਨੂੰ ਭਰੋਸਾ ਦਿਤਾ ਕਿ ਉਹ ਪੂਰੀ ਹਮਦਰਦੀ ਤੇ ਸੰਜੀਦਗੀ ਨਾਲ ਜਲਦੀ ਹੀ ਮੰਗਾਂ ਦਾ ਨਿਪਟਾਰਾ ਕਰਨਗੇ।

ਖੇਤੀਬਾੜੀ ਉਪਜ ਅਤੇ ਵਸੋਂ 'ਚ ਵਾਧੇ ਦਾ ਸੰਤੁਲਨ ਨਾ ਰਿਹਾ

ਛੇਵੀਂ ਅਤੇ ਸਤਵੀਂ ਯੋਜਨਾਵਾਂ ਦੇ ਅੰਕੜਿਆਂ 'ਚ ਪ੍ਰਗਟਾਵਾ

ਨਵੀਂ ਦਿੱਲੀ — ਪਿਛਲੇ ਸਾਲਾਂ ਵਿਚ ਭਾਵੇਂ ਰਿਕਾਰਡ ਫਸਲ ਪੈਦਾਵਾਰ ਹੋਈ ਹੈ ਅਤੇ ਅਨਾਜ ਦੇ ਭੰਡਾਰ 'ਚ ਵੀ ਵਾਧਾ ਹੋਇਆ ਹੈ ਪਰ ਕੀ ਇਹ ਵਾਧਾ ਦਰ ਇਨ੍ਹਾਂ ਸਾਲਾਂ ਦੌਰਾਨ ਆਬਾਦੀ 'ਚ ਹੋਏ ਵਾਧੇ ਨਾਲ ਸਾਵੀਂ ਬੈਠਦੀ ਹੈ? ਇਸ ਬਾਰੇ ਅੰਕੜਿਆਂ ਤੇ ਨਜ਼ਰ ਮਾਰੀ ਜਾਵੇ ਤਾਂ 'ਹਾਂ' ਅਤੇ 'ਨਾਂਹ' ਦੋਵੇਂ ਜਵਾਬ ਦੇ ਸਕਦੇ ਹਨ। ਪਿਛਲੇ ਕੁਝ ਸਾਲਾਂ ਦੌਰਾਨ ਖੇਤੀਬਾੜੀ ਪੈਦਾਵਾਰ 'ਚ ਪੁਟੀਆਂ ਪੁਲਾਂਘਾਂ ਭਲੀਭਾਂਤ ਸਪਸ਼ਟ ਹਨ ਪਰ ਪੰਜਵੀਂ ਅਤੇ ਛੇਵੀਂ ਯੋਜਨਾ ਦੇ ਅੰਤਲੇ ਸਾਲਾਂ (1978-79 ਅਤੇ 1984-85) ਦੇ ਸਰਕਾਰੀ ਅੰਕੜਿਆਂ ਦਾ ਵਿਸ਼ਲੇਸ਼ਣ ਕਰਨ ਤੇ ਪਤਾ ਲਗਦਾ ਹੈ ਕਿ ਛੇ ਸਾਲਾਂ 'ਚ ਵਾਧਾ ਦਰ ਕੇਵਲ 10.9 ਪ੍ਰਤੀਸ਼ਤ ਸੀ ਜੋ ਕਿ ਔਸਤ 1.75 ਪ੍ਰਤੀਸ਼ਤ ਸਾਲਾਨਾ ਬਣਦੀ ਹੈ ਜੋ ਕਿ ਆਬਾਦੀ ਦਰ 'ਚ 2 ਪ੍ਰਤੀਸ਼ਤ ਵਾਧੇ ਦੇ ਮੁਕਾਬਲੇ ਕਾਫੀ ਘੱਟ ਹੈ। ਦੋਹਾਂ ਯੋਜਨਾਵਾਂ ਦੇ ਅੰਤਲੇ ਸਾਲਾਂ ਦੀ ਤੁਲਨਾ ਕਰਨ ਤੇ ਫਸਲਾਂ ਦੀ ਪੈਦਾਵਾਰ ਵਿਚ ਵਾਧੇ ਦੇ ਮਾਮਲੇ 'ਚ ਵੀ ਵਰਨਣਯੋਗ ਅਸੰਤੁਲਨ ਪਤਾ ਲਗਦਾ ਹੈ। ਛੇ ਸਾਲਾਂ 'ਚ ਕੁਲ ਵਾਧਾ ਕਣਕ ਦੇ ਮਾਮਲੇ 'ਚ 24.6 ਪ੍ਰਤੀਸ਼ਤ, ਦਾਲਾਂ 'ਚ 0.1 ਪ੍ਰਤੀਸ਼ਤ ਚੌਲਾਂ ਵਿਚ 9 ਪ੍ਰਤੀਸ਼ਤ ਅਤੇ ਮੋਟੇ ਅਨਾਜਾਂ 'ਚ 2.4 ਪ੍ਰਤੀਸ਼ਤ ਰਿਹਾ। ਫਸਲਾਂ 'ਚ ਸਾਲਾਨਾ ਵਾਧਾ ਦਰ ਇਸ ਤਰ੍ਹਾਂ ਰਹੀ, ਕਣਕ 3.73 ਪ੍ਰਤੀਸ਼ਤ, ਚੌਲ 1.45 ਪ੍ਰਤੀਸ਼ਤ, ਮੋਟੇ ਅਨਾਜ 0.39 ਪ੍ਰਤੀਸ਼ਤ ਅਤੇ ਦਾਲਾਂ 'ਚ 0.02 ਪ੍ਰਤੀਸ਼ਤ ਛੇਵੀਂ ਯੋਜਨਾ ਦੀ ਕਾਰਗੁਜ਼ਾਰੀ ਨੂੰ ਵਾਚਣ ਤੇ ਕੁਝ ਹੌਸਲਾਜਨਕ ਸਿੱਟੇ ਸਾਹਮਣੇ ਆਉਂਦੇ ਹਨ। 1967-68 'ਚ ਨਵੀਂ ਖੇਤੀਬਾੜੀ ਨੀਤੀ ਨਿਰਧਾਰਤ ਕਰਨ ਦੇ ਸਾਲ ਤੋਂ ਛੇਵੀ ਯੋਜਨਾ ਦੇ ਅੰਤ ਤਕ 17 ਸਾਲਾਂ ਦੇ ਅੰਕੜਿਆਂ ਦੇ ਅਧਿਐਨ ਤੋਂ ਭਾਰਤ ਦੀ ਖੇਤੀਬਾੜੀ ਪ੍ਰਗਤੀ ਦੇ ਕਈ ਮਜ਼ਬੂਤ ਅਤੇ ਕਮਜ਼ੋਰ ਪਹਿਲੂ ਸਾਹਮਣੇ ਆਉਂਦੇ ਹਨ ਜਦਕਿ 1966-67 ਦਾ ਵਰ੍ਹਾ ਸੋਕੇ ਦਾ ਵਰ੍ਹਾ ਸੀ। ਇਸ ਅਰਸੇ ਦੌਰਾਨ ਅਨਾਜ ਉਤਪਾਦਨ 95 ਮਿਲੀਅਨ ਟਨ ਤੋਂ ਵਧ ਕੇ 146.22 ਮਿਲੀਅਨ ਟਨ ਤੇ ਪੁਜ ਗਿਆ ਅਤੇ ਇਸ ਤਰ੍ਹਾਂ 54 ਪ੍ਰਤੀਸ਼ਤ ਦਾ ਵਾਧਾ ਹੋਇਆ ਅਤੇ ਉਤਪਾਦਨ ਦਰ 2.57 ਪ੍ਰਤੀਸ਼ਤ ਰਹੀ। ਪਰ ਦਾਲਾਂ ਦਾ ਉਤਪਾਦਨ ਲਗਪਗ ਉਥੇ ਦਾ ਉਥੇ ਰਿਹਾ। 1967-68 'ਚ 12.1 ਮਿਲੀਅਨ ਟਨ ਦਾਲਾਂ ਦੀ ਪੈਦਾਵਾਰ ਹੋਈ ਜਦਕਿ 1984-85 ਦੌਰਾਨ ਇਹ 12.2 ਮਿਲੀਅਨ ਤਕ ਹੀ ਰਹੀ। 1975-76 ਵਿਚ 13 ਮਿਲੀਅਨ ਟਨ ਦੀ ਰਿਕਾਰਡ ਪੈਦਾਵਾਰ ਲਈ ਗਈ। 17 ਸਾਲਾਂ 'ਚ ਮੋਟੇ ਅਨਾਜਾਂ ਦੀ ਪੈਦਾਵਾਰ 'ਚ 61.6 ਪ੍ਰਤੀਸ਼ਤ ਵਾਧਾ ਹੋਇਆ। ਕਣਕ ਦੇ ਉਤਪਾਦਨ ਵਿਚ ਬਹੁਤ ਚੰਗੀ ਪ੍ਰਾਪਤੀ ਕੀਤੀ ਗਈ। ਇਸ ਅਰਸੇ ਦੌਰਾਨ ਕਣਕ ਦੀ ਪੈਦਾਵਾਰ ਲਗਪਗ ਤਿਗਣੀ ਵਧਕੇ 16.34 ਮਿਲੀਅਨ ਟਨ ਤੋਂ ਵੱਧ ਕੇ 44.23 ਮਿਲੀਅਨ ਟਨ ਹੋ ਗਈ ਅਤੇ ਸਲਾਨਾ ਉਤਪਾਦਨ ਦਰ 6 ਪ੍ਰਤੀਸ਼ਤ ਦੇ ਨੇੜੇ ਤੇੜੇ ਰਹੀ।



ਫਗਵਾੜੇ ਦੀ ਘਟਨਾ ਤੇ ਪੁਲਸ ਦਾ ਰੋਲ

—ਸੁਹੇਲ ਸਿੰਘ—

ਫਗਵਾੜਾ ਦੇ ਵਿਦਿਅਕ ਅਦਾਰੇ ਰਾਮਗੜ੍ਹੀਆ ਕਾਲਜ ਵਿਚ ਜਿਹਨਾਂ ਅਨਸਰਾਂ ਨੇ ਐਸ. ਐਫ. ਆਈ. ਦੇ ਪੰਜਾਬ ਤੇ ਚੰਡੀਗੜ੍ਹ ਯੂਨਿਟ ਦੇ ਪਰਧਾਨ ਸਾਥੀ ਮਖਣ ਸਿੰਘ ਸੰਧੂ ਅਤੇ ਹੋਰ ਕੁਝ ਐਸ. ਐਫ. ਆਈ. ਵਰਕਰਾਂ ਉਤੇ ਹਮਲਾ ਕੀਤਾ। ਉਹਨਾਂ ਵਿਚ ਸੱਤ ਅਜਿਹੇ ਹਨ ਜਿਹੜੇ ਕਿ ਕਾਲਜ ਤੋਂ ਬਾਹਰਲੇ ਸਨ ਅਤੇ ਉਹਨਾਂ ਵਿਚੋਂ ਕੁਝ ਬਾਰੇ ਇਸ ਕਿਸਮ ਦੀਆਂ ਵੀ ਰੀਪੋਰਟਾ ਹਨ ਕਿ ਉਹਨਾਂ ਵਿਰੁਧ ਪਿਛਲੇ ਸਮੇਂ ਵਿਚ ਬੱਸਾਂ ਆਦਿ ਸਾੜਨ ਜਾਂ ਇਸ ਕਿਸਮ ਦੀਆਂ ਹੋਰ ਅਤਿਵਾਦੀ ਕਾਰਵਾਈਆਂ ਦੇ ਸਬੰਧ ਵਿਚ ਪੁਲਸ ਕੋਲ ਕੇਸ ਦਰਜ ਹਨ। ਇਹ ਤੱਤ ਪਿਛਲੇ ਕੁਝ ਸਮੇਂ ਤੋਂ ਰਾਮਗੜ੍ਹੀਆ ਵਿਦਿਅਕ ਅਦਾਰਿਆਂ ਅੰਦਰ ਖੁਲ੍ਹੇ-ਆਮ ਆ ਜਾ ਰਹੇ ਹਨ। ਏਹੋ ਹੀ ਨਹੀਂ ਇਹ ਸਰਕਾਰੀ ਫੰਕਸ਼ਨਾਂ ਸਮੇਂ ਹੀ ਨਾਹਰੇਬਾਜ਼ੀ ਕਰਦੇ ਚਲੇ ਆ ਰਹੇ ਹਨ। ਇਸ ਤੋਂ ਬਿਨਾਂ ਇਹ ਵਿਦਿਅਕ ਅਦਾਰਿਆਂ ਨੂੰ ਜਬਰੀ ਬੰਦ ਕਰਵਾਉਣ ਲਈ ਵੀ ਹੁਲੜਬਾਜ਼ੀ ਕਰਦੇ ਚਲੇ ਆ ਰਹੇ ਹਨ।

ਫਗਵਾੜਾ ਸਹਿਰ ਦੇ ਵਿਦਿਅਕ ਅਦਾਰਿਆਂ ਦੇ ਵਿਦਿਆਰੀਆਂ, ਆਧਿਆਪਕ ਅਤੇ ਵਿਦਿਆਥੀਆਂ ਦੇ ਮਾਪੇ ਤੇ ਆਮ ਸ਼ਹਿਰੀ ਇਹਨਾਂ ਦੀਆਂ ਇਸ ਤਰ੍ਹਾਂ ਦੀਆਂ ਕਾਰਵਾਈਆਂ ਦਾ ਵਿਰੋਧ ਕਰਦੇ ਚਲੇ ਆ ਰਹੇ ਹਨ।

ਐਸ. ਐਫ. ਆਈ. ਕਾਲਜਾਂ ਨੂੰ ਜ਼ਬਰਦਸਤੀ ਬੰਦ ਕਰਵਾਉਣ ਦੀ ਪਾਲਸੀ ਦਾ ਵਿਰੋਧ ਕਰਦੀ ਚਲੀ ਆ ਰਹੀ ਹੈ ਅਤੇ ਉਸਦੀ ਇਸ ਪਾਲਿਸੀ ਨੂੰ ਆਮ ਵਿਦਿਆਰਥੀ ਬਹੁਤ ਹੀ ਸਲਾਹੁੰਦੇ ਚਲੇ ਆ ਰਹੇ ਹਨ। ਏਹੋ ਹੀ ਨਹੀਂ ਇਸ ਪਾਲਸੀ ਦੀ ਟੀਚਰਾਂ ਵਲੋਂ ਵੀ ਭਰਪੂਰ ਸਲਾਹੁਤਾ ਕੀਤੀ ਜਾਂਦੀ ਰਹੀ ਹੈ।

ਫਗਵਾੜੇ ਦੇ ਵਿਦਿਆਰਥੀ ਆਮ ਸ਼ਹਿਰੀ ਤੇ ਟੀਚਰ ਇਹ ਗਲ ਚੰਗੀ ਤਰ੍ਹਾਂ ਜਾਣਦੇ ਹਨ ਕਿ ਪੁਲਸ ਲਗਾਤਾਰ ਇਹਨਾਂ ਅਨਸਰਾਂ ਨੂੰ ਅਣਡਿਠ ਕਰਦੀ ਚਲੀ ਆ ਰਹ ਹੈ ਜਦੋਂ ਕਿ ਇਹਨਾਂ ਦੇ ਸਬੰਧ ਵਿਚ ਪੁਲਸ ਕੋਲ ਕੇਸ ਵੀ ਦਰਜ ਹਨ।

ਪਿਛਲੇ ਦਿਨੀਂ ਫਗਵਾੜਾ ਵਿਖੇ ਐਸ. ਐਫ. ਆਈ. ਦੇ ਆਗੂਆਂ ਉਤੇ ਇਹਨਾ ਅਨਸਰਾਂ ਵਲੋਂ ਜਿਹੜਾ ਹਮਲਾ ਕੀਤਾ ਗਿਆ ਉਹ ਇਸ ਗੱਲ ਦਾ ਠੋਸ ਸਬੂਤ ਹੈ ਕਿ ਇਹਨਾਂ ਅਨਸਰਾਂ ਨੂੰ ਹੋਰਨਾਂ ਤੋਂ ਬਿਨਾਂ ਪੁਲਸ ਦੀ ਵੀ ਵਿੰਗੇ-ਟੇਢੇ ਢੰਗ ਨਾਲ ਸ਼ਹਿ ਪ੍ਰਾਪਤ ਹੈ। ਜੇ ਅਜਿਹੀ ਸ਼ਹਿ ਨਾ ਹੁੰਦੀ ਤਾਂ ਇਹ ਹਮਲਾ ਕਰਨ ਦੀ ਜੁਰਅਤ ਨਾ ਕਰਦੇ।

ਐਸ. ਐਫ. ਆਈ. ਜਬਰਦਸਤੀ ਕਾਲਜ ਬੰਦ ਕਰਾਉਣ ਦੀ ਨੀਤੀ ਦਾ ਜਿਹੜਾ ਵਿਰੋਧ ਕਰ ਰਹੀ ਹੈ ਕਿ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਨਾ ਹੋਵੇ। ਇਸ ਜਥੇਬੰਦੀ ਦੀ ਇਸ ਪਾਲਿਸੀ ਦੀ ਵਿਦਿਆਰਥੀਆਂ, ਉਹਨਾਂ ਦੇ ਮਾਪਿਆਂ ਅਤੇ ਆਮ ਸ਼ਹਿਰੀਆਂ ਵਲੋਂ ਭਰਪੂਰ ਸ਼ਲਾਘਾ ਕੀਤੀ ਜਾ ਰਹੀ ਹੈ। ਇਸਦੀ ਪੁਸ਼ਟੀ ਉਸ ਹੜਤਾਲ ਐਕਸ਼ਨ ਤੋਂ ਵੀ ਹੋਈ ਜਿਹੜੀ ਕਿ ਐਸ. ਐਫ. ਆਈ. ਦੇ ਆਗੂਆਂ ਤੇ ਹਮਲੇ ਵਿਰੁਧ ਰੋਸ ਵਜੋਂ ਹੋਈ।

ਖੇਤੀ ਯੂਨੀਵਰਸਟੀ ਦੀ ਕੈਸਿਟ ਨੂੰ ਕੌਮੀ ਪੁਰਸਕਾਰ

ਲੁਧਿਆਣਾ, —ਪੰਜਾਬ ਖੇਤੀਬਾੜੀ ਯੂਨੀਵਰਸਟੀ ਲੁਧਿਆਣਾ ਵਲੋਂ ਕਣਕ ਦੀ ਕਾਸ਼ਤ ਸਬੰਧੀ ਲੋਕ ਗੀਤਾਂ ਭਰੀ ਕੈਸਿਟ 'ਬੱਲੀਏ ਕਣਕ ਦੀਏ' ਨੂੰ ਕੇਂਦਰੀ ਖੇਤੀ ਅਤੇ ਪੇਂਡੂ ਵਿਕਾਸ ਮੰਤਰਾਲੇ ਵਲੋਂ ਵਿਸ਼ੇਸ਼ ਪੁਰਸਕਾਰ ਦਿਤਾ ਗਿਆ ਹੈ। ਇਹ ਇਨਾਮ ਖੇਤੀ ਮੰਤਰਾਲੇ ਵਲੋਂ ਆਯੋਜਿਤ ਮਦੁਰਾਈ ਵਿਖੇ ਹੋਈ ਕੌਮੀ ਖੇਤੀ ਸੰਚਾਰ ਵਰਕਸ਼ਾਪ ਦੇ ਮੌਕੇ ਤੇ ਦਿਤਾ ਗਿਆ। ਇਹ ਕੈਸਿਟ ਯੂਨੀਵਰਸਟੀ ਦੇ ਸੰਚਾਰ ਕੇਂਦਰ ਦੇ ਸੰਪਾਦਕ ਸ੍ਰੀ ਅਮਰਜੀਤ ਸਿੰਘ ਗਰੇਵਾਲ ਨੇ ਤਿਆਰ ਕੀਤੀ ਸੀ, ਜਿਸ ਨੂੰ ਯੂਨੀਵਰਸਟੀ ਦੇ ਵਾਈਸ ਚਾਂਸਲਰ ਡਾ: ਸੁਖਦੇਵ ਸਿੰਘ ਨੇ ਪਿਛਲੇ ਕਿਸਾਨ ਮੇਲੇ ਤੇ ਜਾਰੀ ਕੀਤਾ ਸੀ। ਇਹ ਕਿਸਾਨਾਂ ਵਿਚ ਬਹੁਤ ਮਕਬੂਲ ਹੋਈ ਅਤੇ ਇਸ ਦੀਆਂ 500 ਤੋਂ ਵਧ ਕਾਪੀਆਂ ਇਕੋ ਦਿਨ ਵਿਚ ਵਿਕ ਗਈਆਂ ਸਨ। ਯੂਨੀਵਰਸਟੀ ਦੇ ਸੰਚਾਰ ਕੇਂਦਰ ਵਲੋਂ ਕਪਾਹ, ਗੰਨੇ ਤੇ ਝੋਨੇ ਦੀ ਕਾਸ਼ਤ ਸਬੰਧੀ ਇਸੇ ਤਰ੍ਹਾਂ ਦੀਆਂ ਕੈਸਿਟਾਂ ਤਿਆਰ ਕੀਤੀਆਂ ਜਾ ਰਹੀਆਂ ਹਨ ਜੋ ਕਿ ਆਉਣ ਵਾਲੇ ਕਿਸਾਨ ਮੇਲੇ ਤੇ ਕਿਸਾਨਾਂ ਨੂੰ ਉਪਲਬਧ ਹੋਣਗੀਆਂ।

ਸਰਬੱਤ ਖਾਲਸਾ ਸਮਾਗਮ ਵਿਚ ਵਧ ਤੋਂ ਵਧ ਪੁਜਣ ਦੀ ਅਪੀਲ

ਲੁਧਿਆਣਾ — ਅਕਾਲੀ ਜਥਾ ਸ਼ਹਿਰੀ ਦੇ ਜਨਰਲ ਸੈਕਟਰੀ ਜ: ਊਜਾਗਰ ਸਿੰਘ ਛਾਪਾ, ਜ: ਹੀਰਾ ਸਿੰਘ ਗਾਬੜੀਆਂ, ਯੁਵਾ ਨੇਤਾ ਸ: ਮਨਜੀਤ ਸਿੰਘ ਖਾਲਸਾ, ਗੁਰਦੁਆਰਾ ਅਕਾਲਗੜ੍ਹ ਦੇ ਪ੍ਰਧਾਨ ਸ: ਸਰਦਾਰਾ ਸਿੰਘ ਅਤੇ ਅਕਾਲੀ ਨੇਤਾ ਸ: ਜੈਮਲ ਸਿੰਘ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿ: ਕਿਰਪਾਲ ਸਿੰਘ ਵਲੋਂ 16 ਫਰਵਰੀ ਨੂੰ ਬੁਲਾਏ ਗਏ ਸਰਬੱਤ ਖਾਲਸਾ ਸੰਮੇਲਨ ਦਾ ਸੁਆਗਤ ਕੀਤਾ ਹੈ। ਸਾਂਝੇ ਜਾਰੀ ਬਿਆਨ ਵਿਚ ਇਨ੍ਹਾਂ ਨੇਤਾਵਾਂ ਨੇ ਆਖਿਆ ਕਿ 16 ਫਰਵਰੀ ਨੂੰ ਲੁਧਿਆਣਾ ਤੋਂ ਇਕ ਲੱਖ ਸ਼ਰਧਾਲੂ ਅੰਮ੍ਰਿਤਸਰ ਜਾਣਗੇ।

ਅੰਮ੍ਰਿਤਸਰ — ਸੀਨੀਅਰ ਅਕਾਲੀ ਨੇਤਾਵਾਂ ਜ: ਜਸਵੰਤ ਸਿੰਘ ਚੰਡੋਕ ਨੇ ਸਿੰਘ ਸਾਹਿਬ ਗਿ: ਕਿਰਪਾਲ ਸਿੰਘ ਵਲੋਂ 16 ਫਰਵਰੀ ਨੂੰ ਬੁਲਾਏ ਸਰਬਤ ਖਾਲਸਾ ਸੰਮੇਲਨ ਦਾ ਸੁਆਗਤ ਕਰਦਿਆਂ ਸਮੂਹ ਸਿੱਖ ਜਗਤ ਨੂੰ ਇਸ ਵਿਚ ਸ਼ਾਮਲ ਹੋਣ ਦੀ ਅਪੀਲ ਕੀਤੀ। ਉਨ੍ਹਾਂ ਨੇ ਪੰਥ ਵਿਰੋਧੀ ਅਨਸਰਾਂ ਨੂੰ ਵਾਰਨਿੰਗ ਦਿਤੀ ਕਿ ਜੇ ਉਨ੍ਹਾਂ ਨੇ ਆਪਣੀਆਂ ਸਰਗਰਮੀਆਂ ਨੂੰ ਬੰਦ ਨਾ ਕੀਤਾ ਤਾਂ ਇਤਿਹਾਸ ਉਨ੍ਹਾਂ ਨੂੰ ਮੁਆਫ ਨਹੀਂ ਕਰੇਗਾ।

ਬਠਿੰਡਾ — ਸੀਨੀਅਰ ਅਕਾਲੀ ਲੀਡਰ ਤੇ ਸਾਬਕ ਕੇਂਦਰੀ ਰਾਜ ਮੰਤਰੀ ਸ: ਧੰਨਾ ਸਿੰਘ ਗੁਲਸ਼ਨ ਨੇ 16 ਫਰਵਰੀ ਨੂੰ ਸਰਬੱਤ ਖਾਲਸਾ ਸੰਮੇਲਨ ਬੁਲਾਏ ਜਾਣ ਦੇ ਫੈਸਲੇ ਦਾ ਸੁਆਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਜਥੇਦਾਰ ਕਿਰਪਾਲ ਸਿੰਘ ਵਲੋਂ ਸਹੀ ਸਮੇਂ ਤੇ ਲਿਆ ਗਿਆ ਇਹ ਇਕ ਸਹੀ ਫੈਸਲਾ ਹੈ। ਇਸੇ ਦੌਰਾਨ ਸ: ਗੁਰਕਿਰਪਾਲ ਸਿੰਘ ਪ੍ਰਬੰਧਕੀ ਸਕੱਤਰ ਯੁਥ ਵਿੰਗ ਅਕਾਲੀ ਤੇ ਸ: ਰਣਬੀਰ ਸਿੰਘ ਮਾਨਸ਼ਾਹੀਆ ਜ਼ਿਲਾ ਪ੍ਰਧਾਨ ਯੂਥ ਵਿੰਗ ਨੇ ਵੀ ਸਰਬੱਤ ਖਾਲਸਾ ਬੁਲਾਉਣ ਦੇ ਫੈਸਲੇ ਦਾ ਸੁਆਗਤ ਕੀਤਾ ਹੈ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਸਰਬੱਤ ਖਾਲਸਾ ਸੰਮੇਲਨ ਸਿੱਖ ਪੰਥ ਨੂੰ ਦਰਪੇਸ਼ ਮੁਸ਼ਕਲਾਂ ਤੇ ਵਿਚਾਰ ਕਰੇਗਾ

ਫਿਰੋਜ਼ਪੁਰ — ਸ: ਹਰੀ ਸਿੰਘ ਜ਼ੀਰਾ ਐਮ ਐਲ ਏ ਯੂਥ ਵਿੰਗ, ਅਕਾਲੀ ਦਲ ਪੰਜਾਬ ਦੇ ਜਨਰਲ ਸਕੱਤਰ ਸ: ਇੰਦਰਜੀਤ ਸਿੰਘ, ਸਿੱਖ ਬੁਧੀਜੀਵੀ ਕੌਂਸਲ ਫਿਰੋਜ਼ਪੁਰ ਦੇ ਪ੍ਰਧਾਨ ਸ: ਸੁਖਦੇਵ ਸਿੰਘ ਸੰਧੂ, ਕਰਨੈਲ ਸਿੰਘ ਜ਼ਿਲਾ ਪ੍ਰਧਾਨ ਯੂਥ ਵਿੰਗ, ਸ: ਗੁਰਦੀਪ ਸਿੰਘ, ਪ੍ਰੇਮ ਸਿੰਘ (ਮੈਂਬਰ ਸ਼ਰੋਮਣੀ ਕਮੇਟੀ) ਤੇ ਹੋਰ ਕਈ ਸਥਾਨਕ ਅਕਾਲੀ ਆਗੂਆਂ ਨੇ ਜਥੇਦਾਰ ਕਿਰਪਾਲ ਸਿੰਘ ਵਲੋਂ 16 ਫਰਵਰੀ ਨੂੰ ਸਰਬੱਤ ਖਾਲਸਾ ਬੁਲਾਏ ਜਾਣ ਦਾ ਸੁਆਗਤ ਕੀਤਾ ਹੈ।

ਪਟਿਆਲਾ — ਅਸਲ ਵਿਚ ਕਾਰ ਸੇਵਾ ਦਾ ਮਸਲਾ ਧਾਰਮਕ ਤੇ ਸਿਰਫ ਇਕੱਲੇ ਸਿੱਖਾਂ ਨਾਲ ਹੀ ਸਬੰਧਤ ਹੈ ਇਸ ਲਈ ਇਸ ਦਾ ਹੱਲ ਸਿੱਖਾਂ ਤੇ ਸਿੱਖਾਂ ਦੀਆਂ ਪ੍ਰਤੀਨਿਧ ਸੰਸਥਾਵਾਂ ਨੂੰ ਰਲ ਮਿਲ ਕੇ ਇਕੱਠੇ ਹੋ ਕੇ ਅਤੇ ਟਕਰਾਓ ਦੀ ਥਾਂ ਪ੍ਰੇਮ ਭਾਵ ਨਾਲ ਨਜਿਠਣਾ ਚਾਹੀਦਾ ਹੈ। ਜੇਕਰ ਪੰਜਾਬ ਸਰਕਾਰ ਦਾ ਧਿਆਨ ਤੇ ਬਹੁਤਾ ਸਮਾਂ ਅਜਿਹੇ ਮਸਲਿਆਂ ਵਲ ਲਗਿਆ ਰਿਹਾ ਤਾਂ ਦੰਗਾ ਪੀੜਤਾਂ, ਅੰਦੋਲਨਾਂ ਤੋਂ ਪ੍ਰਭਾਵਤ ਨੌਜਵਾਨਾਂ ਅਤੇ ਫੌਜੀਆਂ ਦੇ ਮੁੜ ਵਸੇਬੇ ਲਈ ਅਤੇ ਪੰਜਾਬ ਦੀ ਖੁਸ਼ਹਾਲੀ ਅਤੇ ਤਰੱਕੀ ਲਈ ਸ: ਸੁਰਜੀਤ ਸਿੰਘ ਬਰਨਾਲਾ ਮੁਖ ਮੰਤਰੀ ਵਲੋਂ ਚੁਕੇ ਜਾ ਰਹੇ ਕਦਮਾਂ ਵਿਚ ਦੇਰੀ ਹੋ ਸਕਦੀ ਹੈ। ਸਾਨੂੰ ਵੱਧ ਤੋਂ ਵੱਧ ਗਿਣਤੀ ਵਿਚ ਸਰਬੱਤ ਖਾਲਸਾ ਸੰਮੇਲਨ ਵਿਚ ਪੁਜਣਾ ਚਾਹੀਦਾ ਹੈ।

ਸ: ਜਸਦੇਵ ਸਿੰਘ ਸੰਧੂ ਐਮ. ਐਲ. ਏ. ਨੇ ਵੀ ਅਪੀਲ ਕੀਤੀ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਕਿਰਪਾਲ ਸਿੰਘ ਵਲੋਂ ਜੋ ਸਰਬੱਤ ਖਾਲਸਾ ਦਾ ਇਕੱਠ ਬੁਲਾਇਆ ਗਿਆ ਹੈ ਉਸ ਵਿਚ ਸਮੂਹ ਸਿੰਘਾਂ ਨੂੰ ਵਧ ਚੜ੍ਹ ਕੇ ਸ਼ਾਮਲ ਹੋ ਕੇ ਪੰਥ ਦੀ ਚੜ੍ਹਦੀ ਕਲਾ ਲਈ ਗੁਰਮਤੇ ਕਰਨੇ ਚਾਹੀਦੇ ਹਨ। ਸਿਖ ਪੰਥ ਦੇ ਕਿਸੇ ਵੀ ਵਰਗ ਨੇ ਇਸ ਮਹਾਨ ਇਕੱਠ ਵਿਚ ਕਿਸੇ ਤਰ੍ਹਾਂ ਦੀ ਰੋਕ ਨਹੀਂ ਪਾਉਣੀ ਚਾਹੀਦੀ ਅਤੇ ਇਸਦੇ ਕੀਤੇ ਫੈਸਲਿਆਂ ਨੂੰ ਮੰਨਣਾ ਹਰ ਸਿੱਖ ਦਾ ਫਰਜ਼ ਹੈ।

ਆਲ ਇੰਡੀਆ ਸਿਖ ਯੂਥ ਫੈਡਰੇਸ਼ਨ ਦੀ ਇਕ ਹੰਗਾਮੀ ਮੀਟਿੰਗ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਨਿਊ ਸੁਭਾਸ਼ ਨਗਰ ਵਿਖੇ ਬਲਵਿੰਦਰ ਸਿੰਘ 'ਪਾਪੀ' ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ 16 ਤਾਰੀਕ ਨੂੰ ਸਰਬੱਤ ਖਾਲਸਾ ਇਕੱਠ ਦੇ ਬੁਲਾਏ ਜਾਣ ਦਾ ਸਵਾਗਤ ਕੀਤਾ ਗਿਆ। ਸ: ਪਾਪੀ ਨੇ ਕਿਹਾ ਕਿ ਉਹ ਆਲ ਇੰਡੀਆ ਸਿੱਖ ਯੂਥ ਫੈਡਰੇਸ਼ਨ ਵਲੋਂ ਹਜ਼ਾਰਾਂ ਦੀ ਗਿਣਤੀ ਵਿਚ ਜਥਾ ਲੈ ਕੇ ਸਰਬੱਤ ਖਾਲਸਾ ਕਾਨਫਰੰਸ ਵਿਚ ਸ਼ਾਮਲ ਹੋਣਗੇ।

ਤੋੜਫੋੜ ਦੇ 60 ਦੋਸ਼ੀ ਕਾਬੂ

ਜੰਮੂ — ਜੰਮੂ ਕਸ਼ਮੀਰ ਪੁਲਸ ਨੇ ਕਿਹਾ ਕਿ ਉਸ ਨੇ ਭਾਰਤ-ਪਾਕਿਸਤਾਨ ਸਰਹੱਦ ਰਾਹੀਂ ਹਥਿਆਰਾਂ ਦੇ ਸਮਗਲਰਾਂ ਅਤੇ ਤੋੜਫੋੜ ਕਰਨ ਵਾਲਿਆਂ ਦੇ ਗਿਰੋਹ ਦਾ ਪਤਾ ਲਗਾ ਕੇ ਇਸ ਦੇ ਅੱਠ ਮੈਂਬਰਾਂ ਨੂੰ ਗ੍ਰਿਫਤਾਰ ਕਰ ਲਿਆ ਹੈ। ਪੁਲਸ ਦੇ ਇਕ ਤਰਜਮਾਨ ਨੇ ਕਿਹਾ ਕਿ ਇਹ ਗਰੋਹ ਪਿਛਲੇ ਕਈ ਸਾਲਾਂ ਤੋਂ ਸਰਹੱਦੀ ਜ਼ਿਲੇ ਪੁੰਛ ਤੋਂ ਕਾਰਵਾਈਆਂ ਕਰਦਾ ਆ ਰਿਹਾ ਸੀ। ਤਰਜਮਾਨ ਅਨੁਸਾਰ ਪੁੰਛ ਪੁਲਸ ਨੇ ਤੋੜਫੋੜ ਅਤੇ ਪਾਕਿਸਤਾਨ ਤੇ ਕਸ਼ਮੀਰ ਵਿਚਲੀ ਕੰਟਰੋਲ ਰੇਖਾ ਤੋਂ ਹਥਿਆਰਾਂ ਦੀ ਸਮਗਲਿੰਗ ਕਰਨ ਵਾਲੇ ਪੰਜ ਬੰਦਿਆਂ ਨੂੰ ਗ੍ਰਿਫਤਾਰ ਕੀਤਾ ਹੈ ਅਤੇ ਇਨ੍ਹਾਂ ਫੜੇ ਗਏ ਬੰਦਿਆਂ ਦੀ ਸੂਚਨਾ ਤੇ ਪੁਲਸ ਨੇ ਜੰਮੂ ਸ਼ਹਿਰ ਵਿਚ ਕਈ ਥਾਂ ਛਾਪੇ ਮਾਰੇ ਅਤੇ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ। ਇਨ੍ਹਾਂ ਪਾਸੋਂ ਤਿੰਨ ਆਧੁਨਿਕ ਰਿਵਾਲਵਰ ਅਤੇ ਇਕ ਪੈਨ-ਪਿਸਤੌਲ ਬਰਾਮਦ ਕੀਤਾ ਗਿਆ ਹੈ। ਪੁਲਸ ਤਰਜਮਾਨ ਨੇ ਕਿਹਾ ਕਿ ਹਥਿਆਰਾਂ ਦੀ ਸਮਗਲਿੰਗ ਅਤੇ ਤੋੜ ਫੋੜ ਕਰਨ ਵਾਲਾ ਇਹ ਚੌਥਾ ਗਰੋਹ ਹੈ, ਜਿਸ ਦਾ ਪਤਾ ਪਿਛਲੇ ਸੱਤ ਮਹੀਨਿਆਂ ਵਿਚ ਲਗਾਇਆ ਗਿਆ ਹੈ। ਪੁੰਛ ਜ਼ਿਲੇ ਦੇ ਪੁਲਸ ਮੁਖੀ ਅਨੁਸਾਰ 30 ਤੋਂ ਵੱਧ ਆਧੁਨਿਕ ਰਿਵਾਲਵਰ ਅਤੇ ਪਸਤੌਲ ਅਤੇ ਭਾਰੀ ਮਾਤਰਾ ਵਿਚ ਗੋਲਾ ਬਾਰੂਦ ਕਾਬੂ ਕਰਨ ਤੋਂ ਇਲਾਵਾ ਇਨ੍ਹਾਂ ਗਰੋਹਾਂ ਦੇ ਸੱਠ ਮੈਂਬਰ ਹੁਣ ਤੱਕ ਫੜੇ ਗਏ ਹਨ।

ਬੀ. ਸੀ. ਸਰਕਾਰ ਵਲੋਂ ਮੰਤਰੀਆਂ ਦੇ ਅਹੁਦੇ ਤਬਦੀਲ

ਵਿਕਟੋਰੀਆ — ਬੀ. ਸੀ. ਦੇ ਪ੍ਰੀਮੀਅਰ ਮਿ: ਬਿਲ ਵੈਨਿਟ ਨੇ ਆਪਣੀ ਵਜ਼ਾਰਤ ਵਿਚ ਸ਼ਾਮਲ ਮੰਤਰੀਆਂ ਦੇ ਅਹੁਦਿਆਂ ਵਿਚ ਤਬਦੀਲੀ ਕਰ ਦਿਤੀ ਹੈ:

ਵਿਲੀਅਮ ਵੈਨਿਅ : ਪ੍ਰੀਮੀਅਰ
ਗ੍ਰੇਸ ਮੈਕਾਰਥੀ : ਪ੍ਰੋਵਿੰਨਸ਼ਲ ਸੈਕਟਰੀ ਅਤੇ ਸਰਕਾਰੀ ਸਰਵਿਸਜ਼
ਬਰਾਇਨ ਸਮਿੱਥ : ਅਟੌਰਨੀ ਜਨਰਲ
ਜੈਕ ਕੈਂਫ : ਲੈਂਡਜ਼, ਪਾਰਕਸ ਤੇ ਹਾਊਸਿੰਗ
ਹਿਊ ਕਰਟਿਸ : ਫਾਈਨੈਂਨਸ
ਥਾਮਸ ਵਾਟਰਲੈਂਡ : ਐਗਰੀਕਲਚਰ
ਐਲਵੁੱਡ ਵਾਈਸ : ਕਨਜ਼ਿਊਮਰ ਅਤੇ ਕਾਰਪੋਰੇਟ ਅਫੇਰਜ਼
ਟੋਨੀ ਬਰੌਮਟ : ਐਨਰਜ਼ੀ
ਜੇਮਜ਼ ਹਿਊਟ : ਐਜੂਕੇਸ਼ਨ
ਟੈਰੀ ਸੈਗਾਰਟੀ : ਲੇਬਰ
ਪੈਟ ਮੈਕਗੀਅਰ : ਇੰਟਰਨੈਸ਼ਨਲ ਟਰੇਡ, ਸਾਇੰਸ ਅਤੇ ਕਮਿਊਨੀਕੇਸ਼ਨ
ਰਾਬਰਟ ਮੈਕਲੈਂਡ : ਇੰਡਸਟਰੀ
ਵਿਲੀਅਮ ਰਿਚੀ : ਮਿਊਂਸਪਲ
ਜੈਕ ਹਾਈਨਰੈਕ : ਫੌਰੈਸਟ
ਸਟੀਫਨ ਰੋਜ਼ਰਜ : ਹੈਲਥ
ਜੇਮਜ਼ ਨੀਲਸਨ : ਹਿਊਮਨ ਰੀਸੋਰਜ਼ਜ਼
ਰਸਲ ਫਰੇਜ਼ਰ : ਪੋਸਟ-ਸੈਕੰਡਰੀ ਐਜੂਕੇਸ਼ਨ
ਅਲੈਕਸ ਫਰੇਜ਼ਰ : ਹਾਈਵੇਜ਼
ਆਸਟਨ ਪੈਲਟਨ : ਇਨਵਾਇਰਨਮੈਂਟ
ਕਲਾਊਡ ਰਿਚਮੰਡ : ਟੂ ਰਇਜ਼ਮ
ਗਾਰਡੀ ਗਾਰਡਮ : ਇੰਟਰ-ਗਵਰਨਮੈਂਟਲ ਰੀਲੇਸ਼ਨਜ਼

ਅਜਨਬੀ ਦੇ ਵਾਂਗ ਲੰਘੀ ਮੌਤ ਕੋਲੋਂ,
ਜ਼ਿੰਦਗੀ ਨੂੰ ਜੋ ਬੁਲਾਇਆ, ਉਹ ਖ਼ਫ਼ਾ ਸੀ।
ਰੇਤ ਦੀ ਮੁੱਠੀ ਬਣੀ, ਉਸ ਦਾ ਮੁਕੱਦਰ,
ਸੁਫ਼ਨਿਆਂ ਵਿਚ ਜੋ ਸਮੁੰਦਰ ਡੋਬਦਾ ਸੀ।
ਜ਼ਿਹਨ ਦੇ ਵਿਚ ਬਾਜ਼ ਦੇ ਪੰਜੇ ਹਜ਼ਾਰਾਂ,
ਜਿਸਮ 'ਤੇ ਚਿੱਟਾ ਕਬੂਤਰ ਗੁਟਕਦਾ ਸੀ।

ਦਰਬਾਰ ਸਾਹਿਬ ਦੁਆਲੇ ਸਖਤ ਸੁਰਖਿਆ ਪ੍ਰਬੰਧ

ਅੰਮ੍ਰਿਤਸਰ — ਪਤਾ ਲੱਗਾ ਹੈ ਕਿ ਕੇਂਦਰ ਦੇ ਨੀਮ ਫੌਜੀ ਦਸਤਿਆਂ ਜਿਹਨਾਂ ਵਿਚ ਸੀ. ਆਰ. ਪੀ. ਐਫ. ਅਤੇ ਬੀ. ਐਸ. ਐਫ. ਵੀ ਸ਼ਾਮਲ ਹੈ ਨੇ ਦਰਬਾਰ ਸਾਹਿਬ ਦੁਆਲੇ ਸਖਤ ਘੇਰਾ ਬੰਦੀ ਸ਼ੁਰੂ ਕਰ ਦਿਤੀ ਹੈ। ਭਾਰੀ ਗਿਣਤੀ ਵਿਚ ਅਰਧ ਸੈਨਿਕ ਦਸਤੇ ਅੰਮ੍ਰਿਤਸਰ ਵਿਚ ਪੁਜੇ। ਸੁਰਖਿਆ ਕਾਰਵਾਈਆਂ ਪੱਖੋਂ ਅਹਿਮ 18 ਉਚੇ ਮਕਾਨਾਂ ਉਤੇ ਨੀਮ ਫੌਜੀ ਦਸਤਿਆਂ ਨੂੰ ਬਿਠਾਇਆ ਜਾ ਰਿਹਾ ਹੈ ਤੇ ਕੇਂਦਰੀ ਦਸਤਿਆਂ ਵਲੋਂ ਫੇਰ ਤੋਂ ਮੋਰਚਾ ਬੰਦਾ ਸ਼ੁਰੂ ਹੋ ਗਈ ਹੈ। ਬਜ਼ਾਰਾਂ ਵਿਚ ਵੀ ਭਾਰੀ ਮਿਕਦਾਰ ਵਿਚ ਚੌਕੀਆਂ ਤਾਇਨਾਤ ਕੀਤੀਆਂ ਜਾ ਰਹੀਆਂ ਹਨ। 16 ਫਰਵਰੀ ਦੇ ਸਰਬਤ ਖਾਲਸਾ ਸੰਮੇਲਨ 'ਚ ਹਿਸਾ ਲੈਣ ਬਾਰੇ ਖਬਰ ਤੇ ਟਿਪਣੀ ਕਰਦਿਆਂ ਸ਼ਰੋਮਣੀ ਕਮੇਟੀ ਦੇ ਇਕ ਬੁਲਾਰੇ ਨੇ ਕਿਹਾ ਕਿ ਇਹ ਗੱਲ ਸ਼ੱਕੀ ਜਾਪਦੀ ਹੈ। ਉਹਨਾਂ ਕਿਹਾ ਕਿ 26 ਜਨਵਰੀ ਵਾਲੇ ਦਿਨ ਹੋਏ ਸਮਝੌਤੇ ਨੂੰ ਅਮਲ ਵਿਚ ਨਾ ਲਿਆ ਕੇ ਟਕਸਾਲ ਨੇ ਇਹ ਪ੍ਰਮਾਣ ਦੇ ਦਿਤਾ ਹੈ।

ਇਕ ਹੋਰ ਐਸ. ਜੀ. ਪੀ. ਸੀ. ਮੈਂਬਰ ਅਨੁਸਾਰ 16 ਦੇ ਸੰਮੇਲਨ ਲਈ ਅਕਾਲ ਤਖਤ ਤਕ ਪਹੁੰਚਣ ਲਈ ਸ਼ਰੋਮਣੀ ਗੁ: ਪ੍ਰੰ: ਕਮੇਟੀ ਨੂੰ ਵਿਸ਼ੇਸ਼ ਢੰਗ ਤਰੀਕੇ ਵਰਤਣੇ ਪੈਣਗੇ। ਉਹਨਾਂ ਕਿਹਾ ਕਿ ਉਸ ਟਕਰਾਅ ਦੀ ਸੰਭਾਵਨਾ ਨੂੰ ਰੱਦ ਨਹੀਂ ਕੀਤਾ ਜਾ ਸਕਦਾ।

ਪੁਲਸ ਦਰਬਾਰ ਸਾਹਿਬ ਵਿਚ ਦਾਖਲ ਨਹੀਂ ਹੋਵੇਗੀ — ਬਲਵੰਤ ਸਿੰਘ

ਸ਼ਾਂਤਮਈ 'ਸ਼ਹੀਦੀ ਜਥੇ' ਹੀ ਸਮੂਹ ਨੂੰ ਮੁਕਤ ਕਰਾਉਣਗੇ

ਫਗਵਾੜਾ — ਪੰਜਾਬ ਦੇ ਵਿੱਤ ਮੰਤਰੀ ਸ: ਬਲਵੰਤ ਸਿੰਘ ਨੇ ਐਲਾਨ ਕੀਤਾ ਹੈ ਕਿ ਪੁਲਸ 16 ਫਰਵਰੀ ਨੂੰ ਦਰਬਾਰ ਸਾਹਿਬ ਸਮੂਹ ਵਿਚ ਦਾਖਲ ਨਹੀਂ ਹੋਵੇਗੀ। ਉਸ ਦਿਨ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਨੇ ਉਥੇ ਸਰਬੱਤ ਖਾਲਸਾ ਇਕੱਠ ਸੱਦਿਆ ਹੈ। ਉਨ੍ਹਾਂ ਕਿਹਾ ਕਿ ਜੇ ਸ਼ਰੋਮਣੀ ਕਮੇਟੀ ਨੇ ਸਮੂਹ ਵਿਚ ਪੁਲਸ ਬੁਲਾਉਣ ਲਈ ਲਿਖਤੀ ਬੇਨਤੀ ਕੀਤੀ ਤਾਂ ਹੀ ਸਰਕਾਰ ਕੋਈ ਅਜਿਹੀ ਕਾਰਵਾਈ ਕਰੇਗੀ ਨਹੀਂ ਤਾਂ ਇਹ ਆਪਣੇ ਤੌਰ ਤੇ ਇਸ ਵਿਚ ਕੋਈ ਦਖਲ ਨਹੀਂ ਦੇਣਾ ਚਾਹੁੰਦੀ। ਸ: ਬਲਵੰਤ ਸਿੰਘ ਜਿਨ੍ਹਾਂ ਦਾ ਪੰਜਾਬ ਮੰਤਰੀ ਮੰਡਲ ਵਿਚ ਦੂਜਾ ਸਥਾਨ ਹੈ, ਨੇ ਦਾਅਵਾ ਕੀਤਾ ਕਿ 16 ਫਰਵਰੀ ਨੂੰ ਦਰਬਾਰ ਸਾਹਿਬ ਨੂੰ ਮੁਕਤ ਕਰਾਉਣ ਲਈ ਦੁਨੀਆਂ ਭਰ ਤੋਂ ਆਏ ਸਿੱਖ ਸੰਗਤਾਂ ਦੇ ਸ਼ਾਂਤਮਈ ਸ਼ਹੀਦੀ ਜਥੇ ਸ੍ਰੀ ਅਕਾਲ ਤਖਤ ਸਾਹਿਬ ਤੇ ਇਕੱਠੇ ਹੋਣਗੇ।

ਬੁਨਿਆਦੀ ਉਦੇਸ਼

ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖਤ ਦੇ ਜਥੇਦਾਰ ਵਲੋਂ ਬੁਲਾਏ ਸਰਬੱਤ ਖਾਲਸਾ ਇਕੱਠ ਦਾ ਬੁਨਿਆਦੀ ਉਦੇਸ਼ ਦਰਬਾਰ ਸਾਹਿਕ ਸਮੂਹ ਨੂੰ ਮੁਕਤ ਕਰਾਉਣਾ ਹੈ ਤੇ ਇਸ ਵੇਲੇ ਸਾਰੇ ਦੇਸ਼ ਵਾਸੀਆਂ ਦੀਆਂ ਅੱਖਾਂ ਅੰਮ੍ਰਿਤਸਰ ਵੱਲ ਲੱਗੀਆਂ ਹੋਈਆਂ ਹਨ। ਇਹ ਪੁੱਛੇ ਜਾਣ ਤੇ ਕਿ ਪੂਰੀ ਤਰ੍ਹਾਂ ਮੋਰਚੇਬੰਦ ਖਾੜਕੂਆਂ ਨੂੰ ਸ਼ਾਂਤਮਈ ਢੰਗ ਨਾਲ ਕਿਵੇਂ ਬਾਹਰ ਕੱਢਿਆ ਜਾਵੇਗਾ ਤਾਂ ਉਨ੍ਹਾਂ ਕਿਹਾ ਕਿ 'ਕੋਈ ਵੀ ਸੱਚਾ ਸਿੱਖ ਸ਼ਾਂਤਮਈ ਲੋਕਾਂ ਤੇ ਹਮਲਾ ਨਹੀਂ ਕਰ ਸਕਦਾ।'

ਕਾਰ ਸੇਵਾ

ਸ. ਬਲਵੰਤ ਸਿੰਘ ਨੇ ਦਾਅਵਾ ਕੀਤਾ ਕਿ ਮੌਜੂਦਾ ਕਾਰਸੇਵਾ ਕਰਾਉਣ ਵਾਲੇ ਪੂਰੀ ਤਰ੍ਹਾਂ ਅਲੱਗ ਥਲੱਗ ਹੋ ਚੁੱਕੇ ਹਨ ਤੇ ਪੂਰੀ ਸਿੱਖ ਕੌਮ ਗਿਆਨੀ ਕਿਰਪਾਲ ਸਿੰਘ ਦੇ ਨਾਲ ਹੈ। ਉਨ੍ਹਾਂ ਇਸ ਗੱਲ ਦਾ ਖੰਡਨ ਕੀਤਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ. ਗੁਰਚਰਨ ਸਿੰਘ ਟੌਹੜਾ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਸ. ਬਲਵੰਤ ਸਿੰਘ ਨੇ ਰਾਜ ਵਿਚ ਅਮਨ ਅਮਾਨ ਲਈ ਪੰਜਾਬ ਸਮਝੌਤੇ ਨੂੰ ਉਸ ਦੀ ਅਸਲ ਭਾਵਨਾ ਵਿਚ ਲਾਗੂ ਕਰਨ ਦੀ ਮੰਗ ਕੀਤੀ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਨੂੰ ਮੈਥਿਊ ਕਮਿਸ਼ਨ ਦੇ ਫੈਸਲੇ ਤੋਂ ਬਹੁਤਾ ਲਾਹਾ ਮਿਲਿਆ ਹੈ। ਇਸ ਨੇ ਹਮੇਸ਼ਾ ਲਈ ਸਪੱਸ਼ਟ ਕਰ ਦਿਤਾ ਹੈ ਕਿ ਫਾਜ਼ਿਲਕਾ ਅਤੇ ਅਬੋਹਰ ਦੇ ਹਲਕੇ ਪੰਜਾਬ ਦੇ ਅਟੁੱਟ ਅੰਗ ਹਨ। ਵਿੱਤ ਮੰਤਰੀ ਨੇ ਸਰਕਾਰ ਦੀ ਉਸ ਨੀਤੀ ਨੂੰ ਮੁੜ ਦੁਹਰਾਇਆ ਕਿ ਇਹ ਕੁਰਾਹੇ ਪਏ ਨੌਜਵਾਨਾਂ ਨੂੰ ਪਿਆਰ ਅਤੇ ਹਮਦਰਦੀ ਨਾਲ ਮੁੜ ਕੌਮੀਮੁਖਧਾਰਾ ਵਿਚ ਲੈ ਆਵੇਗੀ। ਸ. ਬਲਵੰਤ ਸਿੰਘ ਨੇ ਸਥਾਨਕ ਰੈਸਟ ਹਾਊਸ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਨ ਤੋਂ ਪਿਛੋਂ ਅਕਾਲੀ ਵਰਕਰਾਂ ਨਾਲ ਬੈਠਕਾਂ ਕੀਤੀਆਂ ਤੇ ਸਮਝਿਆ ਜਾਂਦਾ ਹੈ ਕਿ ਉਨ੍ਹਾਂ ਨੇ 16 ਫਰਵਰੀ ਦੇ ਸਰਬੱਤ ਖਾਲਸਾ ਇਕੱਠ ਵਿਚ ਵੱਧ ਤੋਂ ਵੱਧ ਸਿੱਖਾਂ ਨੂੰ ਅੰਮ੍ਰਿਤਸਰ ਲਿਜਾਣ ਦੀ ਪ੍ਰੇਰਣਾ ਦਿੱਤੀ। ਸ. ਬਲਵੰਤ ਸਿੰਘ ਨੇ ਤਰਨਾ ਦਲ ਦੇ ਨਿਹੰਗ ਮੁਖੀ ਬਾਬਾ ਨਿਹਾਲ ਸਿੰਘ ਹਰੀਆਂਵੇਲਾਂ ਨਾਲ ਵੀ ਵਿਸ਼ੇਸ਼ ਤੌਰ ਤੇ ਮੁਲਾਕਾਤ ਕੀਤੀ। ਇਸ ਤੋਂ ਪਹਿਲਾਂ ਅਕਾਲੀ ਨੇਤਾ ਸ: ਜਗਤ ਸਿੰਘ ਪਲਾਹੀ, ਸ. ਮੋਤਾ ਸਿੰਘ ਦਿਓਲ, ਸ. ਜਰਨੈਲ ਸਿੰਘ. ਸ. ਸੁਰਜੀਤ ਸਿੰਘ ਪਾਹਵਾ, ਸ. ਕਰਮ ਸਿੰਘ ਠੇਕੇਦਾਰ, ਸ. ਕਿਰਪਾਲ ਸਿੰਘ ਅਤੇ ਸ. ਜੁਗਿੰਦਰ ਸਿੰਘ ਗੁਲਾਟੀ ਅਤੇ ਸੰਤ ਅਜੀਤ ਸਿੰਘ ਨੇ ਸ. ਬਲਵੰਤ ਸਿੰਘ ਦਾ ਇਥੇ ਪੁੱਜਣ ਤੇ ਨਿੱਘਾ ਸਵਾਗਤ ਕੀਤਾ। ਸ. ਬਲਵੰਤ ਸਿੰਘ ਨੂੰ ਫਗਵਾੜਾ ਦੇ ਵਿਕਾਸ ਅਤੇ ਇਕ ਹਸਪਤਾਲ ਦੀ ਉਸਾਰੀ ਲਈ ਇਕ ਮੰਗ ਪੱਤਰ ਵੀ ਦਿੱਤਾ।

ਬਰਨਾਲਾ ਸਰਕਾਰ ਅਸਤੀਫਾ ਦੇਣ ਦੀ ਥਾਂ ਸਥਿਤੀ ਦਾ ਟਾਕਰਾ ਕਰੇ — ਬਲਦੇਵ ਪ੍ਰਕਾਸ਼

ਹੁਸ਼ਿਆਰਪੁਰ — ਪੰਜਾਬ ਭਾਜਪਾ ਦੇ ਪ੍ਰਧਾਨ ਡਾ: ਬਲਦੇਵ ਪ੍ਰਕਾਸ਼ ਨੇ ਬਰਨਾਲਾ ਸਰਕਾਰ ਨੂੰ ਕਿਹਾ ਹੈ ਕਿ ਉਹ ਅਸਤੀਫਾ ਨਾ ਦੇਵੇ ਅਤੇ ਬਿਨਾਂ ਕਿਸੇ ਡਰ ਜਾਂ ਲਿਹਾਜ਼ ਦੇ ਸਥਿਤੀ ਦਾ ਮੁਕਾਬਲਾ ਕਰੇ। ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਲੋਕਾਂ ਨੇ ਅਕਾਲੀ ਦਲ ਦੇ ਹੱਕ ਵਿਚ ਫਤਵਾ ਦਿਤਾ ਹੈ ਅਤੇ ਹੁਣ ਉਸ ਨੂੰ ਪੂਰੀ ਜ਼ਿੰਮੇਵਾਰੀ ਨਾਲ ਮੌਜੂਦਾ ਹਾਲਾਤ ਨਾਲ ਨਿਪਟਣਾ ਚਾਹੀਦਾ ਹੈ। ਦਹਿਸ਼ਤਵਾਦ ਦਾ ਖਾਤਮਾ ਸਰਕਾਰ ਦਾ ਪ੍ਰਥਮ ਫਰਜ਼ ਹੈ ਅਤੇ ਇਸ ਲਈ ਉਸ ਨੂੰ 'ਖੁਸ਼ ਰਖਣ' ਦੀ ਨੀਤੀ ਤਿਆਗ ਦੇਣੀ ਚਾਹੀਦੀ ਹੈ। ਭਾਜਪਾ ਆਗੂ ਨੇ ਵਿਚਾਰ ਪ੍ਰਗਟ ਕੀਤਾ ਕਿ ਜੇਕਰ ਅਕਾਲੀ ਸਰਕਾਰ ਦਹਿਸ਼ਤਪਸੰਦਾਂ ਅਤੇ ਵਖਵਾਦੀਆਂ ਨਾਲ ਨਿਪਟਣ ਅਤੇ ਅਮਨ ਕਾਨੂੰਨ ਕਾਇਮ ਰੱਖਣ ਵਿਚ ਅਸਫਲ ਰਹਿੰਦੀ ਹੈ ਤਾਂ ਆਪੋਜੀਸ਼ਨ ਪਾਰਟੀਆਂ ਕਈ ਸਾਲ ਸੱਤਾ ਵਿਚ ਨਹੀਂ ਆ ਸਕਣਗੀਆਂ। ਉਨ੍ਹਾਂ ਸੁਝਾਅ ਦਿਤਾ ਕਿ ਬਰਨਾਲਾ ਸਰਕਾਰ ਨੂੰ ਆਪੋਜ਼ੀਸ਼ਨ ਪਾਰਟੀਆਂ ਨੂੰ ਰਾਜ ਪੱਧਰ ਅਤੇ ਜ਼ਿਲਾ ਪੱਧਰ ਤੇ ਵਿਸ਼ਵਾਸ਼ ਵਿਚ ਲੈਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਸ਼ਿਕਾਇਤ ਕਮੇਟੀਆਂ ਅਤੇ ਹੋਰ ਕਮੇਟੀਆਂ ਵਿਚ ਪ੍ਰਤੀਨਿਧਤਾ ਦੇਣੀ ਚਾਹੀਦੀ ਹੈ। ਉਨ੍ਹਾਂ ਅਕਾਲੀ ਸਰਕਾਰ ਤੇ ਦੋਸ਼ ਲਗਾਇਆ ਕਿ ਉਹ ਇਕ ਫਿਰਕੇ ਪ੍ਰਤੀ ਪੱਖਪਾਤ ਤੋਂ ਕੰਮ ਲੈ ਰਿਹਾ ਹੈ। ਉਨ੍ਹਾਂ ਕਿਹਾ ਕਿ ਬਰਨਾਲਾ ਸਰਕਾਰ ਨੂੰ ਨਿਰਪੱਖ ਹੋ ਕੇ ਕੰਮ ਕਰਨਾ ਚਾਹੀਦਾ ਹੈ ਅਤੇ ਕਿਸੇ ਨਾਲ ਭੇਦ ਭਾਵ ਨਹੀਂ ਕਰਨਾ ਚਾਹੀਦਾ।

ਸਰ ਐਲਡਨ ਗ੍ਰਿਫਤਸ

ਰਾਮ ਸਿੰਘ ਢਿੱਲੋਂ (ਗੋਰਾਇਆ) ਸਰੀ

ਸਰ ਐਲਡਨ ਗ੍ਰਿਫਿਤਸ, ਮੈਂਬਰ, ਬ੍ਰਿਟਿਸ਼ ਪਾਰਲੀਮੈਂਟ ਕਹਿੰਦਾ. ਕਿ ਸ੍ਰੀ ਸੁਰਜੀਤ ਸਿੰਘ ਬਰਨਾਲਾ ਚਾਹੁੰਦਾ ਹੈ ਕਿ "ਦਿੱਲੀ-ਪੰਜਾਬ ਸੰਧੀ ਦੀ ਸਾਰਥਕ-ਰੂਪ ਵਿਚ ਪਾਲਣਾ ਹੋਣੀ ਚਾਹੀਦੀ ਹੈ।"

ਸਰ ਐਲਡਨ ਜਿਹੜਾ ਪਿਛਲੇ 21 ਸਾਲਾਂ ਤੋਂ ਬਰਤਾਨੀਆਂ ਦੇ ਹਾਊਸ ਆਫ ਕਾਮਨਜ਼ ਦਾ ਮੈਂਬਰ ਚਲਿਆ ਆ ਰਿਹਾ ਹੈ, ਤਿੰਨ ਵੀਕ ਪਹਿਲਾਂ ਇੰਡੀਅਨ ਕਾਂਗਰਸ ਦੀ ਬੰਬੇ ਵਿਖੇ, ਸੌ ਸਾਲਾ ਜੁਬਲੀ ਉਤਸਵ ਵਿਚ ਸ਼ਾਮਿਲ ਹੋਣ ਲਈ ਆਇਆ ਸੀ। ਉਸ ਤੋਂ ਇਲਾਵਾ ਹੋਰ ਵੀ ਬ੍ਰਿਟਿਸ਼ ਲੀਡਰ, ਲਾਰਡ ਫੈਨ੍ਹ ਬ੍ਰੋਕਵੇ, ਮਿਸਟਰ ਜੂਲੀਅਸ ਸਿਲਵਰਮੈਨ (ਇਹ ਦੋਵੇਂ ਭਾਰਤੀ ਆਜ਼ਾਦੀ ਲਹਿਰ ਦੇ ਤਕੜੇ ਹਮਾਇਤੀ ਰਹੇ ਹਨ) ਅਤੇ ਲੇਬਰ ਮੈਂਬਰ ਪਾਰਲੀਮੈਂਟ ਮਿ: ਗਾਈਲਜ਼ ਰੈਡਿਸ ਵੀ ਸਨ।

ਸਰ ਐਲਡਨ ਨੇ ਸ: ਸੁਰਜੀਤ ਸਿੰਘ ਬਰਨਾਲਾ, ਜਿਹੜਾ ਅਕਾਲੀ ਦਲ ਦਾ ਪਰਧਾਨ ਵੀ ਹੈ, ਨਾਲ ਕਲ੍ਹ ਦੁਪਹਿਰ ਦਾ ਖਾਣਾ ਖਾਧਾ ਜਿਥੇ ਪੰਜਾਬ ਦੇ ਮੰਤਰੀ, ਅਕਾਲੀ ਐਮ ਪੀਜ਼, ਅਕਾਲੀ ਐਮ ਐਲ ਏਜ਼ ਅਤੇ ਜ਼ਿਲਾ ਜਥੇਦਾਰ ਵੀ ਸ਼ਾਮਿਲ ਸਨ।

ਇੰਗਲੈਂਡ ਪਰਤਣ ਤੇ ਸਰ ਐਲਡਨ ਆਪਣੇ ਪਾਰਲੀਮੈਂਟ ਸਾਥੀਆਂ ਨੂੰ, "ਰਾਜੀਵ-ਲੌਂਗੋਵਾਲ ਸੰਧੀ ਦਾ ਸਾਰਥਕ ਤੌਰ ਤੇ ਲਾਗੂ ਹੋਣਾ ਕਿੰਨਾ ਜ਼ਰੂਰੀ ਹੈ", ਜਾਕੇ ਵਿਸਥਾਰ ਨਾਲ ਦੱਸੇਗਾ। ਪਿਛਲੇ ਚਾਰ ਦਿਨਾਂ ਦੀਆਂ ਓਹਦੀਆਂ ਪਟਿਆਲਾ, ਲੁਧਿਆਣਾ, ਅੰਮ੍ਰਿਤਸਰ ਅਤੇ ਚੰਡੀਗੜ੍ਹ ਵਿਖੇ, ਵੱਖ ਵੱਖ ਸੰਸਥਾਵਾਂ ਤੇ ਵਿਅਕਤੀਆਂ ਨਾਲ ਵੱਖ ਵੱਖ ਗੋਸ਼ਟੀਆਂ ਦਾ ਵਿਸ਼ਾ, ਏਸ ਹੋਈ ਸੰਧੀ-ਧੁਰੇ ਦੁਆਲੇ ਵਿਸਥਾਰ ਪੂਰਬਕ ਘੁੰਮਦਾ ਰਿਹਾ।

ਓਹਨੇ ਇਹ ਵੀ ਆਖਿਆ ਕਿ ਪੰਜਾਬ ਵਿਚ ਸਿਖਾਂ ਅਤੇ ਬਾਕੀ ਵਸਦੀਆਂ ਜਾਤੀਆਂ ਦਾ ਆਪਸੀ ਮੇਲ-ਮਿਲਾਪ ਬਿਲਕੁਲ ਭਰਾਵਾਂ ਵਾਲਾ ਹੈ ਜਦ ਕਿ ਇੰਗਲੈਂਡ ਤੋਂ ਤੁਰਨ ਵੇਲੇ ਇਸ ਤੋਂ ਬਿਲਕੁਲ ਉਲਟ ਮੇਰਾ ਪ੍ਰਭਾਵ ਬਣਾਇਆ ਗਿਆ ਸੀ। ਪੰਜਾਬ ਵਿਚ 'ਸਥਿਤੀ-ਸਮੱਸਿਆ' ਹੈ ਪਰ ਮੇਰਾ ਨਹੀਂ ਖਿਆਲ ਇਹ ਕੋਈ 'ਦੀਰਘ ਸੰਕਟ' ਹੋਵੇ।

ਸਰ ਐਲਡਨ, ਇੰਡੋ-ਬ੍ਰਿਟਿਸ਼ ਐਸੋ: ਦਾ ਜਿਹੜਾ ਕਿ ਓਹਨੇ ਤੇ ਸ੍ਰੀ ਸਵਰਾਜ ਪਾਲ ਨੇ ਦਸ ਸਾਲ ਪਹਿਲਾਂ ਅਸਥਾਪਨ ਕੀਤੀ ਸੀ, ਦਾ ਪ੍ਰਧਾਨ ਹੈ। ਓਹ ਸ: ਬਲਵੰਤ ਸਿੰਘ ਵਿਤ ਮੰਤਰੀ ਨੂੰ ਪਟਿਆਲਾ ਮਿਲਿਆ, ਓਹਨੇ ਪ੍ਰਾਂਤਿਕ ਕਾਂਗਰਸ (ਇੰ) ਚੀਫ ਮੇਜਰ ਜਨਰਲ ਰਾਜਿੰਦਰ ਸਿੰਘ ਸਪੈਰੋ ਨਾਲ ਵੀ ਗੋਸ਼ਟੀ ਕੀਤੀ; ਓਹ ਹੋਮਸੈਕਟਰੀ ਰ: ਪ ਓਝਾ ਅਤੇ ਡਾਇਰੈਕਟਰ ਜਨਰਲ ਪੋਲੀਸ ਸ੍ਰੀ ਬ: ਸ ਧਾਲੀਵਾਲ ਨੂੰ ਵੀ ਮਿਲਿਆ, ਓਹ ਆਪ ਬ੍ਰਿਟਿਸ਼ ਪੁਲਸ ਦਾ ਪਾਰਲੀਮੈਂਟਰੀ ਸਲਾਹਕਾਰ ਹੈ। ਬਰਨਾਲਾ, ਉਪਰੋਕਤ ਹੋਈ ਰਾਜੀਵ-ਲੌਂਗੋਵਾਲ ਸੰਧੀ ਨੂੰ ਸਾਰਥਕ-ਰੂਪ ਵਿਚ ਲਾਗੂ ਕਰਨਾ ਚਾਹੁੰਦਾ ਹੈ।

ਓਹਨੇ ਦੇਖਿਆ ਕਿ, ਖੇਤੀਬਾੜੀ, ਵਿਓਪਾਰ ਅਤੇ ਇੰਡਸਟਰੀ ਪੰਜਾਬ ਵਿਚ ਓਹਦੇ ਅੰਦਾਜ਼ੇ ਤੋਂ ਕਿਤੇ ਵਧ ਪ੍ਰਫੁਲਤ ਹੈ। ਓਹਦੀ ਹੋਰ ਅਧਿਕ ਪ੍ਰਭਾਵਸ਼ਾਲੀ ਗਲ ਇਹ ਸੀ ਕਿ ਪਿਛਲੇ ਤਿੰਨਾਂ ਸਾਲਾਂ ਦੌਰਾਨ ਹੋਈ ਭੈ-ਭੀਤ ਸਥਿਤੀ ਵਿਚੋਂ ਦੀ ਲੰਘ ਕੇ, ਪ੍ਰਾਂਤ ਵਿਚ ਸ਼ਾਂਤੀ ਪੂਰਬਕ ਤੇ ਕਾਮਯਾਬ ਈਲੈਕਸ਼ਨ ਸੰਪੂਰਨ ਹੋਈ। ਸਿੱਟੇ ਵਜੋਂ ਪੰਜਾਬ ਵਿਚ ਅਜ ਇਕ ਸ਼ਕਤੀ-ਸ਼ਾਲੀ ਸਰਕਾਰ ਹੈ ਜਿਸ ਨੂੰ ਸੱਚੀ-ਸੁੱਚੀ ਲੋਕ-ਤੰਤਰਕ ਸ਼ਕਤੀ ਆਖਿਆ ਜਾ ਸਕਦਾ ਹੈ ਅਤੇ ਜਿਹਨੇ ਸਾਰੇ ਸ਼ਕੋ-ਸ਼ੁਭਾ ਸਾਫ ਕਰ ਦਿਤੇ ਹਨ।

60 ਸਾਲਾ ਸਰ ਐਲਡਨ ਸਥਾਨਕ ਇੰਦਰਾ ਕਾਂਗਰਸ ਲੀਡਰ ਸ੍ਰੀ ਚਮਨ ਲਾਲ ਸ਼ਰਮਾ ਦੇ ਪ੍ਰਾਹੁਣੇ ਵਜੋਂ ਠਹਿਰਿਆ ਹੋਇਆ ਹੈ ਤੇ ਓਹ ਪਿਛਲੇ 25 ਸਾਲਾਂ ਤੋਂ ਭਾਰਤ ਦਾ ਹਮਦਰਦ ਹੈ। ਕਿਸੇ ਵੇਲੇ ਓਹ ਨੀਊਯਾਰਕ ਟਾਈਮ ਰਸਾਲੇ ਦਾ 8 ਸਾਲ ਪ੍ਰਦੇਸੀ-ਐਡੀਟਰ ਰਿਹਾ। ਫੇਰ ਓਹ ਨੀਊਜ਼-ਵੀਕ ਰਸਾਲੇ ਦਾ ਚੀਫ ਫੌਰਨ ਨਾਮਾਂ ਨਿਗਾਰ ਰਿਹਾ ਤੇ ਫੇਰ ਤਰੱਕੀ ਕਰਕੇ ਓਹਦਾ ਫੌਰਨ-ਐਡੀਟਰ ਬਣ ਗਿਆ ਤੇ 1962 ਵਿਚ ਓਹਦੇ ਹੀ ਮੈਨੇਜਿੰਗ ਐਡੀਟਰ ਵਜੋਂ ਰੀਟਾਇਰ ਹੋਇਆ ਹੈ। ਨੀਊਜ਼ ਵੀਕ ਲਈ ਕਰਦਿਆਂ ਓਹਨੇ ਪੰ: ਜਵਾਹਰ ਲਾਲ ਨਹਿਰੂ ਦੇ ਭਾਰਤੀ ਪ੍ਰਾਈਮ ਮਨਿਸਟਰ ਵਜੋਂ ਕਵਰ ਸਟੋਰੀ ਲਿਖੀ ਓਦੋਂ ਓਹ ਇੰਦਰਾ ਗਾਂਧੀ ਨੂੰ ਵੀ ਮਿਲਿਆ ਸੀ।

ਪੱਤਰਕਾਰ ਵਜੋਂ ਓਹ ਕੋਰੀਆ, ਵੀਤਨਾਮ, ਦੀ ਕੌਂਗੋ, ਵੈਸਟ ਏਸ਼ੀਆ ਪੋਲੈਂਡ ਅਤੇ ਚੈਕੋਸਲਵਾਕੀਆ, ਵਿਖੇ ਸਾਰੇ ਅੰਤਰਰਾਸ਼ਟਰੀ ਮਾਮਲਿਆਂ ਬਾਰੇ ਲਿਖਦਾ ਰਿਹਾ ਹੈ ਅਤੇ ਨਾਲ ਨਾਲ ਓਹ ਵਾਸ਼ਿੰਗਟਨ ਪੋਸਟ ਲਈ ਵੀ ਕਾਲਮ ਲਿਖ ਘੱਲਦਾ ਰਿਹਾ ਸੀ। ਲੇਡੀ ਐਲਜ਼ਬੈਥ ਗ੍ਰਿਫਤਸ ਜਦ ਕਿ ਉਨ੍ਹਾਂ ਦਾ ਪਿਛਲੇ ਸਾਲ ਵਿਆਹ ਹੋਇਆ, ਬੀ ਬੀ ਸੀ ਲੰਦਨ ਲਈ ਕੰਮ ਕਰਦੀ ਸੀ।

ਸਰ ਐਲਡਨ ਕਹਿੰਦਾ, "ਬਤੌਰ ਪੁਲੀਸ-ਸੰਬੰਧਤ, ਮੈਂ ਕਾਨੂੰਨ ਤੋੜਨ ਵਾਲੇ ਟੈਰੋਰਿਸਟਾਂ ਬਾਰੇ ਆਪਣੀ ਜ਼ਿੰਮੇਵਾਰੀ ਸਮਝਦਾ ਹਾਂ, ਭਾਵੇਂ ਇਹ ਹਿੰਸਕ-ਘਟਨਾਵਾਂ ਕਿਤੇ ਵੀ ਵਾਪਰਨ। ਗੋਲਡਨ ਟੈਂਪਲ ਵਿਖੇ ਹੁੰਦੀਆਂ ਘਟਨਾਵਾਂ ਵੀ ਮੈਂ ਬੜੇ ਗੁਹ ਨਾਲ ਘੋਖਦਾ ਰਿਹਾ ਹਾਂ। ਲੰਦਨ ਵਿਖੇ ਵੀ ਮੈਂ ਕੁਝ ਸਿੱਖਾਂ ਬਾਰੇ ਬਰਤਾਨਵੀ ਖੋਜ ਵਿਚ ਉਲਝਿਆ ਰਿਹਾ ਜਿਹੜੇ ਪੰਜਾਬ ਵਿਖੇ ਅਤੰਕਵਾਦ ਨੂੰ ਸ਼ਹਿ ਦਿੰਦੇ ਸੀ।

ਓਹਨੇ ਪੰਜਾਬ ਅਤੇ ਇੰਡੀਆ ਸਰਕਾਰਾਂ ਨੂੰ ਆਖਿਆ, ਕਿ ਜੇ ਓਹ ਇੰਗਲੈਂਡ ਵਸਦੇ ਵਿਅਕਤੀਆਂ ਦੀਆਂ ਘਾਤਕ ਸਰਗਰਮੀਆਂ ਬਾਰੇ ਜਾਣਕਾਰੀ ਦੇ ਕੇ ਬਰਤਾਨੀਆਂ ਸਰਕਾਰ ਦੀ ਮਦਦ ਕਰ ਸਕਣ ਤਾਂ ਓਹਦੇ ਲਈ ਉਨ੍ਹਾਂ ਤੇ ਫੌਜਦਾਰੀ ਕੇਸ ਚਲਾਉਣੇ ਬੜੇ ਸੌਖੇ ਹੋਣਗੇ।

ਓਹ ਕਹਿੰਦਾ, ਮੈਂ ਵਿਸ਼ਵਾਸ਼ ਨਾਲ ਆਖ ਸਕਦਾ ਹਾਂ ਕਿ ਐਹ ਦੇਸ਼ ਬੜਾ ਖੁਸ਼ਕਿਸਮਤ ਹੈ, ਜਿਹਨੂੰ ਮਿ: ਰਾਜੀਵ ਗਾਂਧੀ ਵਰਗਾ ਨੌਜਵਾਨ ਅਤੇ ਪ੍ਰਭਾਵਸ਼ਾਲੀ ਲੀਡਰ ਮਿਲਿਆ ਹੈ। ਓਹ ਕਹਿੰਦਾ ਮੈਂ ਸਾਰੀ ਦੁਨੀਆਂ ਦੇ ਅਨੇਕ ਸਰਕਾਰੀ-ਮੁਖੀਆਂ ਨੂੰ ਮਿਲ ਚੁਕਾ ਹਾਂ ਅਤੇ ਮੈਂ ਨਹੀਂ ਆਖ ਸਕਦਾ ਕਿ ਰਾਜੀਵ" ਨਾਲੋਂ ਵਧਕੇ ਕੋਈ ਵੀ ਆਪਣੇ ਲੋਕਾਂ ਨੂੰ 21ਵੀ ਸਦੀ ਵਿਚ ਲਿਜਾਣ ਲਈ ਏਨਾਂ ਵਧੀਆ ਲੈਸ (ਤਿਆਰ-ਬਰ-ਤਿਆਰ) ਹੋਵੇ, ਤੇ ਮੈਂ ਰਾਜੀਵ ਨੂੰ ਲੰਦਨ ਅਤੇ ਦਿੱਲੀ ਕਈ ਵਾਰ ਮਿਲ ਚੁਕਾ ਹਾਂ।

(ਇੰਗਲਿਸ਼ ਟ੍ਰਿਬਿਊਨ ਵਿਚੋਂ ਧੰਨਵਾਦ ਸਹਿਤ)



ਨੇਕਚੰਦ ਦਾ ਅਮਰੀਕਾ 'ਚ ਸਨਮਾਨ

ਨਵੀਂ ਦਿੱਲੀ — ਉਘੇ ਭਾਰਤੀ ਅਤੇ ਰਾਕ ਗਾਰਡਨ ਦੇ ਨਿਰਮਾਤਾ ਨੇਕਚੰਦ ਦਾ 7 ਫਰਵਰੀ ਨੂੰ ਵਾਸ਼ਿੰਗਟਨ ਵਿਖੇ ਬਚਿਆਂ ਦੇ ਅਜਾਇਬ ਘਰ ਵਿਚ ਫੈਂਟਸੀ ਗਾਰਡਨ ਦੇ ਨਿਰਮਾਣ ਲਈ ਸਨਮਾਨ ਕੀਤਾ। ਨੇਕਚੰਦ ਨੂੰ ਇਕ ਹੋਰ ਅਮਰੀਕੀ ਆਰਕੀਟੈਕਟ ਰਾਏ ਮੈਸਨ ਦੇ ਨਾਲ ਵਾਸ਼ਿੰਗਟਨ ਬਿਲਡਿੰਗ ਕਾਂਗਰਸ ਵਲੋਂ ਹੁਨਰਮੰਦੀ ਲਈ ਐਵਾਰਡ ਦਿਤਾ। ਇਹ ਸੰਸਥਾ ਪਿਛਲੇ ਤੀਹ ਸਾਲਾਂ ਤੋਂ ਵਧੀਆ ਕਾਰੀਗਰੀ ਲਈ ਐਵਾਰਡ ਪ੍ਰਾਪਤ ਕਰਨ ਵਾਲੇ ਪਹਿਲੇ ਗੈਰ-ਅਮਰੀਕੀ ਹਨ।

ਕਾਲੇ ਬਿੱਲੇ ਲਾਏ

: ਲੁਧਿਆਣਾ ਦੀ ਇਕ ਸੂਚਨਾ ਅਨੁਸਾਰ ਸੰਯੁਕਤ ਅਕਾਲੀ ਦਲ ਦੇ ਮੈਂਬਰਾਂ ਨੇ ਅੱਜ ਇਥੇ ਕਾਲੇ ਬਿੱਲੇ ਲਾ ਕੇ ਕਾਲਾ ਦਿਨ ਮਨਾਇਆ। ਸ਼ਹਿਰ ਦੀਆਂ ਸਾਰੀਆਂ ਮਹੱਤਵ-ਪੂਰਨ ਥਾਵਾਂ ਤੇ ਭਾਰੀ ਪੁਲਸ ਫੋਰਸ ਤਾਇਨਾਤ ਕੀਤੀ ਗਈ ਹੈ। ਪੁਲਸ ਨੇ ਅੱਜ ਚੌੜੇ ਬਾਜ਼ਾਰ ਵਿਚ ਆਮ ਵਾਂਗ ਖੁੱਲ੍ਹਾ ਬਾਜ਼ਾਰ ਲੱਗਣ ਦਿੱਤਾ ਜਿਥੇ ਲੱਖਾਂ ਰੁਪੈ ਦੀ ਵਿਕਰੀ ਹੁੰਦੀ ਹੈ।

ਇਸੇ ਦੌਰਾਨ ਸੰਯੁਕਤ ਅਕਾਲੀ ਦਲ ਦੇ ਐਕਟਿੰਗ ਕਨਵੀਨਰ ਬਾਬਾ ਜੁਗਿੰਦਰ ਸਿੰਘ, ਜਨਰਲ ਸਕੱਤਰ ਸ: ਰਣਜੀਤ ਸਿੰਘ ਬ੍ਰਹਮਪੁਰਾ ਅਤੇ ਸੰਯੁਕਤ ਦਲ ਦੇ 15 ਹੋਰ ਨੇਤਾਵਾਂ ਨੇ ਸ: ਖਾਲਸਾ ਸਮੇਤ ਪਾਰਟੀ ਵਰਕਰਾਂ ਦੀਆਂ ਗ੍ਰਿਫਤਾਰੀਆਂ ਦੀ ਨਿਖੇਧੀ ਕੀਤੀ ਹੈ। ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਸ: ਹਰਿੰਦਰ ਸਿੰਘ ਕਾਹਲੋਂ ਸਮੇਤ ਫੈਡਰੇਸ਼ਨ ਦੇ ਕਈ ਹੋਰ ਨੇਤਾਵਾਂ ਨੇ ਵੀ ਇਨ੍ਹਾਂ ਗ੍ਰਿਫਤਾਰੀਆਂ ਦੀ ਨਿੰਦਾ ਕੀਤੀ ਹੈ।

ਕੁਝ ਤੇਰਾ ਖੰਜਰ ਵੀ ਤਿੱਖਾ ਸੀ ਬਥੇਰਾ,
ਕੁਝ ਮੇਰਾ ਇਹ ਜਿਸਮ ਵੀ ਨਾਜ਼ੁਕ ਜਿਹਾ ਸੀ।

ਮਹਿਕ ਉੱਠੀ ਹੈ ਉਦਾਸੀ ਹੀ ਉਦਾਸੀ,
ਚੁੱਪ ਦੇ ਜੰਗਲ 'ਚ ਹਉਕਾ ਬੀਜਿਆ ਸੀ।

ਗ਼ੈਰ ਦੀ ਮਹਿਫ਼ਲ 'ਚ ਬਲਿਆ ਲਾਟ ਵਾਂਗਰ,
ਘਰ ਜਦੋਂ ਆਇਆ ਤਾਂ ਟੁਕੜਾ ਬਰਫ਼ ਦਾ ਸੀ!

ਵਿਲੀਅਮਜ਼ ਲੇਕ ਵਿਚ ਵੱਖਵਾਦ ਮੁਰਦਾਬਾਦ ਦੇ ਨਾਅਰੇ ਗੂੰਜੇ

ਵਿਲੀਅਮਜ਼ਲੇਕ — ਈਸਟ ਇੰਡੀਅਨ ਵਰਕਰਜ਼ ਐਸੋ: ਵਿਲੀਅਮਜ਼ਲੇਕ ਬਰਾਂਚ ਦੇ ਯੂਨਿਟ ਸਕੱਤਰ ਸ੍ਰੀ ਰਣਜੀਤ ਸਿੰਘ ਸੰਧੂ ਦੀ ਸੂਚਨਾ ਅਨੁਸਾਰ ਵਿਲੀਅਮਜ਼ਲੇਕ ਬਰਾਂਚ ਦੀ ਮੀਟਿੰਗ ਪਿਛਲੇ ਦਿਨਾਂ ਵਿਚ ਹੋਈ ਜਿਸ ਵਿਚ ਹਿੰਦੂ-ਸਿੱਖ-ਮੁਸਲਮਾਨ ਮਜ਼ਦੂਰ ਕਿਸਾਨ ਏਕਤਾ ਜ਼ਿੰਦਾਬਾਦ ਅਤੇ ਵੱਖਵਾਦ ਮੁਰਦਾਬਾਦ ਦੇ ਨਾਅਰੇ ਗੂੰਜੇ !

ਮੀਟਿੰਗ ਨੇ ਹੋਰ ਮਤੇ ਵੀ ਪਾਸ ਕੀਤੇ ਜਿਨ੍ਹਾਂ ਵਿਚ ਇਜਾਰੇਦਾਰੀ ਦੇ ਖਾਤਮੇ ਲਈ ਘੋਲ ਕਰਨਾ, ਦੱਖਣੀ ਅਫਰੀਕਾ ਦੀ ਨਸਲਵਾਦੀ ਬੋਥਾ ਸਰਕਾਰ ਦੀ ਨਿੰਦਾ ਅਤੇ ਦੱਖਣੀ ਅਫਰੀਕਾ ਦੇ ਲੋਕਾਂ ਨਾਲ ਯਕਯਹਿਤੀ, ਦੱਖਣੀ ਅਫਰੀਕਾ ਦੇ ਘੋਲ ਕਰ ਰਹੇ ਦੇਸ਼ਾਂ ਖਾਸ ਕਰ ਐਲ ਸਲਵਾਡੋਰ ਦੇ ਲੋਕਾਂ ਦੀ ਹਮਾਇਤ, ਪੀ ਐਲ ਓ ਦੇ ਘੋਲ ਦੀ ਪ੍ਰਸ਼ੰਸਾ ਅਤੇ ਇਜ਼ਰਾਈਲ ਸਰਕਾਰ ਦੀ ਨਿਖੇਧੀ, ਬੇਰੂਤ ਵਿਚ ਅਮਰੀਕੀ ਸਾਮਰਾਜੀ ਤਾਕਤਾਂ ਦੇ ਦਖਲ ਦੀ ਨਿੰਦਾ, ਨਿਕਰਾਗੂਆ ਵਿਚ ਅਮਰੀਕੀ ਦਖਲ ਦੀ ਨਿਖੇਧੀ ।

ਕੈਨੇਡਾ ਦੀ ਇਮੀਗਰੇਸ਼ਨ ਵਿਚ ਨਸਲਵਾਦੀ ਢੰਗ ਦੀ ਨਿਖੇਧੀ ਦਾ ਮਤਾ ਵੀ ਮੀਟਿੰਗ ਨੇ ਪਾਸ ਕੀਤਾ ।



ਨਾਅਰੇ ਲਾਉਂਦੇ ਈਸਟ ਇੰਡੀਅਨ ਵ: ਐ: ਦੇ ਮੈਂਬਰ

ਵੱਖਵਾਦ ਵਿਰੁੱਧ ਨਾਅਰੇ ਲਾਉਂਦੇ ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਦੀ ਵਿਲੀਅਮਜ਼ਲੇਕ ਬਰਾਂਚ ਦੇ ਮੈਂਬਰ

ਯੂਗੰਡਾ ਦੇ ਨਵੇਂ ਪ੍ਰਧਾਨ ਵਲੋਂ ਚੋਣਾਂ ਦਾ ਵਾਅਦਾ

ਕੰਪਾਲਾ — ਗੁਰੀਲਾ ਆਗੂ ਯੋਵੇਰੀ ਮੁਸੇਵੇਨੀ ਜਿਸ ਨੂੰ ਯੂਗੰਡਾ ਦੇ ਨਵੇਂ ਪ੍ਰਧਾਨ ਵਜੋਂ ਸੌਂਹ ਚੁਕਾਈ ਗਈ ਸੀ ਨੇ ਵਾਅਦਾ ਕੀਤਾ ਹੈ ਕਿ ਉਹ ਆਮ ਚੋਣਾਂ ਕਰਵਾਉਣ ਪਰ ਉਨ੍ਹਾਂ ਨੇ ਇਹ ਚੋਣਾਂ ਕਰਵਾਉਣ ਬਾਰੇ ਤਾਰੀਖ ਨਹੀਂ ਦਸੀ । ਮੁਸੇਵਨੀ ਦੀ ਕੌਮੀ ਰਜਿਸਟੈਂਟ ਸੈਨਾ (ਐਨ. ਆਰ. ਏ.) ਨੇ ਯੂਗੰਡਾ ਦੀ ਰਾਜਧਾਨੀ ਕੰਪਾਲਾ ਉਤੇ ਕਬਜ਼ਾ ਕਰ ਲਿਆ ਸੀ ਅਤੇ ਟੀਟੋ ਓਕੇਲੋ ਦੀ ਫੌਜੀ ਸਰਕਾਰ ਨੂੰ ਭਜਾ ਦਿਤਾ ਸੀ ।

ਇਸ 40 ਸਾਲਾ ਕਮਾਂਡਰ ਨੇ ਦੇਸ਼ ਵਿਚ ਜਮਹੂਰੀਅਤ ਮੁੜ ਬਹਾਲ ਕਰਨ ਲਈ ਸੰਵਿਧਾਨ ਨੂੰ ਜਾਇਜ਼ ਠਹਿਰਾਉਣ, ਯੂਗੰਡਾ ਦੇ ਲੋਕਾਂ ਵਿਚ ਏਕਤਾ ਬਹਾਲ ਕਰਨ ਦਾ ਵਚਨ ਦਿਤਾ । ਉਹਨਾਂ ਕਿਹਾ ਕਿ ਕਿਸੇ ਨੂੰ ਵੀ ਇਸ ਬਾਰੇ ਸੋਚਣ ਦੀ ਲੋੜ ਨਹੀਂ ਕਿ ਪਿਛਲੇ ਦਿਨਾਂ ਦੌਰਾਨ ਕੀ ਹੋਇਆ ਇਹ ਸਿਰਫ ਦੇਸ਼ ਦੇ ਰਖਵਾਲਿਆਂ ਵਿਚ ਤਬਦੀਲੀ ਹੋਈ ਹੈ ਅਤੇ ਇਹ ਸਾਡੇ ਦੇਸ਼ ਦੀ ਰਾਜਨੀਤੀ ਵਿਚਲੀ ਇਕ ਬੁਨਿਆਦੀ ਤਬਦੀਲੀ ਹੈ ।

ਬੱਸੀ ਪਠਾਣਾਂ ਵਿਚ ਵਿਦਿਆਰਥੀ ਰੈਲੀ

ਬੱਸੀ ਪਠਾਣਾਂ — ਪੰਜਾਬ ਸਟੂਡੈਂਟਸ ਯੂਨੀਅਨ ਵਲੋਂ ਫਿਰਕੂ ਸਦਭਾਵਨਾ ਸਬੰਧੀ ਕੀਤੀ ਗਈ ਇਥੇ ਇਕ ਰੈਲੀ ਨੂੰ ਰੋਪੜ ਪਟਿਆਲਾ ਜ਼ੋਨ ਦੇ ਆਗੂਆਂ ਸਰਵ ਸ੍ਰੀ ਗੁਰਦਿਆਲ ਸਿੰਘ ਤੇ ਹੇਮਰਾਜ ਨੇ ਸੰਬੋਧਨ ਕਰਦਿਆਂ ਕਿਹਾ ਕਿ ਰਾਜ ਅੰਦਰ ਪਿਛਲੇ ਸਮੇਂ ਤੋਂ ਲਗਾਤਾਰ ਹਿੰਸਕ ਘਟਨਾਵਾਂ ਦੀ ਲੜੀ ਜਾਰੀ ਹੈ ਜਿਸ ਨਾਲ ਪੰਜਾਬ ਵਿਚ ਫੇਰ ਤੋਂ ਮਾਹੌਲ ਡਰ ਅਤੇ ਸਹਿਮ ਵਾਲਾ ਬਣਦਾ ਜਾ ਰਿਹਾ ਹੈ। ਲੀਡਰਾਂ ਨੇ ਅਮਨ ਕਾਨੂੰਨ ਦੀ ਨਿਘਰਦੀ ਹਾਲਤ ਲਈ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਜ਼ਿੰਮੇਵਾਰ ਕਰਾਰ ਦਿਤਾ। ਨੇਤਾਵਾਂ ਨੇ ਕਿਹਾ ਕਿ 26 ਜਨਵਰੀ ਨੂੰ ਚੰਡੀਗੜ੍ਹ ਪੰਜਾਬ ਨੂੰ ਨਾਂ ਸੌਂਪ ਕੇ ਕੇਂਦਰ ਸਰਕਾਰ ਨੇ ਪੰਜਾਬੀਆਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕੀਤੀ ਹੈ। ਮੰਗ ਕੀਤੀ ਗਈ ਕਿ ਪੰਜਾਬ-ਹਰਿਆਣਾ ਦੋਵਾਂ ਰਾਜਾਂ ਵਿਚ ਤਨਾਅ ਭਰੀ ਹਾਲਤ ਖਤਮ ਕਰਨ ਲਈ ਪੰਜਾਬ ਸਮਝੌਤੇ ਤੇ ਫੁਰੰਤ ਅਮਲ ਕੀਤਾ ਜਾਵੇ ।

35 ਤਾਮਿਲਾਂ ਨੂੰ ਗੋਲੀ ਮਾਰੀ

ਮਦੁਰਾਏ — ਕਿਲੋਨੋਚੀ ਇਲਾਕੇ ਵਿਚ ਸ੍ਰੀਲੰਕਾ ਦੇ ਫੌਜੀਆਂ ਵਲੋਂ ਤਾਮਿਲ ਲੋਕਾਂ ਦੇ ਘਰਾਂ ਦੀ ਤਲਾਸ਼ੀ ਦੌਰਾਨ ਉਨ੍ਹਾਂ ਵਲੋਂ 35 ਤੋਂ ਵੱਧ ਤਾਮਿਲਾਂ ਨੂੰ ਗੋਲੀਆਂ ਨਾਲ ਉਡਾ ਦਿਤਾ ਗਿਆ । ਇਥੋਂ ਪ੍ਰਾਪਤ ਸੂਚਨਾਵਾਂ ਅਨੁਸਾਰ ਤਲਾਸ਼ੀ ਦੌਰਾਨ ਅਧਿਕਾਰੀਆਂ ਨੇ ਇਲਾਕੇ ਵਿਚ ਸਵੇਰੇ ਸੱਤ ਵਜੇ ਤੋਂ ਰਾਤ ਦਸ ਵਜੇ ਤੱਕ ਲਈ ਕਰਫਿਊ ਲਗਾਇਆ ਸੀ। ਜਦ ਫੌਜੀ ਭਜਦੇ ਹੋਏ ਤਾਮਿਲਾਂ ਤੇ ਗੋਲੀ ਚਲਾ ਰਹੇ ਸਨ ਤਾਂ ਹੈਲੀਕਾਪਟਰ ਫੌਜੀਆਂ ਨੂੰ ਸੁਰੱਖਿਆ ਪ੍ਰਦਾਨ ਕਰ ਰਹੇ ਸਨ। ਸ੍ਰੀ ਲੰਕਾ ਦੇ ਕਿਲੀਨੋਚੀ ਜ਼ਿਲੇ ਵਿਚ ਤਾਮਿਲ ਗੁਰੀਲਿਆਂ ਅਤੇ ਫੌਜ ਵਿਚਾਲੇ ਭਾਰੀ ਲੜਾਈ ਹੋਈ ਜਿਸ ਵਿਚ ਪੰਦਰਾਂ ਫੌਜੀ ਮਾਰੇ ਗਏ। ਦੱਸਿਆ ਗਿਆ ਕਿ ਫੌਜ ਵਲੋਂ ਜ਼ਮੀਨੀ ਅਤੇ ਹਵਾਈ ਹਮਲਾ ਕੀਤਾ ਜਿਸ ਨੂੰ ਗੁਰੀਲਿਆਂ ਵਲੋਂ ਪਛਾੜ ਦਿਤਾ ਗਿਆ। ਗੁਰੀਲਿਆਂ ਨੇ ਹਮਲੇ ਦਾ ਉਤਰ ਦੇਣ ਲਈ ਰਾਕਟਾਂ ਤੇ ਹੈਲੀਕਾਪਟਰਾਂ ਨਾਲ ਹਮਲਾ ਕੀਤਾ ।

ਪੌਣਾਂ ਵਗੀਆਂ ਅਨੇਕ ਝੁੱਲੇ ਝੱਖੜ ਹਜ਼ਾਰਾਂ,
ਸਿਦਕ ਆਪਣਾ ਪੁਗਾਈਏ ਅਸੀਂ ਦੀਵਿਆਂ ਦੇ ਵਾਂਗ ।

ਸਾ ਹਿ ਤ ਦ ਰ ਪ ਣ

ਕਹਾਣੀ:

ਪਛਤਾਵਾ

ਸੰਤੋਖ ਗਿੱਲ, ਯੂਬਾ ਸਿਟੀ- ਯੂ. ਐਸ. ਏ.

"ਤੈਨੂੰ ਯਾਦ ਉਹ ਦਿਨ ਜਦੋਂ ਆਪਾਂ ਅਠਵੀਂ ਜਮਾਤ ਵਿਚ ਪੜ੍ਹਦੇ ਹੁੰਦੇ ਸੀ ?" ਸੁਖਜਿੰਦਰ ਨੇ ਮਲਕੀਅਤ ਨੂੰ ਉਸਦੀ ਗਲਾਸੀ ਵਿਚ ਬੋਤਲ ਉਲੱਦਦੇ ਹੋਏ ਨੇ ਪੁਰਾਣੀ ਬਚਪਨ ਦੀ ਯਾਦ ਦਲਾਉਂਦਿਆਂ ਸਵਾਲ ਕੀਤਾ।

"ਹਾਂ, ਹਾਂ, ਕਿਉਂ ਨਹੀਂ ....।"

"ਯਾਰ ਸਾਡੇ ਤਾਂ ਦਿਮਾਗ ਵਿਚ ਈ ਨਹੀਂ ਸੀ ਪੈਂਦਾ ਕੁਛ। ਬਸ ਤੇਰੇ ਆਸਰੇ ਕਰ ਲਈ ਸੀ ਅਠਵੀਂ ਪਾਸ।"

"ਸਾਡੇ ਆਸਰੇ ਕਾਹਦੀ .... ਆਪਾਂ ਯਾਰਾਂ ਲਈ ਜਿਨਾ ਕੁ ਕਰ ਸਕਦੇ ਸੀ ਕੀਤਾ। .... ਯਾਰ ਇਹਦੇ ਵਿਚ ਆਸਰੇ ਵਾਸਰੇ ਦੀ ਕਾਹਦੀ ਗਲ? ਛੱਡ ਇਨ੍ਹਾਂ ਗੱਲਾਂ ਨੂੰ .... ਮੈਂ ਪੁਛਦੇ ਉਹ ਦਿਨ ਤੇ ਰਾਤਾਂ, ਜਦੋਂ ਇਕੱਠੇ ਬੈਠਕੇ ਸਵਾਲ ਕੱਢਦੇ ਹੁੰਦੇ ਸੀ, ਅਮਲਾਵਾਂ ਲਿਖਦੇ ਹੁੰਦੇ ਸੀ ਤੇ ਮੂੰਗਫਲੀ ਚੱਬਦੇ ਸਾਂ .... ਚੇਤਾ? ਤੇ ਹੋਰ ਜੁਆਨੀ ਦੀਆਂ ਸ਼ਰਾਰਤਾਂ।

"ਹਾਂ ... ਹਾਂ ... ਹਾਂ। ਉਹ ਤੈਨੂੰ ਯਾਦ ਸਾਰਾ ਕੁੱਝ ?" ਮਲਕੀਤ ਸੁਖਜਿੰਦਰ ਦੇ ਗੋਡੇ ਉਤੇ ਹੱਥ ਮਾਰਕੇ ਹੱਸ ਪਿਆ ਤੇ ਬੜੀ ਹੈਰਾਨੀ ਦੇ ਨਾਲ ਉਸ ਉਤੇ ਸਵਾਲ ਕੀਤਾ।

"ਹੋਰ ਯਾਦ ਨੀ ਤਾਂ ਮੈਥੋਂ ਕੁੱਝ ਭੁੱਲਾ ਵੀ ਕੀ ਆ? ਉਹ ਉਮਰ ਉਹ ਦਿਨ ਉਹ ਰਾਤਾਂ ਉਹ ਇਲਤਾਂ ਉਹ ਗੁੱਸੇ ਤੇ ਗਿਲੇ, ਜਦੋਂ ਯਾਦ ਆ ਜਾਂਦੇ ਹਨ ਤਾਂ ਧਰਮ ਨਾਲ ਜੀ ਕਰਦੈ ਜੇ ਮੇਰੇ ਕੋਲ ਰੱਬ ਹੋਵੇ ਨਾ ... ਤਾਂ ਉਸਨੂੰ ਧੌਣੋ ਫੜਕੇ ਕਹਾਂ ਕਿ ਹੁਣੇ ਲੈ ਚਲ ਮੇਰੀ ਉਮਰ ਨੂੰ ਪਿਛੇ ਮੋੜਕੇ ਉਸੇ ਬਚਪਨ ਵਿਚ।"

"ਉਹ ਯਾਰ ਮੈਂ ਤਾਂ ਐਸਾ ਉਸ ਸਾਲ ਤੋਂ ਬਾਅਦ ਘਰੋਂ ਨਿਕਲਿਆ ... ਬਸ ਪੁੱਛ ਨਾ .... ਸਭ ਕੁੱਝ ਹੀ ਭਿਲੇ ਲੱਗ ਗਿਆ।" ਮਲਕੀਤ ਗੱਲ ਕਰਦਾ ਕਰਦਾ ਇਕ ਹਾਉਕਾ ਜਿਹਾ ਲੈ ਕੇ ਰੁਕ ਗਿਆ। ਸੁਖਜਿੰਦਰ ਨੇ ਉਸਦੇ ਚਿਹਰੇ ਉਤੇ ਨਜ਼ਰ ਮਾਰੀ। ਉਸਦਾ ਚਿਹਰਾ ਇੰਝ ਲੱਗਦਾ ਸੀ ਕਿ ਜਿਵੇਂ ਉਸਨੇ ਕਿਸੇ ਮਖੀਲ ਦੀ ਪੋਟਲੀ ਵਿਚ ਇੱਟ ਮਾਰੀ ਹੋਵੇ ਤੇ ਮੱਖੀਆਂ ਨੇ ਉਸਨੂੰ ਡੰਗ ਮਾਰ ਮਾਰ ਦਾਗ ਦਾਗ ਕਰ ਦਿੱਤਾ ਹੋਵੇ। ਸੁਖਜਿੰਦਰ ਨੂੰ ਜਾਪਿਆ ਮਲਕੀਤ ਨੂੰ ਜ਼ਿੰਦਗੀ ਨੇ ਕਾਫੀ ਨਰੜਿਆ ਹੋਇਆ ਏ।

ਅੱਜ ਤੋਂ 30 ਸਾਲ ਪਹਿਲਾਂ ਜਦੋਂ ਮਲਕੀਤ ਤੇ ਸੁਖਜਿੰਦਰ ਦੋਵੇਂ ਇਕੱਠੇ ਅੱਠਵੀਂ ਜਮਾਤ ਵਿਚ ਪੜ੍ਹਦੇ ਸਨ ਤਾਂ ਮਲਕੀਤ ਉਨ੍ਹਾਂ ਵਿਚੋਂ ਬਹੁਤ ਹੀ ਇਲਤੀ ਸੁਭਾਅ ਦਾ ਸੀ ਅਤੇ ਅੜਬ ਵੀ ਰੱਜ ਕੇ। ਅੜਬ ਵੀ ਕਿਉਂ ਨਾ ਹੁੰਦਾ, ਆਖਰ ਲੰਬੜਾਂ ਦਾ ਪੁੱਤ ਸੀ ਇਹ ਸੁਭਾਅ ਉਸਨੂੰ ਵਿਰਸੇ ਵਿਚੋਂ ਮਿਲਿਆ ਸੀ। ਮਲਕੀਤ ਦੀ ਉਮਰ ਅਜੇ ਛੋਟੀ ਹੀ ਸੀ ਜਦੋਂ ਉਸਦਾ ਬਾਪ ਚੜ੍ਹਾਈ ਕਰ ਗਿਆ ਸੀ। ਉਸਦਾ ਸੁਭਾਅ ਵੀ ਬਸ ਅੱਲਾ ਦਾ ਹੀ ਬਖਸ਼ਿਆ ਹੋਇਆ ਸੀ। ਮਲਕੀਤ ਦੇ ਦੋ ਹੋਰ ਭਰਾ ਸਨ। ਇਕ ਇਸ ਤੋਂ ਵੱਡਾ ਤੇ ਦੂਜਾ ਇਸ ਤੋਂ ਛੋਟਾ ਸੀ। ਬਾਪ ਦੇ ਚਲਾਣਾ ਕਰ ਜਾਣ ਤੋਂ ਬਾਅਦ ਘਰ ਦੀ ਸਾਰੀ ਜ਼ਿੰਮੇਵਾਰੀ ਵੱਡੇ ਭਰਾ ਦੇ ਸਿਰ ਆ ਪਈ ਸੀ। ਉਸਨੇ ਮਲਕੀਤ ਨੂੰ ਪੜ੍ਹਨ ਲਾਇਆ ਹੋਇਆ ਸੀ ਤੇ ਛੋਟੇ ਨੂੰ ਨਾਲ ਲੈ ਕੇ ਖੇਤੀ ਪੱਤੀ ਦਾ ਕੰਮ ਚਲਾਉਂਦਾ ਸੀ।

ਇਨ੍ਹਾਂ ਤਿੰਨਾਂ ਭਰਾਵਾਂ ਦੀ ਅੜਬਾਈ ਦੀਆਂ ਧੁੰਮਾਂ ਦੂਰ ਦੂਰ ਤੱਕ ਸਨ। ਕੋਈ ਵੀ ਇਨ੍ਹਾਂ ਤਿੰਨਾਂ ਸਾਹਮਣੇ ਕੁੱਸਕ ਨਹੀਂ ਸੀ ਕਰਦਾ। ਐਵੇਂ ਨਿੱਕੀ ਜਿਹੀ ਗਲੋਂ "ਤੂੰ ਕੌਣ ਤੇ ਮੈਂ ਖਾਹ-ਮਖਾਹ" ਕਹਿਕੇ ਲੜ ਪੈਂਦੇ ਸਨ। ਪਰ ਸੁਖਜਿੰਦਰ ਦਾ ਮਲਕੀਤ ਉਤੇ ਪਤਾ ਨਹੀਂ ਕੀ ਅਸਰ ਜਾਂ ਜਾਦੂ ਸੀ ਕਿ ਉਹ ਸੁਖਜਿੰਦਰ ਸਾਹਮਣੇ ਹੁੰਗਾਰਾ ਤੱਕ ਨਹੀਂ ਸੀ ਭਰਦਾ। ਦੋਨਾਂ ਵਿਚ ਐਨਾ ਪਿਆਰ ਸੀ। ਸੁਖਜਿੰਦਰ ਮਲਕੀਤ ਨੂੰ ਕੁੱਝ ਵੀ ਕਹਿ ਲਵੇ। ਉਹ ਨੰਨਾ ਤੱਕ ਨਹੀਂ ਸੀ ਭਰਦਾ।

ਮਲਕੀਤ ਦੇ ਵੱਡੇ ਵੀਰ ਨੇ ਜਦੋਂ ਵੇਖਿਆ ਕਿ ਉਹ ਪੜ੍ਹਦਾ, ਪੁੜਦਾ ਤਾਂ ਐਸਾ ਵੈਸਾ ਹੀ ਹੈ ਤਾਂ ਉਸਨੇ ਉਸਨੂੰ ਪੜ੍ਹਨੋਂ ਹਟਾ ਲਿਆ। ਹੁਣ ਖੇਤੀਬਾੜੀ ਵੀ ਐਨੀ ਨਹੀਂ ਸੀ ਕਿ ਉਹ ਤਿੰਨੇ ਭਰਾ ਰਲ ਕੇ ਕੰਮ ਕਰ ਸਕਦੇ। ਉਨ੍ਹਾਂ ਨੇ ਸੋਚਿਆ ਕਿ ਥੋੜੀ ਜਿਹੀ ਤਾਂ ਜ਼ਮੀਨ ਹੈ। ਚਲੋ ਇਸਨੂੰ ਛੋਟਾ ਸਾਂਭ ਲਵੇਗਾ ਤੇ ਆਪਾਂ ਕੋਈ ਹੋਰ ਧੰਦਾ ਕਰਦੇ ਹਾਂ।

ਪੰਜਾਬੀ ਨੂੰ ਕਿਧਰੋਂ ਵੀ ਕਿਸੇ ਕਿਸਮ ਦੀ ਕੰਸੋਅ ਕੰਨੀ ਪੈ ਜਾਵੇ ਕਿ ਫਲਾਣਾ ਮੁਲਕ ਖੁਸ਼ਾ ਹੈ ਅੰਮਕੇ ਦੇਸ਼ ਵਿਚ ਮਜ਼ਦੂਰ ਦੀ ਜ਼ਰੂਰਤ ਹੈ। ਪੰਜਾਬੀ ਜਦ ਤਮ ਉਥੇ ਜਾਣ ਲਈ ਤਿਆਰ ਹੋ ਜਾਂਦਾ ਹੈ। ਮਲਕੀਤ ਤੇ ਉਸਦੇ ਵੱਡੇ ਵੀਰ ਨੇ ਪਾਸਪੋਰਟ ਬਣਾਏ ਤੇ ਗਰੀਸ ਨਾਮ ਦੇ ਇਕ ਦੇਸ਼ ਨੂੰ ਰਵਾਨਾ ਹੋ ਗਏ। ਸੁਣ ਸੁਣਾਕੇ ਖਬਰਾਂ ਮਿਲਦੀਆਂ ਰਹੀਆਂ ਕਿ ਮਲਕੀਤ ਤਾਂ ਸ਼ਿੱਪ ਵਿਚ ਕੰਮ ਕਰਦਾ ਹੈ ਤੇ ਉਸਦਾ ਵੱਡਾ ਭਰਾ ਗਰੀਸ ਵਿਚ ਹੀ ਕੰਮ ਕਰਦਾ ਸੀ। ਪੂਰੇ ਛੇ ਸਾਲ ਦੋਨਾਂ ਨੇ ਕੰਮ ਕੀਤਾ ਤੇ ਛੇ ਸਾਲਾਂ ਬਾਅਦ ਦੇਸ਼ ਪਰਤੇ। ਪਿੰਡ ਵਿਚ ਬਹੁਤ ਚਰਚਾ ਸੀ ਕਿ "ਜੱਟ ਕਾਫੀ ਪੈਸਾ ਕਮਾ ਕੇ ਲਿਆਏ ਹੋਣਗੇ। ਹੁਣ ਤਾਂ ਬਾਹਲੀ ਅੜਬਾਈ ਵਿਖਾਲਣਗੇ।" ਆਉਂਦਿਆਂ ਹੀ ਉਨ੍ਹਾਂ ਇਕ ਮੋਟਰਸਾਈਕਲ ਖਰੀਦਿਆ। ਕਾਫੀ ਟੌਹਰ ਨਾਲ ਜ਼ਿੰਦਗੀ ਬਸਰ ਕਰਨ ਲੱਗੇ। ਮਕਾਨ ਤਾਂ ਪਹਿਲਾਂ ਹੀ ਵਧੀਆ ਸੀ ਉਸ ਉਤੇ ਤਾਂ ਬਹੁਤੇ ਪੈਸੇ ਖਰਚਣੇ ਨਹੀਂ ਪਏ ਬਸ ਟੀਮ ਟੇਮ ਕਰਾਕੇ ਹੀ ਸਰ ਗਿਆ।

ਇਕ ਦਿਨ ਮਲਕੀਤ ਸੁਖਜਿੰਦਰ ਨੂੰ ਮਿਲਿਆ ਗੱਲਾਂ ਬਾਤਾਂ ਹੋਈਆਂ ਬਾਹਰਲੀ ਜ਼ਿੰਦਗੀ ਬਾਰੇ। ਸੁਖਜਿੰਦਰ ਨੇ ਕਾਫੀ ਕੁੱਝ ਪੁੱਛਿਆ। ਮਲਕੀਤ ਨੇ ਜਵਾਬ ਤਾਂ ਕੀ ਦੇਣਾ ਸੀ ਬਸ ਟੌਹਰ ਹੀ ਨਾ ਲਈ ਜਾਵੇ। ਉਹ ਮਲਕੀਤ ਜਿਸਨੂੰ ਨਕਲ ਮਾਰ ਕੇ ਅਠਵੀਂ ਵਿਚੋਂ ਮਸਾਂ ਪਾਸ ਕਰਵਾਇਆ ਸੀ, ਅਜ ਹਰ ਲਫ਼ਜ਼ ਨਾਲ ਇੰਗਲਿਸ਼ ਬੋਲਣ ਵਿਚ ਸ਼ਾਨ ਸਮਝੇ। ਗਰੀਸੋਂ ਆਉਂਦਿਆਂ ਹੀ ਉਨ੍ਹਾਂ ਦੋਨਾਂ ਭਰਾਵਾਂ ਨੇ ਛੋਟੇ ਭਰਾ ਦਾ ਵਿਆਹ ਕੀਤਾ। ਸੁਖਜਿੰਦਰ ਅਚਾਨਕ ਇਕ ਦਿਨ ਪੁੱਛ ਬੈਠਾ, "ਕਿੱਦਾਂ ਭਈ ਤੂੰ ਵੀ ਤੇਪਾ ਭਾਰ ਲੈਣਾ ਸੀ, ਫੇਰ ਖੌਰੇ ਕਦੋਂ ਵਰਨਾਂ ਦੇ ਚੱਕਰ ਲੱਗਣ।" ਸੁਖਜਿੰਦਰ ਨੇ ਉਮਰ ਦੇ ਲਿਹਾਜ ਮੁਤਾਬਕ ਗ੍ਰਿਸਤ ਜੀਵਨ ਵੱਲ ਧਿਆਨ ਕਰਦਿਆਂ ਸਵਾਲ ਕੀਤਾ।

"ਉਹ ਛੱਡ ਯਾਰ ਮੈਰਿਜ ਮੁਰਜ ਦਾ ਖਿਆਲ .... ਮੈਂ ਨਹੀਂ ਮੈਰਿਜ ਕਰਾਉਣਾ, ਮੈਂ ਕਿਹੜਾ ਇਥੇ ਰਹਿਣਾ। ਬੜੀਆਂ ਮੌਜਾ ਬਦੇਸ਼ਾਂ ਵਿਚ ਜਿੱਥੇ ਮਰਜ਼ੀ ਆ ਰਾਤ ਕੱਟੋ .... ਵਾਜਾਂ ਮਾਰਦੀਆਂ ਦੁੱਧ ਚਿਟੀਆਂ ਪਰੀਆਂ ਵਰਗੀਆਂ ਗੋਰੀਆਂ ਤਕਾਲਾਂ ਨੂੰ। ਧਰਮ ਨਾਲ ਜੀ ਕਰਦੈ ਹੁਣੇ ਈ ਰੀਟਰਨ ਹੋ ਜਾਵਾਂ ਫੇਰ .... ਯਾਰ ਜਿੱਦਣ ਦਾ ਇਥੇ ਆਇਆਂ ਹਾਂ ਜੀ ਨਹੀਂ ਲਗਦੈ।" ਮਲਕੀਤ ਨੇ ਬਦੇਸ਼ੀ ਨਜ਼ਾਰਿਆਂ ਵਿਚ ਗੜੁੱਚ ਨਜ਼ਾਰੇ ਦਸਦੇ ਹੋਏ ਆਪਣੀ ਇੱਛਾ ਜ਼ਾਹਰ ਕਰ ਦਿਤੀ।

"ਫੇਰ ਵੀ ਉਮਰ ਉਮਰ ਦੇ ਲਿਹਾਜ ਨਾਲ ਆਦਮੀ ਲਈ ਜੀਵਨ ਵਿਚ ਪਰਵਾਰ ਦਾ ਹੋਣਾ ਵੀ ਜ਼ਰੂਰੀ ਹੈ। ਨਾਲੇ ਤੇਰੇ ਕੋਲ ਸਭ ਕੁਝ ਏ ਕਮੀ ਕਾਹਦੀ ਆ

ਸੁਖਜਿੰਦਰ ਨੇ ਇਕ ਵਾਰ ਫਿਰ ਮਲਕੀਤ ਦਾ ਗ੍ਰਿਸਤ ਜੀਵਨ ਵੱਲ ਧਿਆਨ ਦੁਆਇਆ, ਕਿਉਂਕਿ ਸੁਖਜਿੰਦਰ ਵੀ ਆਪਣਾ ਪਰਿਵਾਰਕ ਜੀਵਨ ਸ਼ੁਰੂ ਕਰ ਚੁੱਕਾ ਸੀ। ਮਲਕੀਤ ਦੇ ਗਰੀਸ ਜਾਣ ਤੋਂ ਬਾਅਦ ਸੁਖਜਿੰਦਰ ਬੀ. ਏ. ਬੀ. ਐਡ ਤੱਕ ਪੜ੍ਹਿਆ ਤੇ ਇਕ ਸਕੂਲ ਵਿਚ ਮਾਸਟਰੀ ਕਰ ਰਿਹਾ ਸੀ। ਮਲਕੀਤ ਜਿਨ੍ਹਾਂ ਚਿਰ ਇੰਡੀਆ ਰਿਹਾ ਉਹ ਵੱਧ ਤੋਂ ਵੱਧ ਸਮਾਂ ਸੁਖਜਿੰਦਰ ਨਾਲ ਹੀ ਗੁਜ਼ਾਰਦਾ ਰਿਹਾ। ਸੁਖਜਿੰਦਰ ਹਮੇਸ਼ਾਂ ਹੀ ਉਸਨੂੰ ਜੀਵਨ ਵਿਚ ਗ੍ਰਿਸਤ ਜੀਵਨ ਦੀ ਮਹੱਤਤਾ ਬਾਰੇ ਦੱਸਦਾ ਤੇ ਉਸਦਾ ਧਿਆਨ ਗੱਲੀਂ ਗੱਲੀਂ ਮੌਕਾ ਵੇਖ ਕੇ ਭਵਿਖ ਵਿਚ ਪਰਿਵਾਰਕ ਜੀਵਨ ਦੀ ਲੋੜ ਵੱਲ ਖਿਚਣ ਦੀ ਕੋਸ਼ਿਸ਼ ਕਰਦਾ ਪਰ ਮਲਕੀਤ ਜੁਆਨੀ ਦੇ ਨਸ਼ੇ ਵਿਚ ਤੇ ਬਦੇਸ਼ੀ ਕੂੰਜਾਂ ਵਰਗੀਆਂ ਨਾਰਾਂ ਦੇ ਸੁਆਦ ਵਿਚ ਗੜੁੱਚ ਸੁਖਜਿੰਦਰ ਦੀ ਇਕ ਨਾ ਸੁਣਦਾ।

ਮਲਕੀਤ ਦੋ ਕੁ ਮਹੀਨੇ ਕੱਟਕੇ ਫਿਰ ਗਰੀਸ ਜਾ ਪਹੁੰਚਾ ਤੇ ਸ਼ਿੱਪ ਉਤੇ ਫਿਰ ਚੜ੍ਹ ਗਿਆ। ਇਸ ਵਾਰ ਉਸਦਾ ਵੀਰਾ ਨਹੀਂ ਆਇਆ। ਉਸਨੇ ਆਪਣੀ ਖੇਤੀਬਾੜੀ ਮੁੜ ਸੰਭਾਲ ਲਈ ਤੇ ਮੁੜ ਆਪਣੇ ਪਰਿਵਾਰਕ ਜੀਵਨ ਵਿਚ ਰਚ ਮਿਚ ਗਿਆ। ਗਰੀਸੋਂ ਜਾਕੇ ਉਹ ਐਨਾ ਨਰਮ ਸੁਭਾ ਦਾ ਬਣ ਗਿਆ ਕਿ ਹਰਇਕ ਨਾਲ ਜੀ ਕਹਿ ਕੇ ਗਲ ਕਰਦਾ। ਲੋਕ ਹੈਰਾਨ ਸਨ ਕਿ ਉਹ ਆਦਮੀ ਜਿਹੜਾ ਗਲੀਂ ਗਲੀਂ ਅਗਲੇ ਦੇ ਗਲ ਪੈ ਜਾਂਦਾ ਸੀ ਹੁਣ ਐਨਾ ਕਿਵੇਂ ਕੂਲਾ ਹੋ ਗਿਆ। ਖੈਰ ਹੋ ਸਕਦਾ ਹੈ ਕਿ ਸ਼ਾਇਦ ਬਦੇਸ਼ਾਂ ਦੇ ਰੁਝੇਵੇਂ ਭਰੀ ਜ਼ਿੰਦਗੀ ਤੇ ਬਦੇਸ਼ੀ ਸਭਿਅਤਾ ਨੇ ਜਾਂ ਇਸਦੀ ਉਮਰ ਨੇ ਇਸਦਾ ਖੂਨ ਠੰਢਾ ਕਰ ਦਿਤਾ ਹੋਵੇਗਾ। ਹੋ ਸਕਦਾ ਹੈ, ਕਿ ਇਸਦੀ ਦਾੜ੍ਹੀ ਦੇ ਵਿਰਲੇ ਵਿਰਲੇ ਧੌਲਿਆਂ ਨੇ ਹੀ ਇਸ ਦੇ ਸੁਭਾਅ ਤੇ ਕਾਬੂ ਪਾ ਲਿਆ ਹੋਵੇ। ਗਰੀਸੋਂ ਆ ਕੇ ਉਹ ਛੇਤੀ ਹੀ ਲੋਕਾਂ ਵਿਚ ਹਰਮਨ ਪਿਆਰਾ ਹੋ ਗਿਆ ਸੀ।

ਮਲਕੀਤ ਐਸਾ ਸ਼ਿੱਪ ਵਿਚ ਚੜ੍ਹਿਆ ਉਸਨੇ ਦੁਨੀਆਂ ਦੀ ਹਰ ਬੰਦਰਗਾਹ ਉਤੇ ਉਤਰਕੇ ਉਸ ਦੇਸ਼ ਦਾ ਪਾਣੀ ਪੀਤਾ ਤੇ ਆਪਣੀ ਭਰਪੂਰ ਜੁਆਨੀ ਨਾਲ ਉਥੋਂ ਦੀਆਂ ਬਰਫੀਲੀ ਰੰਗ ਵਿਚ ਅੱਗ ਵਾਂਗ ਭੱਖਦੀਆਂ ਔਰਤਾਂ ਦਾ ਨਿੱਘ ਮਾਣਿਆ। ਇਕ ਦਿਨ ਉਸਦਾ ਜਹਾਜ਼ ਅਮਰੀਕਾ ਦੀ ਸਾਨਫਰਾਂਸਿਸਕੋ ਸਿਟੀ ਦੀ ਬੰਦਰਗਾਹ ਤੇ ਆ ਲੱਗਾ। ਦੁਨੀਆਂ ਵਿਚ ਅਮਰੀਕਾ ਮਸ਼ਹੂਰ ਦੇਸ਼ ਹੈ। ਪਿੱਛੋਂ ਉਸਦੇ ਘਰਦਿਆਂ ਨੇ ਚਿੱਠੀ ਵਿਚ ਉਸਨੂੰ ਲਿਖ ਭੇਜਿਆ ਕਿ ਤੇਰਾ ਯਾਰ ਸੁਖਜਿੰਦਰ ਵੀ ਅਮਰੀਕਾ ਪਹੁੰਚ ਗਿਆ ਹੈ। ਜਦੋਂ ਮਲਕੀਤ ਦੇਸੋਂ ਆਇਆ ਸੀ ਤਾਂ ਛੇਤੀ ਬਾਅਦ ਸੁਖਜਿੰਦਰ ਵੀ ਆਪਣੇ ਰਿਸ਼ਤੇਦਾਰਾਂ ਦੇ ਜ਼ਰੀਏ ਅਮਰੀਕਾ ਪਹੁੰਚ ਗਿਆ ਸੀ। ਇਥੇ ਆਸ ਦੇ ਕਾਰਨ ਮਲਕੀਤ ਨੇ ਸਾਨਫਰਾਂਸਿਸਕੋ ਦੀ ਬੰਦਰਗਾਹ ਤੋਂ ਜਹਾਜ਼ ਛੱਡ ਦਿਤਾ ਤੇ ਅਮਰੀਕਾ ਦੀ ਜੂਹ ਵਿਚ ਅਲੋਪ ਹੋ ਗਿਆ। ਸੁਖਜਿੰਦਰ ਦਾ ਉਸਦੇ ਕੋਲ ਪਤਾ ਨਾ ਹੋਣ ਕਰਕੇ ਉਹ ਉਸਨੂੰ ਤਕਰੀਬਨ ਚਾਰ ਸਾਲ ਤੱਕ ਨਾ ਲੱਭ ਸਕਿਆ।

ਸਾਨਫਰਾਂਸਿਸਕੋ ਅਮਰੀਕਾ ਦੀ ਕੈਲੇਫਰੋਨੀਆ ਸਟੇਟ ਵਿਚ ਹੈ। ਉਸਦਾ ਇਥੇ ਕੋਈ ਕੰਮ ਕਾਰ ਨਾ ਸੂਤ ਆਉਣ ਕਰਕੇ ਮਲਕੀਤ ਬਸ ਫੜਕੇ ਨਿਊਯਾਰਕ ਪਹੁੰਚ ਗਿਆ। ਉਥੇ ਉਸਨੇ ਹੋਟਲ ਵਿਚ ਇਕ ਬਹੁਤ ਵਧੀਆ ਜਾਬ ਕੀਤੀ ਤੇ ਕਾਫੀ ਪੈਸਾ ਕਮਾਇਆ। ਸਾਰੀ ਦੀ ਸਾਰੀ ਕਮਾਈ ਉਸਦੇ ਹੱਥਾਂ ਵਿਚ ਨਾ ਟਿਕੀ। ਅੱਧ ਪਚੱਧੀ ਉਹ ਪਿਛੇ ਦੇਸ਼ ਆਪਣੇ ਭਾਈਆਂ ਨੂੰ ਭੇਜਦਾ ਰਿਹਾ ਤੇ ਬਾਕੀ ਦੀ ਅਯਾਸ਼ੀ ਵਿਚ ਵਿਲੇ ਲਾਉਂਦਾ ਰਿਹਾ। ਮਲਕੀਤ ਦੇ ਹੋਰ ਕਈ ਇਲਲੀਗਲ ਸਾਥੀਆਂ ਨੇ ਕੋਸ਼ਿਸ਼ ਦੇ ਨਾਲ ਅਮਰੀਕਾ ਵਿਚ ਸੈਟ ਹੋਣ ਦੇ ਕਾਗਜ਼ ਪੱਤਰ ਮੇਮਾਂ ਨਾਲ ਵਿਆਹ ਰਚਾਕੇ ਬਣਾ ਲਏ, ਪਰ ਇਹ ਅੜਬ ਜੱਟ ਉਵੇਂ ਹੀ ਫਿਰਦਾ ਰਿਹਾ

ਚਾਰ ਸਾਲ ਬਾਅਦ ਮਲਕੀਤ ਯੂਬਾ ਸਿਟੀ ਦਾ ਨਾਮ ਸੁਣਕੇ (ਪਈ ਇਥੇ ਪੰਜਾਬੀ ਬਹੁਤ ਰਹਿੰਦੇ ਹਨ) ਯੂਬਾ ਸਿਟੀ ਆਇਆ। ਉਸਨੂੰ ਪਤਾ ਲੱਗਾ ਕਿ ਉਸਦਾ ਯਾਰ ਸੁਖਜਿੰਦਰ ਵੀ ਇਥੇ ਹੀ ਰਹਿੰਦਾ ਹੈ। ਪੁੱਛਦਾ ਪੁਛਾਂਦਾਂ ਉਹ ਸੁਖਜਿੰਦਰ ਦੇ ਘਰ ਪਹੁੰਚਾ। ਦੋ ਯਾਰ ਸਦੀਆਂ ਬਾਅਦ ਮਿਲੇ। ਵਾਹਵਾ ਰੌਣਕਾਂ ਹੋਈਆਂ। ਖੁਲ੍ਹ ਕੇ ਗੱਲਾਂ ਕੀਤੀਆਂ। ਇੰਝ ਮਹਿਸੂਸ ਹੁੰਦਾ ਸੀ ਕਿ ਉਨ੍ਹਾਂ ਨੂੰ ਖੌਰੇ ਕਿਹੜੀ ਕੋਹਿਨੂਰ ਦੀ ਡਲੀ ਲੱਭ ਗਈ ਹੋਵੇ। ਕਾਫੀ ਇਧਰ ਉਧਰ ਦੀਆਂ ਬਾਤਾਂ ਤੋਂ ਬਾਅਦ ਸੁਖਜਿੰਦਰ ਨੇ ਫੇਰ ਮਲਕੀਤ ਨੂੰ ਉਸਦੀ ਜ਼ਿੰਦਗੀ ਵਿਚ ਇਕ ਪਰਿਵਾਰਕ ਜੀਵਨ ਦੇ ਸਪਨੇ ਵਿਖਾਲਣੇ ਸ਼ੁਰੂ ਕਰ ਦਿੱਤੇ। ਉਸਨੂੰ ਦੱਸਣ ਦੀ ਕੋਸ਼ਿਸ਼ ਕੀਤੀ ਕਿ "ਪਹਿਲਾਂ ਤਾਂ ਤੂੰ ਚਲੋ ਸਮੁੰਦਰ ਵਿਚ ਹੀ ਘੁੰਮਦਾ ਰਿਹਾਂ ਏ ਹੁਣ ਤੇਰੇ ਧਰਤੀ ਉਤੇ ਪੈਰ ਲੱਗੇ ਹਨ ਤੇ ਇਸ ਧਰਤੀ ਦਾ ਕੁੱਝ ਲਾਭ ਉਠਾ ਲੈ, ਮੌਕਾ ਬਾਰ ਬਾਰ ਹੱਥ ਨਹੀਂ ਆਉਣਾ।"

"ਯਾਰ ਤੂੰ ਮੈਨੂੰ ਫੇਰ ਉਹੀ ਇੰਡੀਆ ਵਾਲੇ ਸਵਾਲ ਕਰੀ ਜਾਨੈ? ਮੈਂ ਤੈਨੂੰ ਕਿਹਾ ਸੀ ਨਾ ..... ਆਪਾਂ ਨਹੀਂ ਮੈਰਿਜ ਮੁਰਜ ਦੇ ਚੱਕਰ ਵਿਚ ਫਸਣੈ।" ਮਲਕੀਤ ਨੇ ਆਪਣੇ ਸੁਭਾਅ ਮੁਤਾਬਕ ਫੇਰ ਉਹੀ ਪੁਰਾਣਾ ਜਵਾਬ ਠੋਕ ਦਿਤਾ।

ਸੁਖਜਿੰਦਰ ਤੋਂ ਵੀ ਰਿਹਾ ਨਾ ਗਿਆ ਤੇ ਉਸਨੂੰ ਫੇਰ ਸਮਝਾਉਣ ਦੇ ਲਹਿਜੇ ਵਿਚ ਕਹਿਣਾ ਜਾਰੀ ਰੱਖਿਆ।

"ਬੇਸ਼ੱਕ ਯਾਰ, ਮਲਕੀਤ ਸਿੰਘਾਂ ਤੂੰ ਮੈਰਿਜ-ਮੁਰਜ ਨਾ ਕਰਾਈ, ਪਰ ਅਮਰੀਕਾ ਵਿਚ ਸੈਟ ਹੋਣ ਲਈ ਤਾਂ ਝੂਠਾ ਸੱਚਾ ਕਰਾ ਲੈ। ਕਿਤੇ ਇੰਡੀਆ ਈ ਜਾਣੈ ਪੈਂਦਾ।"

ਮਲਕੀਤ ਨੇ ਸੁਖਜਿੰਦਰ ਦੀ ਗੱਲ ਫੇਰ ਅਣਸੁਣੀ ਕਰ ਦਿਤੀ। ਉਹ ਇਕ ਰਾਤ ਸੁਖਜਿੰਦਰ ਕੋਲ ਰਿਹਾ ਤੇ ਸਵੇਰੇ ਮੁੜ ਨਿਊਯਾਰਕ ਨੂੰ ਚਲਾ ਗਿਆ। ਹੁਣ ਉਹ ਆਏ ਦਿਨ ਸੁਖਜਿੰਦਰ ਨੂੰ ਟੈਲੀਫੋਨ ਕਰਦਾ ਰਹਿੰਦਾ। ਸੁਖਜਿੰਦਰ ਨੂੰ ਵੀ ਹੌਂਸਲਾ ਜਿਹਾ ਹੋ ਗਿਆ ਕਿ "ਮੇਰਾ ਵੀ ਕੋਈ ਯਾਰ ਹੈ ਇਸ ਦੁਨੀਆਂ ਵਿਚ।" ਕੀ ਹੋਇਆ ਜੇ ਉਹ ਥੋੜਾ ਦੂਰ ਹੈ, ਪਰ ਦੂਰ ਵੀ ਕਾਹਦਾ, ਜਦ ਅਸੀਂ ਟੈਲੀਫੂਨ ਉਤੇ ਜਦੋਂ ਜੀ ਚਾਹਿਆ ਆਪਣਾ ਦਰਦ ਸਾਂਝਾ ਕਰ ਸਕਦੇ ਹਾਂ। ਸੁਖਜਿੰਦਰ ਕਦੇ ਕਦੇ ਆਪਣੇ ਯਾਰ ਦੀ ਛੜੀ ਜ਼ਿੰਦਗੀ ਬਾਰੇ ਸੋਚਦਾ ਕਿ ਉਹ ਗ੍ਰਿਸਤ ਜੀਵਨ ਤੋਂ ਅਜ਼ਾਦ ਆਪਣਾ ਆਪ ਚੁੱਕ ਕੇ ਜਿਥੇ ਜੀ ਚਾਹੁੰਦਾ ਚਲੇ ਜਾਂਦਾ ਤੇ ਝੂਲੇ ਲੁੱਟਦਾ। ਪਰ ਸੁਖਜਿੰਦਰ ਆਪਣੇ ਪਰਿਵਾਰਕ ਜੀਵਨ ਦੇ ਝਮੇਲਿਆਂ ਵਿਚੋਂ ਵਿਹਲ ਕੱਢਕੇ ਇੰਡੀਆ ਜਾਂ ਨਿਊਯਾਰਕ ਤਾਂ ਕੀ ਯੂਬਾ ਸਿਟੀ ਦੀ ਜੂਹ ਵੀ ਨਹੀਂ ਸੀ ਟੱਪਿਆ। ਉਸਨੂੰ ਮਲਕੀਤ ਦੀ ਵਿਆਹ ਨਾ ਕਰਾਉਣ ਵਾਲੀ ਰਾਇ ਚੰਗੀ ਚੰਗੀ ਜਾਪਦੀ। ਉਹ ਆਪਣੇ ਆਪ ਨੂੰ ਸੋਚਦਾ ਕਿ "ਮੈਂ 14-15 ਸਾਲ ਸਕੂਲਾਂ ਕਾਲਜਾਂ ਵਿਚ ਗਾਲੇ। ਇਸ ਤੋਂ ਬਾਅਦ ਅਮਰੀਕਾ ਆ ਕੇ ਦਰਖਤ ਸ਼ਾਂਗਣ ਤੋਂ ਸਿਵਾ ਹੋਰ ਕੁੱਝ ਨਹੀਂ ਕਰ ਸਕਿਆ ਤੇ ਇਸ ਯਾਰ ਨੇ ਬਚਪਨ ਤੋਂ ਲੈ ਕੇ ਅੱਜ ਤੱਕ ਦੁਨੀਆਂ ਦਾ ਕੋਈ ਐਸਾ ਦੇਸ਼ ਨਹੀਂ ਛੱਡਿਆ ਹੋਣਾ ਜ਼ਿਸ ਦੀ ਹੱਦ ਅੰਦਰ ਦਾਖਲ ਹੋ ਕੇ ਉਥੋਂ ਦੇ ਹਸੀਨ ਨਜ਼ਾਰਿਆਂ ਨੂੰ ਨਾ ਤੱਕਿਆ ਹੋਵੇ ਤੇ ਭਰ ਹੁਸਨ ਜਵਾਨੀਆਂ, ਮਦ-ਮਸਤ ਭਰਪੂਰ ਜਨਾਨੀਆਂ ਨੂੰ ਹੋਂਠੀ ਲਾ ਕੇ ਉਨ੍ਹਾਂ ਦੇ ਸਪਰਸ ਦੀ ਸੇਜ ਨਾ ਮਾਣੀ ਹੋਵੇ।"

ਅੱਜ ਤਿੰਨ ਸਾਲ ਬਾਅਦ ਫੇਰ ਮਲਕੀਤ ਤੇ ਸੁਖਜਿੰਦਰ ਇਕੱਠੇ ਹੋਏ ਸਨ। ਮਲਕੀਤ ਫੇਰ ਨਿਊਯਾਰਕ ਤੋਂ ਚਲਕੇ ਯਾਰ ਨੂੰ ਮਿਲਣ ਆਇਆ ਸੀ। ਯਾਰ ਯਾਰ ਨੂੰ ਮਿਲਣ ਉਤੇ ਕਿਨਾ ਖੁਸ਼ ਹੁੰਦਾ ਹੈ, ਇਸ ਨੂੰ ਰੱਬ ਹੀ ਜਾਣਦਾ ਹੈ। ਸੁਖਜਿੰਦਰ ਅੱਜ ਪੂਰਾ ਖੁਸ਼ ਸੀ ਤੇ ਇਸੇ ਖੁਸ਼ੀ ਵਿਚ ਇਕ ਦੋ ਪੈਗ ਪੀ ਗਿਆ। ਉਸਦੇ ਦਿਲੋਂ ਖੁਸ਼ੀ ਫੁਟ ਫੁਟ ਬਾਹਰ ਨੂੰ ਆ ਰਹੀ ਸੀ। ਮਲਕੀਤ ਵੀ ਉਸਦੇ ਨਾਲ ਗੱਲਾਂ ਕਰ ਕਰ ਮਜ਼ੇ ਲੈ ਰਿਹਾ ਸੀ। ਪਰ ਅੱਜ ਉਸਦੇ ਚਿਹਰੇ ਉਤੇ ਉਹ ਪਹਿਲਾਂ ਵਾਲਾ ਤੇਜ ਨਹੀਂ ਸੀ। ਸੁਖਜਿੰਦਰ ਨਸ਼ੇ ਦੇ ਜ਼ੋਰ ਵਿਚ ਉਸਦੇ ਗਲਾਸ ਵਿਚ ਹੋਰ ਪਾਉਣ ਲੱਗਿਆ ਤਾਂ ਮਲਕੀਤ ਨੇ ਰੋਕ ਦਿੱਤਾ।

"ਨਾ ਨਾ ਹੋਰ ਨਾ ਪਾਈ।"

"ਕਿਉਂ ਕੀ ਗੱਲ ਏ ਅੱਜ ਤਾਂ ਆਪਾਂ ਰੱਜ ਕੇ ਪੀਣੀ ਏ ਯਾਰਾਂ ਨੇ ਕਿਤੇ ਰੋਜ਼ ਰੋਜ਼ ਥੋੜੀ ਆਉਣੈ।" ਸੁਖਜਿੰਦਰ ਨੇ ਲੋਰ ਦੇ ਅਸਰ ਥੱਲੇ ਆ ਕੇ ਆਪਣੇ ਯਾਰ ਨੂੰ ਹੋਰ ਪੀਣ ਲਈ ਜ਼ੋਰ ਦੇਣਾ ਚਾਹਿਆ।

ਨਹੀਂ ਯਾਰ ... ਮੈਂ ਸ਼ਰਾਬ ਬਹੁਤ ਪੀਤੀ ਬਹੁਤ ਪੀਤੀ .... ਐਨੀ ਪੀਤੀ ਕਿ ..... ਮਸਾਂ ਮਰਨੋਂ ਬਚਿਆ।" ਮਲਕੀਤ "ਮਸਾਂ ਮਰਨੋਂ ਬਚਿਆ।" ਕਹਿੰਦਿਆਂ ਸਾਰ ਹੀ ਗੰਭੀਰ ਹੋ ਗਿਆ। ਉਸਦੀ ਗੰਭੀਰਤਾ ਨੂੰ ਵੇਖ ਕੇ ਸੁਖਜਿੰਦਰ ਵੀ ਤਾੜ ਗਿਆ। ਉਸਦੀ ਅਸਲੀ ਸ਼ੱਕ ਅਸਲੀਅਤ ਵਿਚ ਬਦਲਣ ਲੱਗਾ। ਵਾਕਿਆ ਹੀ ਮਲਕੀਤ ਦੇ ਦਿਲ ਅੰਦਰ ਅੱਜ ਕੋਈ ਲਾਵਾ ਉਬਾਲੇ ਖਾ ਰਿਹਾ ਸੀ ਜੋ ਹੁਣੇ ਹੀ ਉਛਲਣ ਲਈ ਤਿਆਰ ਸੀ। ਸੁਖਜਿੰਦਰ ਨੇ ਬੋਤਲ ਮੇਜ ਉਤੇ ਰੱਖ ਦਿਤੀ ਤੇ ਸੰਜੀਦਗੀ ਵਿਚ ਆ ਕੇ ਗੱਲਾਂ ਦਾ ਵਿਸ਼ਾ ਬਦਲਦਿਆਂ ਮਲਕੀਤ ਦੇ ਅੰਦਰਲੇ ਦਰਦ ਨੂੰ ਲੱਭਣਾ ਚਾਹਿਆ।

ਕਿਉਂ ਕੀ ਗੱਲ ਏ ਖੈਰ ਤੇ ਹੈ ਮੇਰੇ ਯਾਰ। ਮੈਨੂੰ ਤਾਂ ਤੇਰਾ ਚਿਹਰਾ ਈ ਹੋਰ ਲਗਦੈ ਅੱਜ। ਮੈਨੂੰ ਪਹਿਲਾਂ ਈ ਠੁਣਕ ਪੈ ਗਈ ਸੀ ... ਪਰ ਮੈਂ ਸਮਝਿਆ ਸ਼ਾਇਦ ਕਮਾਈ ਜ਼ਿਆਦਾ ਕਰਨ ਲੱਗ ਪਿਆ ਹੋਵੇਗਾ।"

"ਕੀ ਦੱਸਾਂ ਯਾਰ?" ਮਲਕੀਤ ਨੇ ਕਹਿੰਦਿਆਂ ਹੀ ਇਕ ਲੰਮਾ ਹਾਉਕਾ ਭਰਿਆ। ਇੰਝ ਮਹਿਸੂਸ ਹੋ ਰਿਹਾ ਸੀ ਜਿਵੇਂ ਉਸਦੀ ਘੰਡੀ ਵਿਚ ਪੂਰਾ ਸਾਹ ਨਾ ਲੰਘ ਰਿਹਾ ਹੋਵੇ।

"ਯਾਰ ਤੇਰੇ ਦਿਲ ਉਤੇ ਕੋਈ ਬੋਝ ਏ ... ਤੂੰ ਮੈਨੂੰ ਅੱਜ ਖੁਸ਼ ਨਜ਼ਰ ਨਹੀਂ ਆਉਂਦੈ... ਦੇਸੋਂ ਚਿੱਠੀ ਆਈ ਕੋਈ... ਸੁਖ ਤੇ ਹੈ?" ਸੁਖਜਿੰਦਰ ਨੇ ਅਸਲ ਦਰਦ ਕਹਾਣੀ ਸੁਣਨ ਲਈ ਇਕੋ ਸਾਹੇ ਕਈ ਸਵਾਲ ਕਰ ਮਾਰੇ। ਮਲਕੀਤ ਨੇ ਸੋਫੇ ਉਤੇ ਬੈਠੇ ਨੇ ਸੁਖਜਿੰਦਰ ਦੇ ਪੱਟ ਉਤੇ ਹੱਥ ਰੱਖਿਆ। ਉਸਦਾ ਚਿਹਰਾ ਉਦਾਸ ਸੀ ਤੇ ਲਗਦਾ ਸੀ ਕਿ ਉਸ ਤੋਂ ਬੋਲਿਆ ਨਹੀਂ ਜਾਣਾ ਪਰ ਉਸਦੇ ਕੰਬਦੇ ਬੁੱਲਾਂ ਨਾਲ ਬੋਲਣਾ ਸ਼ੁਰੂ ਕੀਤਾ।

"ਯਾਰ ਤੇਰੀਆਂ ਗੱਲਾਂ ਹੁਣ ਯਾਦ ਆਉਂਦੀਆਂ ... ਪਹਿਲਾਂ ਤਾਂ ਮੈਂ ਜੁਆਨੀ ਦੇ ਜ਼ੋਰ ਆਪਣੇ ਆਪ ਨੂੰ ਉਪਰਲੀ ਹਵਾ ਵਿਚ ਹੀ ਘੁਮਾਉਂਦਾ ਰਿਹਾ ... ਹੁਣ ਸਰੀਰ ਨੇ ਵੀ ਜਵਾਬ ਦੇਣਾ ਸ਼ੁਰੂ ਕਰ ਦਿਤਾ ਏ। ਇਕ ਦਿਨ ਮੈਂ ਸੋਚਾਂ ਸੋਚਾਂ ਵਿਚ ਬਹੁਤ ਪੀ ਬੈਠਾ ...।" ਮਲਕੀਤ ਰੁਕ ਰੁਕ ਬੋਲ ਰਿਹਾ ਸੀ। ਲਗਦਾ ਸੀ ਕਿ ਉਸਦੀ ਜੁਆਨੀ ਬਾਰੇ ਦੀ ਸਾਰੀ ਫਿਲਮ ਅਚੇਤ ਵਿਚੋਂ ਉਠਕੇ ਉਸਦੇ ਚੇਤਨ ਵਿਚ ਘੁੰਮ ਰਹੀ ਸੀ। ਤੇ ਉਹ ਉਸਨੂੰ ਵੇਖ ਕੇ ਜੀਵਨ ਦੇ ਸੁਖਾਂਤਾਂ ਤੇ ਦੁਖਾਂਤਾਂ ਦੇ ਪਹਿਲੂਆਂ ਦੀ ਅਸਲੀਅਤ ਨੂੰ ਪਰਖ ਰਿਹਾ ਸੀ। ਜਿਨਾਂ ਵਿਚੋਂ ਜ਼ਿਆਦਾ ਪਲੜਾ ਦੁਖਾਂਤਾਂ ਦਾ ਭਾਰੀ ਸੀ।

"ਕਿਉਂ ਐਨੀ ਪੀਣ ਦੀ ਕੀ ਲੋੜ ਪੈ ਗਈ ਸੀ?" ਸੁਖਜਿੰਦਰ ਨੇ ਉਸ ਉਤੇ ਹੋਰ ਸਵਾਲ ਕੀਤਾ।

"ਹੁਣ ਮਹਿਸੂਸ ਕਰਦਾ ਹਾਂ ਕਿ ਮੇਰਾ ਵੀ ਪਰਿਵਾਰ ਹੋਣਾ ਚਾਹੀਦਾ ਸੀ। ਮੈਂ ਜਿਨੀ ਵੀ ਕਮਾਈ ਕੀਤੀ ਉਸਦਾ ਅੱਧੋਂ ਜ਼ਿਆਦਾ ਹਿਸਾ ਭਾਈਆਂ ਨੂੰ ਭੇਜ ਦਿ-ਤਾ ਹੈ ਤੇ ਬਾਕੀ ਆਪਣੀ ਅਯਾਸ਼ੀ ਵਿਚ ਰੋੜ੍ਹ ਦਿਤਾ। ਜੋ ਇੰਡੀਆ ਨੂੰ ਭੇਜਿਆ ਉਸਦਾ ਕੋਈ ਹਿਸਾਬ ਨੀ ਕਿਤਾਬ ਨੀ ... ਛੋਟਾ ਆਪਣਾ ਲੂੰਗ ਲਾਣਾ ਲੈ ਕੇ ਵਗਲ ਹੋ ਗਿਆ ਏ ਯਾਰ .... ਹੁਣ ਤੇਰੀਆਂ ਨਸੀਅਤਾਂ ਦਾ ਅਸਰ ਉਦੋਂ ਹੋਇਆ ਜਦੋਂ ਵੱਡੇ ਵੀਰ ਦੀ ਮੌਤ ਦੀ ਚਿੱਠੀ ਪ..ਪ..ੜ੍ਹੀ।"

ਮਲਕੀਤ ਦੇ ਅੰਤਲੇ ਲਫਜ਼ ਕਹਿੰਦਿਆਂ ਹੀ ਅੱਖਾਂ ਵਿਚੋਂ ਅਥਰੂ ਤਰਿਪ ਤਰਿਪ ਵਹਿਣ ਲਗ ਪਏ ਤੇ ਉਸਦਾ ਅੰਦਰ ਧੁਮ-ਪਛਤਾਵੇ ਦੀ ਅੱਗ ਉਤੇ ਉਬਲ ਰਿਹਾ ਸੀ।

ਜ਼ਖ਼ਮ ਆਪਣੇ ਜਗਾਈਏ ਅਸੀਂ ਦੀਵਿਆਂ ਦੇ ਵਾਂਗ।
ਨੂਰ ਫੈਲਿਆ ਮੁਕਾਈਏ ਅਸੀਂ ਦੀਵਿਆਂ ਦੇ ਵਾਂਗ।

ਇਸ਼ਕ ਚਾਨਣੀ ਨੂੰ ਕਰੀਏ ਤੋੜ ਤੱਕ ਹੀ ਨਿਭਾਈਏ,
ਗੀਤ ਚਾਨਣੀ ਦੇ ਗਾਈਏ ਅਸੀਂ ਦੀਵਿਆਂ ਦੇ ਵਾਂਗ।

ਤੇਲ-ਬੱਤੀਓਂ ਬਗ਼ੈਰ ਬਲਦੇ ਰਹੀਏ ਸਾਰੀ ਰਾਤ,
ਜਿੰਦ ਆਪਣੀ ਜਲਾਈਏ ਅਸੀਂ ਦੀਵਿਆਂ ਦੇ ਵਾਂਗ।

ਸਾ ਹਿ ਤ ਦ ਰ ਪ ਣ

ਵਿਅੰਗ

ਜਦ ਤਾਊ ਨੂੰ ਸਿਆਣਪ ਦਾ ਦੌਰਾ ਪਿਆ

ਕੇ. ਐਲ. ਗਰਗ

ਤੇ ਇੱਕ ਦਿਨ ਸੁਬ੍ਹਾ ਸਵੇਰੇ ਅੰਮ੍ਰਿਤ ਵੇਲੇ ਤਾਊ ਰੰਗੀ ਰਾਮ ਨੇ ਅਚਾਨਕ ਇੱਕ ਘੋਸ਼ਣ ਕਰ ਦਿੱਤੀ ਜਿਸ ਨਾਲ ਸਾਰੇ ਮਹੱਲੇ ਨੂੰ ਹੈਰਾਨੀ ਦੇ ਦੌਰੇ ਪੈਣ ਲੱਗ ਪਏ। ਅਖੇ ਮੈਂ ਅੱਜ ਤੋਂ ਸਿਆਣਾ ਹੋ ਗਿਆਂ ਕੋਈ ਜਦ ਇਸ ਬਾਰੇ ਵਿਸਥਾਰ 'ਚ ਪੁੱਛਦਾ ਤਾਂ ਬੜੇ ਤਪਾਕ ਨਾਲ ਖੋਲ੍ਹ ਕੇ ਦੱਸਦੇ, "ਰਾਤੀਂ ਜੀ ਹੋਇਆ ਇਉਂ..... ਮੈਂ ਆਪਣੀ ਮੱਝ ਨੂੰ ਪੱਠੇ ਪਾ ਕੇ, ਮਲਾਈ ਆਲਾ ਦੁੱਧ ਪੀ, ਮੁੱਛਾਂ ਪੂੰਝ ਜਿਉਂ ਸੁੱਤਾ ਕਿ ਜਟਾਧਾਰੀ ਕਰਾਮਾਤੀ ਬਾਬੇ ਆਣ ਪ੍ਰਗਟ ਹੋਏ। ਆਖਣ ਲੱਗੇ "ਲੈ ਬਈ ਰੰਗੀ ਰਾਮਾਂ ਤੂੰ ਵਥੇਰੀ ਪਸ਼ੂਆਂ ਆਲੀ ਜੂਨ ਹੰਢਾ ਲਈ। ਲੈ ਹੁਣ ਤੈਨੂੰ ਸਿਆਣਪ ਦਾ ਵਰਦਾਨ ਦੇਈਏ। ਤਾਂ ਜੋ ਚਾਰ ਦਿਨ ਤੂੰ ਵੀ ਬੰਦਿਆਂ ਦੀ ਜੂਨ ਕੱਟ ਲਮੇਂ।" ਮੈਂ ਵਥੇਰਾ ਕਿਹਾ ਬਈ ਜੀ ਸਿਆਣਪ ਨੂੰ ਮੈਂ ਕੀ ਗਿੱਟਿਆਂ ਗੋਡਿਆਂ ਨਾਲ ਰਗੜ ਕੇ ਲਾਉਣੈਂ। ਮੈਂ ਇਹਨੂੰ ਹੇਠਾਂ ਵਿਛਾਊਂ ਕੁ ਉਪਰ ਲਊਂ। ਸਾਡੇ ਮੁਲਕ 'ਚ ਨੀ ਲੋੜ ਬਹੁਤੀ ਸਿਆਣਪ ਸਿਊਣਪ ਦੀ। ਤੇ ਜੇ ਕਿਸੇ ਕੋਲ ਭੋਰਾ ਮਾਸਾ ਆ ਵੀ ਜਾਵੇ ਤਾਂ ਉਹ 'ਗਲੈਂਡ' ਮਰੀਕਾ ਭੱਜ ਤੁਰਦੇ! ਮੈਂ ਕਿਹਾ ਬਈ ਜੀ ਜੇ ਕੁੱਝ ਦੇਣਾ ਹੀ ਐ ਤਾਂ ਸੰਤਾਨ ਜਾਂ ਧਨ ...."

"ਤੇ ਫਿਰ ਕੀ ਹੋਇਆ ?" ਬੰਦਾ ਉਤਸੁਕਤਾ ਨਾਲ ਪੁੱਛਦਾ।

"ਤਾਂ ਬਾਬੇ ਖਿੜਕੇ ਆਖਣ ਲੱਗੇ 'ਸੰਤਾਨ ਦਾ ਤਾਂ ਤੇਰਾ ਕੋਟਾ ਪੂਰਾ ਹੋ ਚੁੱਕਿਐ। ਹੋਰ ਪਰਮਟ ਨੀ ਮਿਲ ਸਕਦਾ। ਤੇਰੀ ਸੰਤਾਨ ਨੇ ਤਾਂ ਭਾਰਤ ਸਰਕਾਰ ਦੀਆਂ ਸਾਰੀਆਂ ਪੰਜ ਸਾਲਾ ਯੋਜਨਾਵਾਂ ਫੇਲ੍ਹ ਕਰ ਛੱਡੀਆਂ। ਬਾਕੀ ਰਹੀ ਧਨ ਦੀ ਗੱਲ। ਮੂਰਖ ਅਤੇ ਉਸਦਾ ਧਨ ਬਹੁਤੀ ਦੇਰ ਇਕੱਠੇ ਨਹੀਂ ਰਹਿ ਸਕਦੇ। ਉਹ ਜਲਦੀ ਹੀ ਇੱਕ ਦੂਸਰੇ ਤੋਂ ਵਿਛੜ ਜਾਇਆ ਕਰਦੇ ਨੇ। ਸੋ ਜੀ ਮੱਲੋ ਮੱਲੀ ਸਿਆਣਪ ਦਾ ਬੁਟਕਾ ਸਾਡੇ ਵੱਲ ਸੁੱਟ ਕੇ ਉਹ ਜਿਉਂ ਭੱਜੇ ਜਿਉਂ ਭੱਜੇ ..."

"ਤੇ ਤੁਸੀਂ ਫਿਰ ਕੁਝ ਨਾ ਕੀਤਾ ?" ਬੰਦਾ ਫਿਰ ਗੋਡਿਆਂ ਭਾਰ ਬਹਿਕੇ ਪੁੱਛਦਾ।

"ਅਜੇ ਗੱਲ ਕਿਹੜਾ ਮੁੱਕ ਗਈ। ਕੀਤਾ ਕਿਉਂ ਨਾ ਸੁਣੋ ਤਾਂ ਸਹੀ। ਅਸੀਂ ਵੀ ਭੱਜ ਪਏ ਬਾਬਾ ਕਰਾਮਾਤੀ ਪਿੱਛੇ। ਬਾਬਾ ਅੱਗੇ ਅੱਗੇ ਤੇ ਅਸੀਂ ਪਿੱਛੇ ਪਿੱਛੇ। ਜਾ ਕੇ ਫੜ੍ਹ ਲਿਆ ਪੱਲਾ। ਬਾਬਾ ਅਗਾਂਹ ਨੂੰ ਖਿੱਚੇ ਅਸੀਂ ਪਿਛਾਂਹ ਨੂੰ — ਇਸੇ ਜ਼ੋਰ ਅਜ਼ਮਾਈ 'ਚ ਸਾਡੀ ਨੀਂਦਰ ਖੁੱਲ੍ਹ ਗਈ। ਸਾਡੇ ਹੱਥ 'ਚ ਫਟਿਆ ਹੋਇਆ ਬੋਦਾ ਖੇਸ ਸੀ ਤੇ ਮੱਥੇ 'ਚ ਸਿਆਣਪ!"

ਇਕ ਅਖਾਣ ਹੈ ਕਿ ਸਿਆਣਪ ਤੇ ਮੂਰਖਤਾਂ ਵਿਚਕਾਰ ਇਕ ਪਤਲਾ ਜਿਹਾ ਪਰਦਾ ਹੀ ਹੈ, ਹਲਕੀ ਜਿਹੀ ਇਕ ਲੀਕ ਹੀ ਹੈ। ਤੇ ਤਾਊ ਰੰਗੀ ਰਾਮ ਨੇ ਇਕ ਦਿਨ ਰਾਤੋ ਰਾਤ ਉਹ ਲੀਕ ਛੜੱਪਾ ਮਾਰ ਕੇ ਪਾਰ ਕਰ ਲਈ ਸੀ। ਤੇ ਅਚਾਨਕ ਤਾਊ ਰੰਗੀ ਰਾਮ ਸਿਆਣੇ ਹੋ ਗਏ ਸਨ। ਤਾਊ ਹੋਰੀਂ ਹੁਣ ਅਕਸਰ ਕਹਿੰਦੇ ਸੁਣਾਈ ਦਿੰਦੇ, "ਕਈ ਦਿਨਾਂ ਦਾ ਲੱਗਦਾ ਤਾਂ ਮੈਨੂੰ ਵੀ ਹੋਊਂ ਹੋਊਂ ਜਿਹਾ ਸੀ। ਪਰ ਫਿਰ ਮੈਂ ਸੋਚਣਾਂ ਮਨਾਂ ਐਮੇਂ ਭੁਲੇਖਾ ਈ ਹੋਣੈਂ। ਇਹੋ ਜੀ ਅਨਹੋਣੀ ਗੱਲ ਪਹਿਲਾਂ ਤਾਂ ਕਦੀ ਦੇਖੀ ਸੁਣੀ ਨੀ। ਪਰ ਫਿਰ ਜਦ ਕਰਾਮਾਤੀ ਜਟਾਧਾਰੀ ਬਾਬਿਆਂ ਦੇ ਦਰਸ਼ਨ ਹੋਏ ਤਾਂ ....."

ਉਹਨਾਂ ਦੀ ਇਸ ਘੋਸ਼ਣਾ ਤੋਂ ਬਾਦ ਉਹਨਾਂ ਦੇ ਜਾਣੂੰ ਹਲਕਿਆਂ 'ਚ ਕਾਫੀ ਸ਼ੋਰ ਸ਼ਰਾਬਾ ਹੋਇਆ। ਸਭ ਤੋਂ ਪਹਿਲਾਂ ਤਾਂ ਮੂਰਖ ਮੰਡਲ ਦੀ ਸਭਾ 'ਚ ਮਾਤਮ ਛਾ ਗਿਆ ਜਿਸ ਦੇ ਤਾਊ ਰੰਗੀ ਰਾਮ ਸਰਗਰਮ ਕਾਰਕੁੰਨਾਂ 'ਚੋਂ ਸਨ। ਉਹਨਾਂ ਉਸੇ ਦਿਨ ਇਕ ਮਾਤਮੀ ਸਭਾ ਬੁਲਾਈ ਤੇ ਆਪਣੇ ਇਕ ਮੈਂਬਰ ਦੇ ਅਚਾਨਕ ਸਿਆਣਾ ਹੋ ਜਾਣ ਤੋਂ ਸ਼ੋਕ ਪ੍ਰਸਤਾਵ ਪਾਸ ਕੀਤਾ ਤੇ ਦੋ ਮਿੰਟ ਦਾ ਮੋਨ ਧਾਰ ਕੇ ਸਿਆਣਾ ਬਣ ਜਾਣ ਵਾਲੇ ਮੈਂਬਰ ਦੀ ਰੂਹ ਦੀ ਸ਼ਾਂਤੀ ਲਈ ਉਸ ਨੀਲੀ ਛੱਤ ਵਾਲੇ ਨੂੰ ਅਰਦਾਸ ਕੀਤੀ। ਤੇ ਇਕ ਅਲਟੀ ਮੇਟਮ ਵੀ ਪ੍ਰਭੂ ਦੇ ਦਰਬਾਰ 'ਚ ਭੇਜਿਆ ਕਿ ਅਗੋਂ ਤੋਂ ਉਸਨੂੰ ਅਜਿਹਾ ਕਦਮ ਸਾਵਧਾਨੀ ਨਾਲ ਚੁਕਣਾ ਚਾਹੀਦੈ। ਜੇ ਆਏ ਅਚਾਨਕ ਸਾਡੇ ਮੈਂਬਰ ਰਾਤੋ ਰਾਤ ਸਿਆਣੇ ਹੋਣ ਲੱਗ ਪਏ ਤਾਂ ਅਸੀਂ ਤਾਂ ਕਿਤੇ ਵੀ ਮੂੰਹ ਦਿਖਾਉਣ ਜੋਗੇ ਨਹੀਂ। ਰਹਿਣਾ। ਤੇ ਜੇ ਉਹ ਫਿਰ ਵੀ ਆਪਣੇ ਅਜਿਹੇ ਕੰਮ ਤੋਂ ਬਾਜ਼ ਨਾ ਆਇਆ ਤਾਂ ਉਹ ਰੱਜ ਕੇ ਰੋਟੀ ਖਾਣਗੇ ਤੇ ਆਪਣੇ ਬੰਸ ਦੀ ਰੱਖਿਆ ਲਈ ਮਰ ਮਿਟਣਗੇ। ਜਾਨਾਂ ਵੀ ਜੇ ਲੈਣੀਆਂ ਦੇਣੀਆਂ ਪਈਆਂ ਤਾਂ ਇਸ ਕੁਰਬਾਨੀ ਲਈ ਵੀ ਉਹ ਤਿਆਰ ਬਰ ਤਿਆਰ ਰਹਿਣਗੇ।"

ਮੂਰਖ ਮੰਡਲ ਦਾ ਰੈਜ਼ੋਲਿਊਸ਼ਨ ਮਿਲਣ ਤੋਂ ਬਾਦ ਤਾਂ ਤਾਊ ਹੋਰੀਂ ਹੋਰ ਵੀ ਜ਼ਿਆਦਾ ਗੰਭੀਰ ਰਹਿਣ ਲੱਗ ਪਏ। ਕਿਉਂ ਕਿ ਉਹਨਾਂ ਦੇ ਕਹਿਣ ਅਨੁਸਾਰ "ਗੰਭੀਰ ਰਹਿਣ ਨਾਲ ਹੀ ਸਿਆਣਪ ਦੀ ਲਾਜ ਰੱਖੀ ਜਾ ਸਕਦੀ ਐ। ਐਵੇਂ ਹਿੜ ਹਿੜ ਕਰਨ ਨਾਲ ਤਾਂ ਬੰਦੇ ਦੀ ਸਿਆਣਪ ਦਾ ਚੀਰ ਹਰਨ ਹੋ ਜਾਂਦੈ।'੪

ਗੰਭੀਰਤਾ ਦਾ ਚੰਗੀ ਤਰ੍ਹਾਂ ਪ੍ਰਗਟਾ ਕਰਨ ਲਈ ਉਹਨਾਂ ਇਕ ਕਸ਼ਮੀਰੀ ਅਚਕਨ ਅਤੇ ਮੁਰਾਦਾਬਾਦੀ ਐਨਕਾਂ ਪਹਿਨਣੀਆਂ ਸ਼ੁਰੂ ਕਰ ਦਿੱਤੀਆਂ ਨਿਗ੍ਹਾ ਤਾਂ ਭਾਵੇਂ ਉਹਨਾਂ ਦੀ ਚੀਲ ਵਰਗੀ ਤੇਜ਼ ਸੀ ਪਰ ਐਨਕਾਂ ਨਾਲੇ ਉਹ ਵੀ ਨਜ਼ਰ ਦੀਆਂ ਗੰਭੀਰਤਾ ਅਤੇ ਸਿਆਣਪ ਦਾ ਗਹਿਣਾ ਹੁੰਦੀਆਂ ਹਨ। ਜਦ ਪਹਿਲੇ ਦਿਨ ਮੱਥੇ ਤੇ ਸਿਆਣਪ ਦਾ ਸਾਈਨ ਬੋਰਡ ਲਟਕਾ, ਅੱਖਾਂ ਤੇ ਛੀ ਨੰਬਰ ਦੀਆਂ ਐਨਕਾਂ ਲਾ ਤੇ ਅਚਕਨ ਦੀਆਂ ਦੋਵੇਂ ਜੇਬਾਂ 'ਚ ਹੱਥ ਪਾ ਤਾਊ ਹੁਰੀਂ ਮਹੱਲੇ ਦਾ ਮੁਆਇਨਾ ਕਰਨ ਨਿਕਲੇ ਤਾਂ ਗਲੀ ਮਹੱਲੇ ਦੇ ਕੁੱਤੇ ਤੇ ਮੁੰਡੇ ਖੁੰਡੇ ਪਹਿਲਾਂ ਤਾਂ ਭੈਭੀਤ ਜਿਹੇ ਹੋ, ਹੈਰਾਨੀ ਨਾਲ ਉਹਨਾਂ ਨੂੰ ਅੱਖਾਂ ਫਾੜ ਫਾੜ ਘੂਰਦੇ ਰਹੇ। ਅਚਾਨਕ ਕੁੱਤਿਆਂ ਨੂੰ ਮਹੱਲੇ ਪ੍ਰਤੀ ਆਪਣੀ ਵਫਾਦਾਰੀ ਯਾਦ ਆ ਗਈ। ਕੁੱਤੇ ਤਾਂ ਵਫਾਦਾਰੀ ਨਿਭਾਉਂਦੇ ਹੀ ਹਨ ਆਦਮ ਜਾਤ ਭਾਵੇਂ ਛੱਡ ਜਾਏ। ਉਹਨਾਂ ਚੰਗੀ ਤਰ੍ਹਾਂ ਸਮਝ ਲਿਆ ਕਿ ਮਹੱਲੇ ਦੀਆਂ ਪਾੜੀਆਂ ਰੋਟੀਆਂ ਦਾ ਕਰਜ਼ ਲਾਹੁਣ ਦਾ ਵਕਤ ਆ ਗਿਐ ਸੋ ਉਹ ਲੱਗੇ ਜ਼ੋਰ ਜ਼ੋਰ ਦੀ ਭੌਂਕਣ। ਉਧਰ ਨਿਆਣਿਆਂ ਦਾ ਭੈਅ ਵੀ ਕਾਫੂਰ ਹੋ ਚੁੱਕਾ ਸੀ। ਤਾਊ ਹੋਰੀਂ ਅੰਨੇ ਸੂਰਦਾਸ ਵਾਂਗ ਬਾਹਾਂ ਫੈਲਾਈ ਕਦੀ ਸੜਕ ਦੇ ਇਕ ਪਾਸੇ ਤੇ ਕਦੀ ਦੂਜੇ ਪਾਸੇ ਭੱਜ ਰਹੇ ਸਨ। ਮੁੰਡਿਆਂ ਤੇ ਕੁੱਤਿਆਂ ਦਾ ਜਬਰਦਸਤ ਕੰਪੀਟੀਸ਼ਨ ਹੋ ਰਿਹਾ ਸੀ। ਮੁੰਡੇ ਕੀਕਣੋਂ ਹਟਦੇ ਤੇ ਕੁੱਤੇ ਭੌਂਕਣ ਲੱਗ ਪੈਂਦੇ, ਉਹ ਹਟਦੇ ਤਾਂ ਮੁੰਡਿਆਂ ਦੀ ਚਿੱਲ ਪਿਆਉਂ ਸ਼ੁਰੂ ਹੋ ਜਾਂਦੀ।

ਸਾਹਮਣਿਉਂ ਗੁਆਂਢੀਆਂ ਦਾ ਸੁਕੜੂ ਆਉਂਦਾ ਦਿਸਿਆ। ਉਹਨੇ ਜਦ ਤਾਊ ਰੰਗੀ ਰਾਮ ਦਾ ਨਜ਼ਰਾ ਵੇਖਿਆ ਤਾਂ ਹੱਥ ਫੜ੍ਹ ਕੇ ਆਖਣ ਲੱਗਾ "ਤਾਊ, ਇਹ ਜਲੂਸ ਕਿਹੜੀ ਖੁਸ਼ੀ 'ਚ ਐ ਮਹਿੰਗਾਈ ਵਿਰੁੱਧ ਜਾਂ ਭ੍ਰਿਸ਼ਟਾਚਾਰ ਵਿਰੁੱਧ ਜਾਂ ‚‚‚‚"

ਛੀ ਨੰਬਰ ਦੀਆਂ ਐਨਕਾਂ 'ਚ ਸੁਕੜੂ ਵੀ ਕਾਸ਼ੀ ਦਾ ਚੋਥਾ ਦਿਖਾਈ ਦਿੰਦਾ ਸੀ ਤਾਊ ਨੇ ਉਹਦੀ ਗੱਲ ਨੂੰ ਲਾਂਭੇ ਰੱਖਕੇ ਪੁੱਛਿਆ, "ਕਿਉਂ ਉਇ, ਇਉਂ ਸੂਰ ਆਂਗੂ ਚਿੱਟਿਆ ਪਿਐਂ ਕਿਤੇ ਤੈਨੂੰ ਵੀ ਰਾਤੋ ਰਾਤ ਮੇਰੇ ਆਂਗੂ ਮੋਟੇ ਹੋਣ ਦਾ ਵਰਦਾਨ ਤਾਂ ਨੀ ਮਿਲ ਗਿਆ। ਸੁਕੜੂ ਹੱਸ ਕੇ ਕਹਿਣ ਲੱਗਾ "ਤਾਊ ਅਸੀਂ ਤਾਂ ਸੱਤ ਪੁਸ਼ਤਾਂ 'ਚ ਨੀ ਮੋਟੇ ਹੋ ਸਕਦੇ ਕੋਈ ਹਰਾਮ ਦਾ ਮਾਲ ਸਾਡੇ ਅੰਦਰ ਨਾ ਜਾਏ,

ਬਾਕੀ ਪੰਨਾ 12 ਤੇ

ਕਰਨੈਲ ਸਿੰਘ 'ਪਾਰਸ' ਰਾਮੂੰਵਾਲੀਆ

ਪਗਲੀ ਕਿੱਧਰ ਜਾਵਾਂ



1950 ਵਿਚ ਪਾਕਿਸਤਾਨੀ ਮਿਲਟਰੀ ਇਕ ਮੁਸਲਮਾਨ ਔਰਤ ਨੂੰ ਧੂਅ ਕੇ ਲਿਜਾਣਾ ਚਾਹੁੰਦੀ ਹੈ ਜਿਸਦੇ ਦੋ ਬੱਚੇ 47 ਵਿਚ ਪਾਕਿਸਤਾਨ ਚਲੇ ਗਏ ਸਨ ਪਤੀ ਅੱਖਾਂ ਦੇ ਸਾਹਮਣੇ ਮਾਰਿਆ ਗਿਆ ਸੀ। ਤਿੰਨਾਂ ਸਾਲਾਂ ਵਿਚ ਦੋ ਲੜਕੇ ਇੱਧਰ ਇਕ ਸਿੱਖ ਦੇ ਜ਼ੋਰੀਂ ਘਰ ਵਸਾਈ ਦੇ ਪੈਦਾ ਹੋ ਗਏ ਸਨ। ਮੈਂ ਉਸ ਦੀ ਦੁਬਿਧਾ ਗੁਰਸ਼ਰਨ ਸਿੰਘ ਦੇ ਆਧਾਰ ਤੋਂ ਬਿਆਨੀ ਹੈ —

ਕਰਨੈਲ ਸਿੰਘ 'ਪਾਰਸ' ਰਾਮੂੰਵਾਲੀਆ

ਵੇ ਸੰਸਾਰਾ ਅੱਲੇ ਘਾਂ ਹੁਣ
ਚੂੰਡੀ ਨਮਕ ਨਾ ਸਹਿੰਦੇ
ਉਹ ਆਖਣਗੇ ਸਿੱਖੜੀ ਆ ਗੀ
ਇਹ ਹਨ ਮੁਸਲੀ ਕਹਿੰਦੇ
ਹਿੰਦ ਪਾਕ ਦੀਆਂ ਲੱਗਣ ਮੈਨੂੰ
ਦੋਵੇਂ ਦੋਜ਼ਖ ਥਾਵਾਂ — ਲੋਕੋ ਪਗਲੀ ....

ਪਹਿਲੇ ਵਿਆ੍ਹ ਵੇਲੇ ਲਾ ਰੀਝਾਂ
ਮਾਪਿਆਂ ਸੌਰੀਂ ਘੱਲੀ
ਦੂਜਾ ਅਧ-ਖੜ੍ਹ ਸਿੱਖ ਜੱਟ ਨੇ
ਕਰ ਲਿਆ ਮੱਲੋ ਮੱਲੀ
ਪਾਕ ਨਿਕ੍ਹਾ ਕਾਜ਼ੀ ਨੇ ਪੜ੍ਹਿਆ
ਭਾਈ ਜੀ ਨੇ ਲਾਵਾਂ, ਲੋਕੋ ਪਗਲੀ ....

ਨਵੇਂ ਜੱਲਾਦਾਂ ਨੇ ਸਨ ਲਾਏ
ਜਦ ਲਾਸ਼ਾਂ ਦੇ ਚੱਠੇ
ਮੈਂ ਤੇ ਮੇਰਾ ਮੁਸਲਿਮ ਖਾਵਿੰਦ
ਕਿਉਂ ਨਾ ਮਰੇ ਇਕੱਠੇ
ਨਾਹੀ ਮੈਨੂੰ ਡੋਬਿਆ ਵਗਦੇ
ਖੂਨ ਦਿਆਂ ਦਰਯਾਵਾਂ, ਲੋਕੋ ਪਗਲੀ.....

ਭੜਕੀ ਸੀ ਮਜ਼੍ਹਬਾਂ ਦੇ ਨਾਂ ਤੇ
ਲੋਟੂ-ਬੂਚੀ-ਲੰਡੀ
ਦੋ ਕੌਮਾਂ ਦਾ ਝਗੜਾ ਪਾ ਕੇ
ਸਾਂਝੀ ਧਰਤੀ ਵੰਡੀ
ਗਾਂਧੀ ਅਤੇ ਜਿਨ੍ਹਾਂ ਦੀ ਕੱਚੀ
ਕੰਧ ਕਿਸ ਤਰ੍ਹਾਂ ਢਾਵ੍ਹਾਂ, ਲੋਕੋ ......

'ਮਾਰੋ ਟੋਟਿਆਂ ਨੂੰ' ਦੇ ਕੰਨੀ
ਹੁਣ ਤੱਕ ਗੂੰਜਣ ਨਾਅਰੇ
ਧਰਮ ਦਿਆਂ ਝਟਕਈਆਂ ਕੀਤੇ
ਗ਼ੈਰ ਮਾਨੁੱਖੀ ਕਾਰੇ
ਪੁਗੀ ਮਰਜ਼ ਮਜ਼੍ਹਬ ਦੀ ਕੋਲੋਂ
ਬਚਿਆਂ ਕੋ ਟਾਵਾਂ, ਲੋਕੋ ਪਗਲੀ......

ਛੜ੍ਹੇ ਦੀਨ ਤੇ ਸ਼ੇਰ ਮੁਹੰਮਦ
ਓਧਰ ਰਾਹ ਉਡੀਕਣ
ਕ੍ਰੋੜ ਮ੍ਰੋੜ ਖੂਨ ਸੱਜਰਾ
ਐ ਦੋ ਇੱਧਰ ਚੀਕਣ
ਸ਼ਹਿਦ ਅਤੇ ਮਿਸ਼ਰੀ ਚੋਂ ਕਿਸਨੂੰ
ਛੱਡਾਂ ਕਿਸ ਨੂੰ ਖਾਵਾਂ, ਲੋਕੋ ਪਗਲੀ .....

ਲੱਖ ਗੁਣਾਂ ਕੋਹਿ-ਨੂਰੋਂ ਮਹਿੰਗੇ
ਮਣੀਆਂ ਭਰੇ ਪਟਾਰੇ
ਉਹ ਦੋਵੇਂ ਹਨ ਚੰਦ ਈਦ ਦੇ
ਇਹ ਸਰਘੀ ਦੇ ਤਾਰੇ
ਇਕੋ ਦਿਲ ਚਾਰਾਂ ਚੋਂ ਕੇੜ੍ਹੇ —
ਦੋ ਦੀ ਝੋਲੀ ਪਾਵਾਂ, ਲੋਕੋ ਪਗਲੀ.....

ਜੋੜ੍ਹਾਂ ਪੰਜਾਂ ਮਾਂ ਪੁੱਤਾਂ ਨੂੰ
ਇਕ ਥਾਂ ਕੱਠੇ ਕਰ ਦੇ
ਸੱਜਦੇ ਕਰਾਂ ਉਮਰ ਭਰ ਸਿਰ ਧਰ
ਉਤੇ ਉਸਦੇ ਦਰ ਦੇ
ਹੰਝੂ ਭਰ ਫ਼ਰਿਆਦਣ ਹੋਵਾਂ
ਰੁਦਨ ਕਰਾਂ ਕੁਰਲਾਵਾਂ, ਲੋਕੋ ਪਗਲੀ ......

ਕਾਗਜ਼ ਦੀ ਕਿਸ਼ਤੀ ਵਿਚ ਭਰਿਆ
ਪਿਆ ਮਣਾਂ ਮੂੰਹ ਪੱਥਰ
ਕੁੱਖ ਕੁਲਹਿਣੀ ਿਵਚ ਸੁਲਘਦਾ
ਮਾਤਮ ਸੋਗੀ ਸੱਥਰ
ਇੱਥੋਂ ਨਿਪਜਿਆ ਓਥੇ ਉਪਜੂ
ਕਿਸ ਦਾ ਪੁੱਤ ਲਿਖਾਵਾਂ, ਲੋਕੋ ....

ਮੱਮਤਾ ਨਾ ਤਕਸੀਮੀ ਜਾਂਦੀ
ਨਾਹੀਂ ਜਾਂਦੀ ਵੰਡੀ
ਦੋ ਇੱਧਰ ਦੋ ਓਧਰ ਸਾਵੀਂ
ਹੈ ਤੱਕੜੀ ਦੀ ਡੰਡੀ
ਲੋਚਾਂ ਵੱਡੇ ਚੜ੍ਹਨ ਕਨ੍ਹੇੜੇ
ਛੋਟੇ ਗੋਦ ਖਿਡਾਵਾਂ, ਲੋਕੋ ਪਗਲੀ ....

ਰਸਾ-ਵਾਤਸਲ ਦਾ ਬੇਟਿਆਂ ਦੇ
ਮੂੰਹ ਤੇ ਕਰੇ ਕਰੀੜਾ
ਪੈਰ - ਪੁੱਤ ਦੇ ਕੰਡਾ ਵੱਜੇ
'ਮਾਂ' ਦੇ ਸੀਨੇ ਪੀੜਾ
ਧੂੰਆਂ ਪਏ ਪੁੱਤਾਂ ਦੇ ਅੱਖੀਂ
ਅੰਨ੍ਹੀਆਂ ਹੋਵਣ ਮਾਵਾਂ, ਲੋਕੋ ਪਗਲੀ ....

ਜਣਨ ਹਾਰੀਆਂ ਦੇ ਫੁੱਲਾਂ ਤੋਂ
ਨਾਜ਼ਿਕ ਕੋਮਲ ਹਿਰਦੇ
ਆਫ਼ਤ-ਪੁੱਤਾਂ ਦੀ ਨੂੰ ਪਹਿਨਣ
ਮੁਕਟ ਬਣਾ ਕੇ ਸਿਰ ਦੇ
ਕਰੜਦੀਆਂ ਧੁੱਪਾਂ ਸਹਿ ਸਹਿ ਕੇ
ਦੇਣ ਠੰਢੀਆਂ ਛਾਵਾਂ, ਲੋਕੋ ਪਗਲੀ ....

ਕਲਮਾਂ ਅਤੇ ਨਮਾਜ਼ ਨਾ ਭੁੱਲੀ
ਜਪੁਜੀ ਕਰ ਲਿਆ ਚੇਤੇ
ਜਿਸ ਵਿਚ ਲਿਖਿਆ ਝੂਠੇ ਮੂਰਖ
ਅੰਧ-ਘੋਰ ਲੋ ਕੇਤੇ
ਦੋ ਦੀਨਾਂ ਦੀ ਗ੍ਰਿਫ਼ਤ ਿਵਚੋਂ
ਦਾਮਨ ਕਿੰਜ ਛੁਡਾਵਾਂ ਲੋਕੋ ਪਗਲੀ ....

ਮਸਾਂ ਮਸਾਂ ਮੈਂ ਮੁਸਲਿਮ ਝੂਰੀ
ਸਿੱਖੀ-ਜਲ ਵਿਚ ਭਿੱਜੀ
ਦਰਜ-ਹਰਾਮ ਨਾ ਪਾਕ ਸ਼ਰ੍ਹਾ ਵਿਚ
ਸੂਰ ਖਾਣ ਹਾਂ ਗਿੱਝੀ
ਹੁਣ ਜਾ ਓਥੇ 'ਗਾਂ' ਦਾ ਗੋਸ਼ਤ
ਏਸੇ ਸੰਘ ਲੰਘਾਂਵਾਂ, ਲੋਕੋ ਪਗਲੀ ....

ਬਿਪਤਾ ਦੇ ਵੱਟਿਆਂ ਦੀ ਲੱਗੀ
ਲੰਬੀ ਝੜੀ-ਕੁਰੱਤੀ
ਸੌ ਮਣ ਜ਼ੁੱਖਾ ਪੀ ਕੇ ਕਿਸਮਤ
ਡੂੰਘੇ ਸਾਗਰ ਸੁੱਤੀ
ਕੁੰਭ ਕਰਨ ਦੀ ਮਾਸੀ ਨੂੰ ਮੈਂ
ਕੇੜ੍ਹੇ ਢੰਗ ਜਗਾਵਾਂ, ਲੋਕੋ ਪਗਲੀ ....

ਮੈਂ ਦੁਖੀਆ ਤੇ ਹੋਣੀ ਵੇਲ੍ਹੜ
ਡੂਹੇ ਹੋ ਕੇ ਵਰਤੀ
ਨਾ ਹੀ ਅੰਬਰ ਉਪਰ ਖਿਚੇ
ਨਾ ਹੀ ਨਿਗਲੇ ਧਰਤੀ
ਨਾ ਹੀ ਦਿਸੇ ਤਰਸ ਕਰ ਮੈਂ ਵੱਲ
ਮੌਤ ਵਧਾਊ ਦੀ ਥਾਵਾਂ, ਲੋਕੋ ਪਗਲੀ ....

ਪਏ ਦੁੱਖ ਤਕਲੀਫਾਂ ਸੰਦੇ
ਮੂੰਹ ਤੱਕ ਭਰੇ ਭੜੂੰਘੇ
ਗ਼ਮਾਂ ਦੀਆਂ ਤਲਵਾਰਾਂ ਕੀਤੇ
ਛੱਟ ਪਤਾਲੋਂ ਡੂੰਘੇ
ਕਿਸ ਮਰਦੀ ਨੂੰ ਜ਼ਖਮ ਜਿਗਰ ਦੇ
ਛਾਤੀ ਚੀਰ ਦਿਖਾਵਾਂ, ਲੋਕੋ ਪਗਲੀ ....

ਐ ਜੋ ਪਾਕਿਸਤਾਨੀ ਫੌਜੀ
ਆਏ ਮੈਨੂੰ ਢੂੰਡਣ
ਕੀ ਭਰਵਾਸਾ ਡੁੱਖੇ-ਗਿਰਝੇ
ਰਾਹ ਵਿਚ ਹੱਡੀਆਂ ਢੂੰਡਣ
'ਪਾਰਸ' ਲੈਣਾ ਭੁਸਿਆ ਗੋਸ਼ਤ
ਨੋਚ ਪਹਾੜੀ ਕਾਵਾਂ
ਲੋਕੋ ਪਗਲੀ ਕਿੱਧਰ ਜਾਵਾਂ

ਪੰਨਾ 11 ਦੀ ਬਾਕੀ

ਮੰਤਰੀ ਅਸੀਂ ਕਿਸ ਸੂਬੇ ਦੇ ਨਾ ਹੋਏ ਬਲੈਕ ਸਾਨੂੰ ਨਾ ਕਰਨੀ ਆਵੇ, ਸਮਗਲਰ ਅਸੀਂ ਨਾ। ਫਿਰ ਤੂੰ ਈ ਦੱਸ ਮੋਟੇ ਕਿਵੇਂ ਹੋਈਏ। ਇਕ ਇਕ ਹੱਡੀ ਦਾ ਅੱਡ ਅੱਡ ਪਈ ਦੀਂਹਦੀ ਐ, ਤੂੰ ਕਹਿਣੈਂ ਮੋਟਾ ਸੂਰ ਹੋ ਗਿਆ" ਤੇ ਉਹਨੇ ਢਿੱਡ ਤੋਂ ਝੁੱਗਾ ਉਤਾਂਹ ਚੁੱਕ ਕੇ ਬਣਿਆ ਤਣਿਆ ਪਿੰਜਰ ਤਾਊ ਮੂਹਰੇ ਕਰ ਦਿੱਤਾ। ਤਾਊ ਨੂੰ ਤਾਂ ਆਪਣੀਆਂ ਐਨਕਾਂ 'ਚ ਉਹ ਵੀ ਊਂਠ, ਘੋੜੇ ਜਾਂ ਬਲਦ ਦਾ ਪਿੰਜਰ ਦਿਖਾਈ ਦਿਤਾ।

ਕਿਸੇ ਨੇ ਤਾਊ ਦੀ ਅਚਕਨ ਜ਼ੋਰ ਦੀ ਖਿੱਚੀ ਤਾਂ ਸੁਕੜੂ ਦਾ ਧਿਆਨ ਪਿਛੇ ਵੱਲ ਗਿਆ। ਕੁੱਤਿਆਂ ਦੀ ਟੋਲੀ ਆਪਦਾ ਲੂਣ ਦਾ ਹੱਕ ਦੇਣ ਲਈ ਕਾਫੀ ਕਾਹਲੀ 'ਚ ਲਗਦੀ ਸੀ। ਤਾਊ ਸੜਕ ਤੇ ਲੋਟਣੀਆਂ ਖਾਈ ਜਾਵੇ ਤੇ ਨਿਆਣੇ ਪਰ੍ਹਾਂ ਤਾੜੀਆਂ ਮਾਰੀ ਜਾਣ। ਅਚਕਨ ਤਾਂ ਵਫ਼ਾਦਾਰਾਂ ਦੀ ਟੋਲੀ ਨੇ ਫਾੜ ਫਾੜ ਇਉਂ ਬਣਾ ਦਿਤੀ ਕਿ ਕਾਫੀ ਹਿਸਰਤ ਕਰਨ ਤੇ ਵੀ ਉਹਦਾ ਅਸਲੀ ਰੂਪ ਦਾ ਪਤਾ ਨਾ ਲੱਗੇ। ਤਾਊ ਦੀ ਚਮੜੀ ਲਾਹੁਣ ਦੀਆਂ ਵੀ ਉਹ ਤਿਆਰੀਆਂ ਕਰ ਹੀ ਰਹੇ ਸਨ ਕਿ ਕੁੱਝ ਮੂਰਖਾਂ ਨੇ ਵਿਚ ਵਿਚਾਲਾ ਕਰਵਾ ਕੇ ਤਾਊ ਦਾ ਖਹਿੜਾ ਛੁੜਾ ਦਿਤਾ। ਕਿਉਂ ਕਿ ਸਿਆਣੇ ਆਦਮੀ ਅਜਿਹੇ ਕੰਮ ਦੇ ਕਦੀ ਵੀ ਨੇੜੇ ਨਹੀਂ ਢੁੱਕਦੇ।

ਹੁਣ ਜਿਉਂ ਜਿਉਂ ਜ਼ਖਮ ਦਰਦ ਕਰਦੇ ਤਾਂ ਤਾਊ ਰੰਗੀ ਰਾਮ ਹੋਰ ਜ਼ਿਆਦਾ ਗੰਭੀਰ ਰਹਿਣ ਲੱਗ ਪਏ। ਮੱਥੇ ਤਿਊੜੀਆਂ ਦਾ ਤਿਲਕ ਅਤੇ ਅੱਖਾਂ 'ਚ ਸ਼ਰਾਬੀਆਂ ਵਰਗੀ ਲਾਲੀ, ਉਹਦੇ ਨਿਆਣੇ ਹੁਣ ਉਸ ਤੋਂ ਇਉਂ ਤ੍ਰਭਕਦੇ ਜਿਵੇਂ ਕਸਾਈ ਦੀ ਛੁਰੀ ਤੋਂ ਮਜ਼ਲੂਮ ਬੱਕਰੀ। ਜਦੋਂ ਵੀ ਉਹ ਭੋਰਾ ਕੁ ਸ਼ਰਾਰਤ ਕਰਕੇ ਹੱਸਦੇ ਤਾਊ ਚਾਰੇ ਪੈਰ ਚੁੱਕ ਕੇ ਪੈਂਦਾ", ਕੀ ਐਮੇਂ ਹਿੜ ਹਿੜ ਕਰੀ ਜਾਨੇ ਉਂ ਉਇ। ਕੋਈ ਸਿਆਣਪ ਦੀ ਵੀ ਗੱਲ ਕਰਿਆ ਕਰੋ ਕਦੇ। ਬੰਦਿਆਂ ਆਲੇ ਕੰਮ ਕਰਿਆ ਕਰੋ ਬੰਦਿਆਂ ਆਲੇ ਪਿਉ ਕਿੰਨਾ ਸਿਆਣਾ ਤੇ ਅਹਿ ਦੇਖ ਲੋ ਉਹਦੀ ਮੂਰਖ ਔਲਾਦ ...... ਸੌਰੇ ਮੂਰਖ ਕੇ ਬੱਚੇ ਨਾ ਹੋਣ ਤਾਂ" ਹੋਰ ਤਾਂ ਹੋਰ ਤਾਈ ਭਜਨੀ ਨੂੰ ਵੀ ਜਿਵੇਂ ਲਕਵਾ ਮਾਰ ਗਿਆ ਹੋਵੇ। ਉਹ ਸਾਰਾ ਸਾਰਾ ਦਿਨ ਚੁੱਪ ਗੜੁੱਪ, ਕੁਝ ਭੈਭੀਤ ਕੁਝ ਹੈਰਾਨ, ਤਾਊ ਰੰਗੀ ਰਾਮ ਵੱਲ ਵੇਖੀ ਜਾਂਦੀ। ਇਉਂ ਲਗਦਾ ਸੀ ਕਈ ਜੇ ਇਹੀ ਹਾਲ ਰਿਹਾ ਤਾਂ ਸ਼ਾਇਦ ਉਹ ਵੀ ਤਾਊ ਰੰਗੀ ਰਾਮ ਵਾਂਗ ਪਤਲੀ ਲੀਕ ਪਾਰ ਕਰ ਜਾਏ ਤੇ ਫਿਰ ਇਕ ਮਿਆਨ 'ਚ ਦੋ ਤਲਵਾਰਾਂ ਕਿਵੇਂ ਰਹਿਣਗੀਆਂ। ਇੱਕੋ ਘਰ 'ਚ ਦੋ ਸਿਆਣੇ? ਅੰਦਾਜ਼ਾ ਹੀ ਹੈ... ਪਰ ਫਿਰ ਸ਼ਾਇਦ .... ਕਿਤੇ ਜੇ ਤਾਊ ਦੇ ਅਚਾਨਕ ਸਿਆਣੇ ਹੋ ਜਾਣ ਦੀ ਗੱਲ ਮਹੱਲੇ 'ਚ ਵੀ ਘੁੰਮ ਗਈ ਸੀ। ਉਹ ਵੀ ਇਹ ਸੋਚਣ ਲਈ ਮਜਬੂਰ ਹੋ ਗਏ ਸਨ ਕਿ ਸ਼ਾਇਦ ਹੋ ਹੀ ਗਏ ਹੋਣ। ਹਿੰਦੁਸਤਾਨ 'ਚ ਕੀ ਕੁੱਝ ਨਹੀਂ ਵਾਪਰ ਸਕਦਾ। ਇਹ ਤਾਂ ਮੁੱਢ ਤੋਂ ਹੀ ਅਜੂਬਿਆਂ ਦਾ ਦੇਸ਼ ਮੰਨਿਆ ਜਾਂਦਾ ਹੈ। ਕੋਈ ਇੱਥੇ ਕੰਮ ਕਰਕੇ ਰਾਜ਼ੀ ਨਹੀਂ ਤੇ ਕੋਈ ਇਥੇ ਕੰਮ ਕਰਦਾ ਨਹੀਂ ਪਰ ਦੇਸ਼ ਦੀ ਗੱਡੀ ਫਿਰ ਵੀ ਰੁੜ੍ਹੀ ਰੁੜ੍ਹੀ ਜਾਂਦੀ ਐ, ਕੋਈ ਪੜ੍ਹਕੇ ਰਾਜੀ ਨੀ ਤੇ ਕੋਈ ਪੜ੍ਹਾ ਕੇ ਖੁਸ਼ ਨਹੀਂ ਪਰ ਮਦਰਸੇ ਫਿਰ ਵੀ ਖੁੱਲੀ ਜਾਂਦੇ ਐ—ਕੋਈ ਰਿਸ਼ਵਤ ਦਿੰਦਾ ਨਹੀਂ ਤੇ ਨਾ ਹੀ ਕੋਈ ਰਿਸ਼ਤ ਲਵੇ ਪਰ ਰਿਸ਼ਵਤ ਦਾ ਬਾਜ਼ਾਰ ਫਿਰ ਵੀ ਗਰਮ ਐ, ਹਰ ਕੋਈ ਵਾਈਟ ਮਨੀ ਦਾ ਹੀ ਪ੍ਰਯੋਗ ਕਰਦਾ ਹੈ ਪਰ ਬਲੈਕ ਮਨੀ ਫਿਰ ਵੀ ਬਣੀ ਜਾਂਦੀ ਐ, ਡਾਕਟਰ ਭੋਰਾ ਵੀ ਮਰੀਜ਼ ਵੱਲ ਧਿਆਨ ਨੀ ਦਿੰਦੇ ਪਰ ਰੋਗੀ ਫਿਰ ਵੀ ਬਚ ਜਾਂਦੈ ਹੈ ਨਾ ਅਜੂਬੇ ਤੇ ਜੇ ਤਾਊ ਰੰਗ ਰਾਮ ਰਾਤੋ ਰਾਤ ਸਿਆਣਾ ਹੋ ਗਿਆ ਹੋਵੇ ਤਾਂ ਮਹੱਲੇ ਵਾਲਿਆਂ ਨੂੰ ਵੀ ਕਾਹਦੀ ਹੈਰਾਨੀ-ਪਰੇਸ਼ਾਨੀ?

ਤਾਊ ਦੀ ਸਿਆਣਪ ਅਤੇ ਗੰਭੀਰਤਾ ਵੇਖਕੇ ਮਹੱਲੇ ਵਾਲਿਆਂ ਸਰਬ-ਸੰਮਤੀ ਨਾਲ ਉਸ ਨੂੰ ਆਪਣਾ ਪ੍ਰਮੁੱਖ ਸਲਾਹਕਾਰ ਮੰਨ ਲਿਆ। ਬਜਰੰਗੀ ਮਕਾਨ ਬਣਾਉਣ ਦੀ ਸਲਾਹ ਲੈਣ ਆਇਆ। ਅਖੇ ਮਕਾਨ ਦਾ ਮੂੰਹ ਕਿਧਰ ਨੂੰ ਕਰੀਏ। ਤਾਊ ਨੇ ਸੱਜੇ ਹੱਥ ਨਾਲ ਮੱਥੇ ਦੀਆਂ ਸਿਲਵਟਾਂ ਨੂੰ ਕੁੱਝ ਚਿਰ ਮਧੋਲਿਆ ਤੇ ਫਿਰ ਦੋ ਕੁ ਮਿੰਟ ਅੱਖਾਂ ਮੀਚ ਕੇ ਬੋਲਿਆ: "ਉਤਰ ਵੱਲ ਹਿਮਾਲਾ ਪਹਾੜ ਹੈ, ਉਹਨੇ ਮਕਾਨ 'ਚ ਭੋਰਾ ਧੁੱਪ ਨੀ ਆਉਣ ਦੇਣੀ। ਦੱਖਣ ਵੱਲ ਸਮੁੰਦਰ ਐ ਜਵਾਰ ਭਾਟਿਆਂ ਦਾ ਖਤਰਾ ਰਹਿਣੈ..... ਪੱਛਮ ਵੱਲ ਰੇਗਿਸਤਾਨ ਐ ਰੇਤ ਉਡ ਉਡ ਘਰ ਭਰਿਆ ਰਹੂ—ਦਿਸ਼ਾ ਤਾਂ ਪੂਰਬ ਈ ਠੀਕ ਐ। ਪੂਰਬ ਵੱਲ ਰੱਖੋ ਬੂਹਾ, "ਪੂਰਬ ਵੱਲ ਹੀ ਕਿਉਂ? ਬਜਰੰਗੀ ਨੇ ਅਚਾਨਕ ਪੁੱਛ ਲਿਆ।

"ਉਹ ਇਸ ਲਈ ਕਿ ਚੜ੍ਹਦੇ ਸੂਰਜ ਦੇ ਦਰਸ਼ਨ ਕਰਨ ਨਾਲ ਬੰਦਾ ਸਾਰਾ ਦਿਨ ਚੜ੍ਹਦੀਆਂ ਕਲਾਂ 'ਚ ਰਹਿੰਦੈ। ਤਰੱਕੀ ਦੇ ਸਾਰੇ ਰਸਤੇ ਖੁਲ੍ਹ ਜਾਂਦੇ ਐ.... ਧੰਨ .... ਅੰਨ ਨਾਲ ਬੰਦਾ ਭਰਪੂਰ ਹੋ ਜਾਂਦੈ .....!" ਤੇ ਬਜਰੰਗੀ ਨੇ ਸਿਆਣੇ ਤਾਊ ਦੀ ਗੱਲ ਮੰਨਦਿਆਂ ਘਰ ਦਾ ਮੂੰਹ ਪੂਰਬ ਵੱਲ ਕਰ ਦਿੱਤਾ। ਹੁਣ ਜਦ ਗਰਮੀਆਂ 'ਚ ਮਕਾਨ ਭੱਠੀ ਵਾਂਗ ਤਪਣ ਲਗ ਜਾਂਦਾ ਤੇ ਸਰਦੀਆਂ 'ਚ ਬਰਫ ਵਾਂਗ ਠਰਿਆ ਜਾਂਦਾ ਤਾਂ ਬਜਰੰਗੀ ਦਾ ਸਾਰਾ ਟੱਬਰ ਆਪਣੀਆਂ ਚੜ੍ਹਦੀਆਂ ਕਲਾ ਨੂੰ ਚੜ੍ਹਦਿਆਂ 'ਚ ਬਦਲਣ ਲਈ ਇਕ ਸੁਰ ਹੋ ਕੇ ਤਾਊ ਰੰਗੀ ਤੇ ਉਹਦੇ ਸਾਰੇ ਲਾਮ-ਲਸ਼ਕਰ ਨੂੰ ਉਹ ਸ਼ਲੋਕ ਸੁਣਾਉਂਦੇ, ਉਹ ਸ਼ਲੋਕ ਸੁਣਾਉਂਦੇ ਕਿ ਤਾਊ ਰੰਗ ਰਾਮ ਦਾ ਆਪਣਾ ਮਕਾਨ ਤਪਣ ਲੱਗ ਪੈਂਦਾ। ਤਾਊ ਰੰਗੀ ਰਾਮ ਨੂੰ ਕਸ਼ਟ ਤਾਂ ਹੁੰਦਾ ਗਾਲ੍ਹਾਂ ਸੁਣਕੇ ਪਰ ਫਿਰ ਉਹ ਸੋਚਦੇ ਕਿ ਹੋਰ ਆਈ ਸਿਆਣਪ ਦਾ ਪ੍ਰਯੋਗ ਉਹ ਕਰਨ ਕਿਵੇਂ?

ਦੇਸੂ ਹਟਵਾਣੀਏ ਦੀ ਅੱਖਾਂ ਦੀ ਬਿਆਈ ਜਦ ਪਾਟਣ ਲੱਗੀ ਤਾਂ ਉਹ ਵੀ ਆ ਹਾਜ਼ਰ ਹੋਇਆ ਤਾਊ ਰੰਗੀ ਰਾਮ ਦੇ ਦਰਬਾਰ 'ਚ! ਤਾਊ ਨੇ ਗੰਭੀਰ ਮੁਦਰਾ ਬਣਾਈ ਤੇ ਟੋਟਕਾ ਦੱਸ ਦਿਤਾ:

"ਡਾਕਟਰ ਤਾਂ ਐਵੇਂ ਈ ਹੋਰ ਹੋਰ ਅੰਗਰੇਜ਼ੀ ਜੇ ਨੁਕਸੇ ਦੱਸਦੇ ਰਹਿੰਦੇ ਐ। ਮੇਰੇ ਖਿਆਲ 'ਚ ਤਾਂ ਅੱਖਾਂ ਦੇ ਪਿੱਛੇ ਜਲਦਾ ਇਕ ਛੋਟਾ ਜਿਹਾ ਸਰੋਤ ਹੈ। ਮੰਦੇ ਭਾਗੀ ਉਸ 'ਚ ਕੁੱਝ ਜ਼ਹਿਰੀਲੇ ਅੰਸ਼ ਪੈਦਾ ਹੋ ਜਾਂਦੇ ਐ। ਉਹਨਾਂ ਕਰਕੇ ਹੀ ਨਜ਼ਰ ਕਮਜ਼ੋਰ ਹੋ ਜਾਂਦੀ ਐ।" "ਫੇਰ ਉਹਦਾ 'ਲਾਜ?"

"ਫੇਰ ਉਹਦਾ 'ਲਾਜ?"

"ਜ਼ਹਿਰ ਨੂੰ ਮਾਰਨ ਲਈ ਨੀਲੇ ਥੋਥੇ ਦਾ ਪ੍ਰਯੋਗ ਸਭ ਤੋਂ ਵਧੀਆ ਰਹਿੰਦੈ। ਇਮਾਮ-ਜਸਤੇ 'ਚ ਨੀਲੇ ਥੋਥਾ ਬਰੀਕ ਪੀਹ ਕੇ, ਕੱਪੜਛਾਣ ਕਰਕੇ ਅੱਖਾਂ 'ਚ ਚੁਟਕੀ ਉਸ ਵੇਲੇ ਤੇ ਚੁਟਕੀ ਉਸ ਵੇਲੇ ਪਾਉ ਨਜ਼ਰ ਨੌ ਬਰ ਨੌ ਹੋ ਜਾਏਗੀ ...।"

ਤਾਊ ਦੀ ਸਲਾਹ ਤੇ ਅਮਲ ਕਰਕੇ ਦੇਸੂ ਹੱਥ 'ਚ ਡਗੋਰੀ ਫੜੀ ਥਾਂ ਥਾਂ ਤਾਊ ਦੀ ਸਿਆਣਪ ਦਾ ਢੋਲ ਪਿੱਟਣ ਲੱਗਾ। ਤਾਊ ਤੇ ਅਲੱਗ ਮੁਕੱਦਮਾ ਚੱਲ ਪਿਆ ਗਲਤ ਦਵਾਈ ਦੱਸਣ ਲਈ ਨਕਲੀ ਹਕੀਮ ਬਣਨ ਦਾ .... ਤਾਊ ਨੂੰ ਬੜਾ ਹਿਰਖ ਚੜ੍ਹਿਆ ਪਈ ਨਾਲੇ ਮੁਫਤ ਮਸ਼ਵਰੇ ਦਿਉ ਤੇ ਨਾਲੇ ਸਜ਼ਾ ਭੁਗਤੋ। ਪਰ ਫਿਰ ਉਸਨੂੰ ਇਹ ਸੋਚ ਕੇ ਸਬਰ ਆ ਜਾਂਦਾ ਕਿ ਦੁਨੀਆਂ ਨੇ ਤਾਂ ਸੁਕਰਾਤ, ਮਸੀਹ ਤੇ ਮਹਾਤਮਾ ਗਾਂਧੀ ਨੂੰ ਨੀ ਬਖਸ਼ਿਆ ... ਉਹ ਕਿਹੜੇ ਬਾਗ ਦੀ ਮੂਲੀ ਐ! ਉਹਨੂੰ ਇਹ ਵੀ ਸਬਰ ਸੀ ਕਿ ਚਲੋ ਉਹਦੇ ਤੇ ਤਾਂ ਮੁਕੱਦਮਾ ਹੀ ਚੱਲ ਰਿਹੈ—ਜਾਨ ਤਾਂ ਨੀ ਕੱਢੀ ਕਿਸੇ ... ਨਹੀਂ ਤਾਂ ਸਿਆਣੇ ਬੰਦੇ ਦਾ ਅਤੇ ਦੁਨੀਆਂ ਦਾ ਤਾਂ ਇੱਟ ਕੁੱਤੇ ਦਾ ਵੈਰ ਐ।

ਤਾਈ ਵੀ ਹੁਣ ਔਖੀ ਰਹਿਣ ਲੱਗ ਪਈ ਸੀ। ਘਰ ਦੇ ਨਿੱਕੇ ਮੋਟੇ ਕੰਮਾਂ 'ਚ ਵੀ ਤਾਊ ਆਪਣੀ ਸਿਆਣਪ ਦੀ ਟੰਗ ਅੜਾ ਦਿੰਦਾ। ਚਾਹ ਇਦਾਂ ਬਣਾਉ, ਇੱਥੇ ਬੈਠੋ, ਉਥੇ ਜਾਣਾ ਚਾਹੀਦੈ। ਫਲਾਣੀ ਚੀਜ਼ ਇੰਨੇਂ ਵਜੇ ਖਾਉ, ਢੀਕਣ ਚੀਜ਼ ਇਨੇਂ ਵਜੇ ਪੀਉ, ਪਾਣੀ ਦਿਨ 'ਚ ਇੰਨੀਂ ਵਾਰ ਪੀਉ.... ਇਕ ਵਾਰ ਜ਼ਰੂਰ ਹੱਸੋ ਭਾਵੇਂ ਕਿਸੇ ਦੀ ਮਰਗ ਵੀ ਹੋ ਗਈ ਹੋਵੇ — ਦਿਨ 'ਚ ਇਕ ਵਾਰੀ ਰੋਣਾ ਵੀ ਜ਼ਰੂਰੀ ਐ ਅੱਖਾਂ ਦਾ ਗੰਦਾ ਪਾਣੀ ਨਿਕਲ ਜਾਂਦੈ ਭਾਵੇਂ ਘਰ ਕਿਸੇ ਮੁੰਡੇ ਦਾ ਵਿਆਹ ਵੀ ਕਿਉਂ ਨਾ ਹੋਵੇ .... ਉਸਦੀ ਲਗਾਤਾਰ ਟੋਕਾ ਟਾਕੀ ਤੋਂ ਤਾਈ ਦਾ ਸਾਹ ਘੁੱਟਣ ਲੱਗ ਪਿਆ ਹੈ .... ਉਹਨੂੰ ਆਪਣੀ ਆਜ਼ਾਦੀ ਖਤਰੇ 'ਚ ਪੈਂਦੀ ਦਿਸੀ। ਆਪਣੀ ਆਜ਼ਾਦੀ ਲਈ ਫਿਰ ਕੌਣ ਨਹੀਂ ਸੰਘਰਸ਼ ਕਰਦਾ ਤੇ ਉਹ ਦੋਵੇਂ ਹੱਥ ਜੋੜ ਰੋਜ਼ ਸੁਬਾ ਸਵੇਰੇ ਪ੍ਰਾਰਥਨਾ ਕਰਨ ਲੱਗ ਪਈ "ਹੇ ਬਾਬਾ ਕਰਾਮਾਤੀ, ਜਟਾਧਾਰੀ, ਜਾਂ ਤਾਂ ਸਾਨੂੰ ਚੱਕ ਲੈ ਤੇ ਜਾਂ ਤਾਊ ਦੀ ਸਿਆਣਪ ਨੂੰ...।"

ਤੇ ਅਖੀਰ ਇਕ ਦਿਨ ਅਚਾਨਕ ਤਾਊ ਦੀ ਇਕ ਹੋਰ ਘੋਸ਼ਣਾ ਨਾਲ ਸਭ ਕੁਝ ਨਾਰਮਲ ਹੋ ਗਿਆ। "ਅਖੇ ਬਾਬਾ ਕਰਾਮਾਤੀ ਆਏ ਤਾਂ ਮੈਂ ਰੋ ਕੇ ਉਹਨਾਂ ਦੇ ਪੈਰੀਂ ਡਿੱਗ ਪਿਆ ਕਿ ਬਾਬਿਉ ਇਸ ਦੇਸ਼ 'ਚ ਸਭ ਤੋਂ ਵੱਡੀ ਲਾਹਨਤ ਸਿਆਣਾ ਹੋਣੈ। ਮੈਨੂੰ ਨਰਕ ਦੀ ਭੱਠੀ 'ਚ ਸਿੱਟ ਦਿਉ, ਮੇਰਾ ਬੰਦ ਬੰਦ ਕਟਵਾ ਦਿਓ, ਹੋਰ ਵੱਡੀ ਤੋਂ ਵੱਡੀ ਸਜ਼ਾ ਦੇ ਦਿਉ ਪਰ ਇਹ ਲਾਹਨਤ ਮੇਰੇ ਪਿੱਛੋਂ ਲਾਹੋ .... ਤੇ ਬਾਬਾ ਕਰਾਮਾਤੀ ਨੇ ਹੱਸ ਕੇ ਮੇਰੇ ਵੱਲ ਇਕ ਚੁਟਕੀ ਭਬੂਤੀ ਸੁੱਟੀ! ਇਕ ਦਮ ਮੈਨੂੰ ਇਉਂ ਲੱਗਿਆ ਜਿਵੇਂ ਮੇਰੇ ਸਿਰ 'ਚੋਂ ਕੁੱਝ ਉਡ ਗਿਆ ਹੋਵੇ ਤੇ ਪਹਿਲਾਂ ਵਾਲਾ ਹੀ ਰੰਗੀ ਰਾਮ ਬਣ ਗਿਆ ਹੋਵਾਂ ....।" ਹੁਣ ਤਾਊ ਰੰਗੀ ਨਾਰਮਲ ਭੋਜਨ ਖਾਣ ਲੱਗ ਪਿਆ ਸੀ. ਖੁਸ਼ ਰਹਿਣ ਲੱਗ ਪਿਆ ਸੀ। ਹਰ ਦੋ ਮਿੰਟ ਬਾਦ ਉਹਦੇ ਘਰ 'ਚੋਂ ਨਿਆਣਿਆਂ ਦੇ ਹਾਸੇ ਦੀ ਆਵਾਜ਼ ਆਉਣ ਲੱਗ ਪਈ ਸੀ। ਸਭ ਤੋਂ ਵੱਧ ਖੁਸ਼ੀ 'ਮੂਰਖ ਮੰਡਲ' ਵਾਲਿਆਂ ਨੂੰ ਹੋਈ। ਉਹਨਾਂ ਤਾਊ ਦੇ ਵਾਪਿਸ ਉਹਨਾਂ ਦੇ ਮੰਡਲ 'ਚ ਮੁੜ ਆਉਣ ਤੇ ਖੁਸ਼ੀ ਦਾ ਇਜ਼ਹਾਰ ਕੀਤਾ ਹੈ ਇਕ ਵਿਸ਼ਾਲ ਸਮਾਗਮ ਕਰਕੇ ਉਹਨੂੰ ਆਦਰ ਮਾਨ ਵਜੋਂ ਇਕ ਸਿਰੋਪਾ ਭੇਂਟ ਕੀਤਾ। ਪ੍ਰਧਾਨ ਨੇ ਤਾਊ ਰੰਗੀ ਦੀ ਭੂਰੀ ਭੂਰੀ ਪ੍ਰਸੰਸਾ ਕਰਦਿਆਂ ਆਖਿਆ, "ਜੇ ਸਵੇਰ ਦਾ ਭੁੱਲਿਆ ਸ਼ਾਮ ਨੂੰ ਘਰ ਪਰਤ ਆਵੇ ਤਾਂ ਉਸਨੂੰ ਭੁਲਕੱੜ ਨਹੀਂ ਕਹਿੰਦੇ ....!"

ਗੱਲ ਜੀਂਦੇ ਰਹਿਣ ਦੀ

ਅਜਾਇਬ ਸਿੰਘ ਹੁੰਦਲ

ਤੁਹਾਡੇ ਜੀਂਦੇ ਹੋਣ ਤੇ ਸ਼ੱਕ ਕਰਨਾ
ਆਪਣੇ ਬਾਪ ਦੀ ਪੱਗ ਨੂੰ ਹੱਥ ਪਾਉਣਾ ਹੈ
ਆਪਣੀ ਮਾਂ ਦੇ ਦੁੱਧ 'ਤੇ ਕਿੰਤੂ ਕਰਨਾ ਹੈ
ਤੇ ਮੇਰਾ ਇਹ ਮਤਲਬ ਹਰਗਿਜ਼ ਨਹੀਂ।
ਮੇਰੀ ਗੱਲ ਜੀਂਦੇ ਹੋਣ ਦੀ ਨਹੀਂ
ਜੀਂਦੇ ਰਹਿਣ ਦੀ ਹੈ।

ਕਿਸੇ ਦੇ ਵਿਸ਼ਵਾਸ ਨੂੰ
ਕਮਅਕਲੀ ਦੀ ਹੱਦ ਤੱਕ ਨਫ਼ਰਤ ਕਰਨੀ
ਕੌਮੀ ਇਖ਼ਲਾਕ ਨੂੰ ਖ਼ੁਦਗ਼ਰਜ਼ੀ ਦਾ ਲਿਬਾਸ ਪਹਿਨਾ ਦੇਣਾ
ਤੇ ਆਕਾਸ਼ਵਾਣੀ ਤੋਂ ਹੁੰਦੇ ਸੰਪਰਦਾਇਕ
ਦੰਗਿਆਂ ਦਾ ਜ਼ਿਕਰ
ਜੀਂਦੇ ਜਾਗਦੇ ਸਬੂਤ ਨੇ
ਤੁਹਾਡੇ ਜੀਂਦੇ ਹੋਣ ਦੇ
ਪਰ ਗੱਲ ਜੀਂਦੇ ਹੋਣ ਦੀ ਨਹੀਂ
ਜੀਂਦੇ ਰਹਿਣ ਦੀ ਹੈ।

ਸ਼ਹਿਰ ਦੀਆਂ ਦੀਵਾਰਾਂ 'ਤੇ ਮੁਸਕਰਾਉਂਦੇ,
ਤੁਹਾਡੀ ਸੁਆਰਥੀ ਮੁਹੱਬਤ ਦੇ ਇਸ਼ਤਿਹਾਰ
ਅਖ਼ਬਾਰਾਂ 'ਚ ਛਪਦੀਆਂ
ਸਮੂਹਕ ਬਲਾਤਕਾਰ, ਤੇ ਤਸਕਰੀ ਦੀਆਂ ਖ਼ਬਰਾਂ
ਦਸਤਾਵੇਜ਼ੀ ਸਬੂਤ ਨੇ
ਤੁਹਾਡੇ ਜੀਂਦੇ ਹੋਣ ਦੇ
ਪਰ ਗੱਲ ਜੀਂਦੇ ਹੋਣ ਦੀ ਨਹੀਂ
ਜੀਂਦੇ ਰਹਿਣ ਦੀ ਹੈ
ਤੇ ਉਹ
ਨਾ ਆਕਾਸ਼ਵਾਣੀ ਤੋਂ ਸੁਣਨ ਨੂੰ ਮਿਲਦੀ ਹੈ
ਨਾ ਅਖ਼ਬਾਰਾਂ ਚੋਂ ਪੜ੍ਹਨ ਨੂੰ ਲਭਦੀ ਹੈ।
.....................।
ਨਹੀਂ, ਹਜ਼ੂਰ ਇਹ ਵੀ ਨਹੀਂ
ਕਿਸੇ ਸ਼ਹੀਦ ਦੇ ਬੁੱਤ ਨੂੰ ਕਾਲਖ਼ ਮਲ ਦੇਣੀ
ਜਾਂ ਕਿਸੇ ਨਾਇਕ ਨੂੰ ਫਾਂਸੀ ਦਵਾਉਣ ਲਈ
ਵਾਅਦਾ-ਮੁਆਫ਼ ਗਵਾਹ ਬਣਨ ਤੋਂ ਵੀ
ਕੇਵਲ ਤੁਹਾਡੇ ਜੀਂਦੇ ਹੋਣ ਦੀ ਨਿਸ਼ਾਨ-ਦਹੀ ਹੁੰਦੀ ਹੈ
ਜੀਂਦੇ ਰਹਿਣ ਦੀ ਨਹੀਂ
ਪਰ ਗੱਲ ਜੀਂਦੇ ਹੋਣ ਦੀ ਨਹੀਂ
ਜੀਂਦੇ ਰਹਿਣ ਦੀ ਹੈ
ਤੇ ਉਹ......।



ਵਾਸਨਾ ਦੀ ਧੁੱਪ

ਅੱਖਾਂ ਐਵੇਂ ਤਾਂ ਨਹੀਂ ਝੱਲੀਆਂ
ਐਵੇਂ ਤਾਂ ਨਹੀਂ ਮੋਈਆਂ
ਕਦੀ ਸਾਰਾ ਸਾਰਾ ਦਿਨ,
ਕਦੀ ਸਾਰੀ ਰਾਤ ਰੋਈਆਂ

ਲੱਗੀ ਜੰਗਲਾਂ ਨੂੰ ਅੱਗ
ਧੂਆਂ ਧੂਆਂ ਸਾਰਾ ਜੱਗ
ਸਾਡੀ ਧੂਏਂ ਦੀ ਵਰੇਸ
ਵੇ ਤੂੰ ਫੇਰ ਵੀ ਅਲੱਗ
ਤੈਨੂੰ ਖ਼ਬਰਾਂ ਨਾ ਹੋਈਆਂ?

ਮਾਰ ਮਾਰ ਲਿਸ਼ਕਾਰੇ
ਪਾਣੀ ਹਿੱਲ ਹਿੱਲ ਹਾਰੇ
ਵਿਚ ਝੂਲਦਾ ਏ ਚੰਨ
ਵਿਚ ਝੂਲਦੇ ਨੇ ਤਾਰੇ
ਵਿਚੇ ਖਿੱਤੀਆਂ ਵੀ ਢੋਈਆਂ!

ਸਾਡੀ ਵਾਸਨਾ ਦੀ ਧੁੱਪ
ਤੇਰਾ ਪਿੰਡਾ ਚੁੱਪ ਚੁੱਪ
ਨਾ ਤੂੰ ਵਾਸਨਾ, ਨਾ ਪਿੰਡੇ
ਕਿਥੇ ਬੈਠ ਗਿਉਂ ਛੁੱਪ?
ਗੱਲਾਂ ਇਹੋ ਨਿਰਮੋਹੀਆਂ।

– ਤਾਰਾ ਸਿੰਘ

ਮਿੰਨੀ ਕਹਾਣੀ

ਪੁਰਜਾ

ਰਾਜ ਕੁਮਾਰ ਭੈਰੋਮੁੰਨਾ

'ਓ ਸਾਲਿਆ ਮਾਲ ਤਾਂ ਗਿਆ।' ਲੁਧਿਆਣੇ ਦੇ ਬੱਸ ਅੱਡੇ ਵਿਚ ਖੜ੍ਹੇ ਮੁੰਡੇ ਨੇ ਆਪਣੇ ਨਾਲ ਦੇ ਸਾਥੀ ਨੂੰ ਕੂਹਣੀ ਮਾਰਦੇ ਹੋਏ ਕਿਹਾ।' ਸੈਂਡਲ ਦੇਖਿਆ ਪਿਨਸਲ ਹੀਲ ਦੀ ਅੱਡੀ ਆ।' ਦੂਜੇ ਨੇ ਟਿਚਰ ਕਰਦੇ ਹੋਏ ਕਿਹਾ।

ਉਹ ਅਜੇ ਖੜ੍ਹੇ ਗੱਲਾਂ ਹੀ ਕਰ ਰਹੇ ਸਨ ਕਿ ਕਾਲਜ ਨੂੰ ਜਾਣ ਵਾਲੀ ਬੱਸ ਵੀ ਹਾਰਨ ਵਜਾਉਂਦੀ ਹੋਈ ਆ ਕੇ ਰੁਕ ਗਈ। ਸਾਰਿਆਂ ਨੂੰ ਆਪੋ ਆਪਣੇ ਖਿਆਲ ਭੁਲ ਗਏ ਤੇ ਸਾਰੀਆਂ ਸਵਾਰੀਆਂ ਇਕ ਦੂਜੇ ਤੋਂ ਅੱਗੇ ਹੋ ਕੇ ਬੱਸ ਵਿਚ ਵੜਨ ਲਗ ਗਈਆਂ।

ਬੱਸ ਵਿਚ ਕਾਫੀ ਭੀੜ ਹੋ ਗਈ। ਮੁੰਡੇ ਤਾਕੀਆਂ ਵਿਚ ਵੀ ਲਮਕਣ ਲਗ ਪਏ। ਇੰਨੇ ਨੂੰ ਬਾਹਰ ਖੜ੍ਹੇ ਇਕ ਕਾਲਜੀਏਟ ਨੇ ਆਪਣੇ ਸਾਥੀ ਨੂੰ ਕਿਹਾ, 'ਕੰਜਰਾ ਅੱਗੇ ਹੀ ਅੱਗੇ ਵਧੀ ਜਾਨਾ ਏ, ਆਪਾਂ ਨੀ ਇਹਦੇ ਵਿਚ ਜਾਣਾ, ਇਹ ਦੇ ਵਿਚ ਤਾਂ ਕੋਈ ਪੁਰਜਾ (ਕੁੜੀ) ਨਹੀਂ ਹੈ।

ਮੁੰਡੇ ਦੇ ਇਨ੍ਹਾਂ ਬੋਲਾਂ ਨੂੰ ਸੁਣ ਕੇ ਇਕ ਬੁਢੀ ਨੇ ਟਿਕਟ ਕਟਦੇ ਹੋਏ ਕੰਡਕਟਰ ਨੂੰ ਕਿਹਾ, 'ਵੇ ਭਾਈ ਇਹ ਬੱਸ ਨੀ ਪਹੁੰਚਣੀ ਸਿਰੇ, ਇਸ ਵਿਚ ਤਾਂ ਕੋਈ ਪੁਰਜਾ ਨਹੀਂ ਹੈ।' ਬੁਢੀ ਦੇ ਮੂੰਹੋਂ ਇਹ ਬੋਲ ਸੁਣ ਕੇ ਸਾਰੀਆਂ ਹੀ ਸਵਾਰੀਆਂ ਖਿੜ ਖਿੜਾ ਕੇ ਹੱਸਣ ਲਗ ਪਈਆਂ।

- ਅਸਲ ਵਿਚ ਮੈਨੂੰ ਕੁਝ ਪਤਾ ਨਹੀਂ। ਹਾਲੇ ਤਕ ਤਾਂ ਕਿਸੇ ਨੇ ਆਪਣੀ ਬੰਦੂਕ ਦਾ ਮੂੰਹ ਮੇਰੇ ਵਲ ਨਹੀਂ ਕੀਤਾ। ਜੇ ਇਹੋ ਜੇਹਾ ਵੇਲਾ ਆਇਆ ਤਾਂ ਉਹਦਾ ਮੁਕਾਬਲਾ ਕਰਾਂਗਾ।
  —ਸੁਰਜੀਤ ਸਿੰਘ ਬਰਨਾਲਾ ਆਪਣੀ ਬੁਲਟ-ਪਰੂਫ ਜਰਸੀ ਬਾਰੇ, 'ਕਰੰਟ'
- ਰਾਜ ਬੱਬਰ ਮੇਰਾ ਪਤੀ ਹੈ। ਸਮਿਤਾ ਪਾਟਿਲ ਕਿਸ ਵਿਆਹ ਦੀਆਂ ਗੱਲਾਂ ਕਰਦੀ ਹੈ? ਮੇਰਾ ਘਰ ਵਾਲਾ ਕਿਸੇ ਵੀ ਜ਼ਨਾਨੀ ਪਾਸ ਕਦੀ ਕਦਾਈਂ ਜਾ ਸਕਦਾ ਹੈ। ਇਹੋ ਜੇਹੀ ਜ਼ਨਾਨੀ ਉਹਦੀ ਰਖੇਲ ਤਾਂ ਹੋ ਸਕਦੀ ਹੈ, ਪਤਨੀ ਨਹੀਂ। ਉਹਦੀ ਪਤਨੀ ਤਾਂ ਮੈਂ ਹਾਂ।
  —ਨਾਦਿਰਾ ਬੱਬਰ, 'ਫਿਲਮਫੇਅਰ'
- ਮੈਨੂੰ ਸਕੈਂਡਲਾਂ ਦੀ ਕੋਈ ਚਿੰਤਾ ਨਹੀਂ। ਮੇਰੇ ਉਪਰ ਜੋ ਇਲਜ਼ਾਮ ਲਾਏ ਜਾਂਦੇ ਹਨ, ਉਹਨਾਂ ਦੀ ਵੀ ਮੈਨੂੰ ਫਿਕਰ ਨਹੀਂ। ਮੇਰੇ ਲੋਕ ਮੈਨੂੰ ਚੰਗੀ ਤਰ੍ਹਾਂ ਜਾਣਦੇ ਹਨ, ਉਹ ਆਪੇ ਸਚ-ਝੂਠ ਨਿਤਾਰ ਸਕਦੇ ਹਨ।
  —ਐਨ.ਟੀ. ਰਾਮਾਰਾਉ, ਮੁੱਖਮੰਤਰੀ ਆਂਧਰਾ, 'ਫਰੰਟਲਾਈਨ'

ਪੰਜਾਬ ਆਖਦਾ ਹੈ!

ਜਸਵੰਤ ਸਿੰਘ ਕੰਵਲ

ਅਕਾਲੀ ਭਰਾਵਾਂ ਦੀ ਜਿੱਤ ਇਕ ਦਾਅ ਲੱਗਾ ਹੈ। ਇਸ ਨੂੰ ਇਤਿਹਾਸਕ ਤੱਥ ਤਦ ਹੀ ਬਣਾਇਆ ਜਾ ਸਕਦਾ ਹੈ ਜੇ ਅਕਾਲੀ ਆਪਣੇ ਮੈਨੀਫੈਸਟੋ ਅਨੁਸਾਰ ਵਾਅਦਿਆਂ ਨੂੰ ਪੂਰਿਆਂ ਕਰ ਸਕਣ। ਇਹ ਜਿੱਤ ਕਈ ਪੱਖਾਂ ਕਾਰਨ ਵਜੂਦ ਵਿਚ ਆਈ ਹੈ। ਹਰਿਮੰਦਰ ਸਾਹਿਬ ਉਤੇ ਹਮਲਾ, ਹਜ਼ਾਰਾਂ ਬੇਗੁਨਾਹ ਯਾਤਰੀਆਂ ਦਾ ਖੂਨ, ਦੋਹਾਂ ਸੰਤਾਂ ਦੀ ਸ਼ਹਾਦਤ, ਦਿੱਲੀ ਤੇ ਹੋਰ ਸ਼ਹਿਰਾਂ ਵਿਚ ਸਿੱਖਾਂ ਦੇ ਕਤਲਾਮ ਤੋਂ ਬਿਨਾਂ ਪੰਜਾਬ ਨਾਲ ਹੁੰਦੇ ਰਹੇ ਆਰਥਿਕ ਧੱਕੇ ਵੀ ਹਨ। ਪੁਲਸ ਦੇ ਅਤਿਆਚਾਰਾਂ ਤੋਂ ਤੰਗ ਆ ਕੇ ਸਿੱਖ ਨੌਜਵਾਨਾਂ ਦਾ ਘਰ ਤੋਂ ਨੱਸਣਾ ਤੇ ਪੁਲਸ ਦਾ ਝੂਠੇ ਕੇਸ ਬਣਾ ਕੇ ਵਾਰੰਟ ਲੈਣਾ ਤੇ ਉਹਨਾਂ ਨੂੰ ਅਤਿਵਾਦੀ ਬਣਾਉਣਾ ਵੀ ਸ਼ਾਮਲ ਹੈ। ਛੋਟੇ ਮੁਲਾਜ਼ਮ ਤੇ ਗਰੀਬਾਂ ਦਾ ਮਹਿੰਗਾਈ ਵਿਚ ਨਪੀੜੇ ਜਾਣਾ ਅਕਾਲੀਆਂ ਨੂੰ ਜਿਤਾਉਣ ਵਿਚ ਸਹਾਈ ਹੋਇਆ ਹੈ। ਭਾਰਤੀ ਜਨਤਾ ਪਾਰਟੀ ਦਾ ਸਾਥ, ਰਾਸ਼ਟਰੀਆ ਸੋਇਮ ਸੇਵਕ ਸੰਘ ਦੇ ਛੱਡ ਦੇਣ ਕਾਰਨ ਉਹਨਾਂ ਦੀ ਤਾਕਤ ਘਟੀ ਹੈ ਤੇ ਵੱਡੀ ਗਿਣਤੀ ਕਿਸਾਨ ਤੇ ਕਿਰਤੀਆਂ ਦਾ ਧੰਨਵਾਦੀ ਹੋਣਾ ਚਾਹੀਦਾ ਹੈ ਜਿਹਨਾਂ ਉਹਨਾਂ ਨੂੰ ਰਾਜਸੀ ਤਾਕਤ ਬਖਸ਼ੀ, ਲੋਕਾਂ ਨੇ ਆਪਣੇ ਨਾਲ ਹੁੰਦੀਆਂ ਬੇਇਨਸਾਫੀਆਂ ਦਾ ਕਾਂਗਰਸ ਤੋਂ ਇਕ ਤਰ੍ਹਾਂ ਬਦਲਾ ਲਿਆ ਹੈ ਤੇ ਲਾਭ ਅਕਾਲੀ ਪਾਰਟੀ ਨੂੰ ਮਿਲਿਆ ਹੈ। ਮੈਂ ਅਕਾਲੀ ਭਾਈਆਂ ਨੂੰ ਸੰਬੋਧਨ ਹਾਂ :

ਪਹਿਲੇ ਕੰਮ


ਅਕਾਲੀਆਂ ਨੂੰ ਸਰਕਾਰ ਬਣਾਉਂਦੇ ਸਾਰ ਪਿਛਲੇ ਗੜਬੜੀ ਦੇ ਸਾਲਾਂ ਵਿਚ ਗ੍ਰਿਫਤਾਰ ਕੀਤੇ ਪੰਜਾਬੀਆਂ ਨੂੰ ਬਿਨਾਂ ਵਿਤਕਰੇ ਰਿਹਾ ਕਰ ਦੇਣਾ ਚਾਹੀਦਾ ਹੈ ਤੇ ਝੂਠੇ ਕੇਸਾਂ ਵਿਚ ਫਸਾਏ ਨੌਜਵਾਨਾਂ ਦੇ ਵਾਰੰਟ ਵਾਪਸ ਲੈ ਲੈਣੇ ਚਾਹੀਦੇ ਹਨ। ਫੌਜੀ ਭਾਈਆਂ ਨੂੰ ਰਿਹਾਈ ਤੇ ਰੁਜ਼ਗਾਰ ਦਿੱਤੇ ਜਾਣ, ਵਿਧਵਾ ਹੋਈਆਂ ਭੈਣਾਂ ਨੂੰ ਵਸਾਇਆ ਜਾਵੇ ਤੇ ਕਿੱਤਾ ਸਿਖਾਇਆ ਜਾਵੇ। ਯਤੀਮ ਬੱਚਿਆਂ ਨੂੰ ਸਰਕਾਰ ਆਪਣੀ ਹਿਫਾਜ਼ਤ ਵਿਚ ਲੈ ਲਵੇ। ਸ਼ਹੀਦਾਂ ਦੇ ਪਰਵਾਰਾਂ ਨੂੰ ਮੁਆਵਜ਼ਾ ਦਿਤਾ ਜਾਵੇ। ਚੰਗਾ ਹੋਵੇ ਇਹਨਾਂ ਕੰਮਾਂ ਨੂੰ ਛੇਤੀ ਨਿਪਟਾਣ ਲਈ ਆਰਜ਼ੀ ਤੌਰ ਤੇ ਨਵਾਂ ਮਹਿਕਮਾ ਸਥਾਪਤ ਕੀਤਾ ਜਾਵੇ।

ਸੈਂਟਰ ਨਾਲ ਸੰਬੰਧ

ਅਕਾਲੀ ਦੋਸਤੋ, ਕਾਂਗਰਸ ਸਰਕਾਰ ਨੇ ਤੁਹਾਨੂੰ ਰਾਜ ਭਾਗ ਸੰਭਾਲਣ ਲਈ ਇਕ ਤਰ੍ਹਾਂ ਰਾਹ ਦਿਤਾ ਹੈ। ਕੁਝ ਗੱਲਾਂ ਅਜਿਹੀਆਂ ਸਨ, ਜਿਹੜੀਆਂ ਇਲੈਕਸ਼ਨ ਵਿਚਕਾਰ ਨਹੀਂ ਆਖੀਆਂ ਜਾ ਸਕਦੀਆਂ ਸਨ। ਪਰ ਕਾਂਗਰਸ ਦੀ ਸੋਚੀ ਸਮਝੀ ਚਾਲ ਐ ਕਿ ਪੰਜਾਬ ਵਿਚ ਅਕਾਲੀ ਸਰਕਾਰ ਬਣਾ ਕੇ ਅਤਿਵਾਦ ਦੀ ਸਿਰਦਰਦੀ ਤੁਹਾਡੇ ਗਲ ਮੜ੍ਹ ਦਿਤੀ ਜਾਵੇ। ਮਾਰਕਸੀ ਜੋਤੀ ਬਾਸੂ ਨੇ ਨਕਸਲੀਆਂ ਨੂੰ ਦਬਾਇਆ। ਰਾਮਾ ਰਾਓ ਆਂਧਰਾ ਵਿਚ ਏਹੀ ਕੁਝ ਕਰ ਰਿਹਾ ਹੈ। ਕੇਂਦਰ ਵਿਰੋਧੀਆਂ ਨੂੰ ਸ਼ਾਹ ਰਾਹੀਂ ਕਸ਼ਮੀਰ ਵਿਚ ਗੁੱਠੇ ਲਾਇਆ ਜਾ ਰਿਹਾ ਹੈ। ਕਾਂਗਰਸ ਸਰਕਾਰ ਖੁਦ ਅੱਗੇ ਆ ਕੇ ਨਹੀਂ ਦਬਾਉਂਦੀ, ਉਹਦੇ ਵਿਰੁੱਧ ਨਫਰਤ ਵਧੇਰੇ ਭੜਕਦੀ ਹੈ। ਬਲਦੀ ਦੇ ਬੁੱਥੇ ਪੰਜਾਬ ਵਿਚ ਤੁਹਾਨੂੰ ਅੱਗੇ ਕੀਤਾ ਹੈ। ਇਹ ਇਸ ਲਈ ਵੀ ਕੀਤਾ ਹੈ, ਸਿੱਖ ਹਰਿਮੰਦਰ ਦਾ ਹਮਲਾ ਤੇ ਬਾਕੀ ਦੇਸ਼ ਵਿਚ ਸਿੱਖਾਂ ਦੀ ਹੋਈ ਕਤਲਾਮ ਭੁੱਲ ਜਾਣ ਤੇ ਗੁੱਸੇ ਤੇ ਰੋਹ ਭਰੇ ਨੌਜਵਾਨਾਂ ਨੂੰ ਦਬਾਉਣ ਦੀ ਜ਼ਿੰਮੇਵਾਰੀ ਤੁਹਾਨੂੰ ਸੌਂਪ ਦਿਤੀ ਹੈ, ਹੁਣ ਤੁਹਾਡਾ ਇਮਤਿਹਾਨ ਹੈ। ਇਹ ਨੌਜਵਾਨ ਆਪੇ ਤੋਂ ਬਾਹਰ ਕਿਉਂ ਹੋਏ? ਜਾਨਣ ਦੀ ਲੋੜ ਹੈ। ਪੰਜਾਬ ਦਾ ਦੁਸ਼ਮਣ ਕੌਣ ਹੈ? ਕੌਣ ਪੰਜਾਬ ਦੇ ਸਿੱਖਾਂ ਨਾਲ ਹੁਣ ਤੱਕ ਧੱਕੇ ਕਰਦਾ ਰਿਹਾ ਹੈ? ਨੌਜਵਾਨਾਂ ਦਾ ਕਸੂਰ ਐਨਾ ਹੈ ਕਿ ਉਹ ਜ਼ੁਲਮ ਤੇ ਬੇਇਜ਼ਤੀ ਬਰਦਾਸ਼ਤ ਨਹੀਂ ਕਰ ਸਕੇ? ਅਤਿਵਾਦ ਦੀ ਸਮੱਸਿਆ ਨੂੰ ਹੱਲ ਕਰਨ ਲਈ ਉਨ੍ਹਾਂ ਆਰਥਕ ਤੇ ਰਾਜਨੀਤਕ ਨੀਤੀਆਂ ਨੂੰ ਤਬਦੀਲ ਕਰਨਾ ਚਾਹੀਦਾ ਹੈ ਜਿਨ੍ਹਾਂ ਕਾਰਨ ਇਹ ਸਮੱਸਿਆ ਪੈਦਾ ਹੋਈ।

ਏਕਤਾ

ਸੈਂਟਰ ਤੋਂ ਆਪਣੇ ਹੱਕ ਲੈਣ ਲਈ ਪੰਜਾਬ ਦੇ ਹਿੱਤਾਂ ਵਾਲੀਆਂ ਜਥੇਬੰਦੀਆਂ ਨਾਲ ਸਾਂਝਾ ਪਾਓ। ਬੀ. ਜੇ. ਪੀ. ਨਾਲ ਬਿਲਕੁਲ ਨਹੀਂ। ਉਹਦੀ ਸਟੈਂਡ ਖੁਦ ਕਾਂਗਰਸ ਨੇ ਮੱਲ ਲਈ ਹੈ। ਵੱਧ ਅਧਿਕਾਰ ਦੀਆਂ ਖਾਹਿਸ਼ਮੰਦ ਪਾਰਟੀਆਂ ਨਾਲ ਤੇ ਕੌਮੀ ਪੱਧਰ ਤੇ ਉਹਨਾਂ ਸਟੇਟਾਂ ਨਾਲ ਏਕਤਾ ਕਾਇਮ ਕਰੋ ਜਿਹੜੀਆਂ ਅੰਦਰੂਨੀ ਖੁਦ ਮੁਖਤਿਆਰੀ ਅਥਵਾ ਫੈਡਰਲ ਢਾਂਚੇ ਦੇ ਹੱਕ ਵਿਚ ਹਨ। ਤਕੜੇ ਦੁਸ਼ਮਣ ਵਿਰੁੱਧ ਤਕੜੀ ਤੇ ਸਾਂਝੀ ਜਥੇਬੰਦੀ ਹੀ ਖੁਭੀ ਕੱਢ ਸਕਦੀ ਹੈ। ਅਕਾਲੀ ਭਰਾਓ! ਤੁਸੀਂ ਆਪਣੀ ਅੰਦਰਲੀ ਫੁੱਟ ਖਤਮ ਕਰ ਲਵੋ, ਤੁਹਾਡੇ ਸੁਪਨਿਆਂ ਦਾ ਪੰਜਾਬ ਅਵੱਸ਼ ਚੜ੍ਹਦੀ ਕਲਾ ਵਿਚ ਜਾਵੇਗਾ। ਪਿਛਲੀਆਂ ਦੋਹਾਂ ਧਿਰਾਂ ਵਲੋਂ ਹੋਈਆਂ ਗਲਤੀਆਂ ਉਤੇ ਮਿੱਟੀ ਪਾਓ। ਰੁਸਿਆਂ ਨੂੰ ਮਨਾਓ, ਤੁਹਾਡੀ ਤਾਕਤ ਵਧੇਗੀ। ਕੋਈ ਤਾਹਨਾ ਮਿਹਣਾ ਨਾ ਦਿਉ। ਕੁਝ ਵੀ ਹਾਸਲ ਕਰਨਾ ਹੈ, ਕੇਵਲ ਸੈਂਟਰ ਸਰਕਾਰ ਤੋਂ। ਸੈਂਟਰ ਤੋਂ ਆਪਣਾ ਹੱਕ ਲੈਣ ਲਈ ਪੰਜਾਬ ਦੀਆਂ ਸਾਰੀਆਂ ਘੱਟ ਗਿਣਤੀਆਂ ਨੂੰ ਨਾਲ ਰਲਾਉ। ਇਕੱਲੇ ਸਿੱਖ ਅਥਵਾ ਹਿੰਦੂ ਅਮਨ ਕਾਇਮ ਨਹੀਂ ਕਰ ਸਕਦੇ। ਖੁਆਰ ਹੋ ਕੇ ਵੇਖ ਲਿਆ ਹੈ। ਸੈਂਟਰ ਸਾਰਿਆਂ ਨੂੰ ਵਾਰੋ ਵਾਰੀ ਪਾੜ ਕੇ ਪੰਜਾਬ ਦੀ ਲੁੱਟ ਕਰਦਾ ਰਿਹਾ ਹੈ। ਸਾਰੀਆਂ ਘੱਟ ਗਿਣਤੀਆਂ ਖਾਸ ਤੌਰ ਤੇ ਪਛੜੀਆਂ ਜਮਾਤਾਂ ਨੂੰ ਹਰ ਪੱਖੋਂ ਤਕੜਿਆਂ ਕਰਕੇ ਆਪਣੀਆਂ ਬਾਹਾਂ ਦਾ ਬਲ ਵਧਾਉ। ਘੱਟੋ ਘੱਟ ਗਿਣਤੀ ਅਨੁਸਾਰ ਨੌਕਰੀਆਂ ਦਾ ਜ਼ਰੂਰ ਬੰਦੋਬਸਤ ਕੀਤਾ ਜਾਵੇ। ਸਾਰੇ ਪੰਜਾਬੀਆਂ ਨੂੰ ਅਹਿਸਾਸ ਕਰਵਾਇਆ ਜਾਵੇ ਕਿ ਪਾਣੀ ਦੀ ਇਕ ਬੂੰਦ ਬਿਜਲੀ ਦੀ ਇਕ ਚਿਣਗ ਤੇ ਇਕ ਪੈਸੇ ਤੱਕ ਦਾ ਘਾਟਾ ਸਾਡੇ ਪੰਜਾਬ ਦਾ ਨੁਕਸਾਨ ਹੈ। ਇਉਂ ਹੀ ਪੰਜਾਬੀ ਜ਼ਬਾਨ ਤੋਂ ਨਸਦੇ ਹਿੰਦੂਆਂ ਨੂੰ ਸਿਰੇਬੰਦ ਪੰਜਾਬੀ ਬਣਾਇਆ ਜਾ ਸਕਦਾ ਹੈ। ਇਸ ਤਰ੍ਹਾਂ ਪਾੜਨ ਵਾਲਾ ਫ਼ੁਰਲੂ ਨਹੀਂ ਚਲ ਸਕੇਗਾ।



ਹਰੇ ਚਿੱਟੇ ਇਨਕਲਾਬਾਂ ਦਾ ਲਾਭ ਪੰਜਾਬ ਦੇ ਕਿਸਾਨ ਅਥਵਾ ਖੇਤ ਮਜ਼ਦੂਰ ਨੂੰ ਹੋਇਆ। ਉਹਦਾ ਲਾਭ ਕੌਣ ਖਾ ਗਿਆ? ਖਾਦ, ਤੇਲ, ਦਵਾਈਆਂ ਤੇ ਟਰੈਕਟਰ ਕੰਪਨੀਆਂ ਆਦਿ। ਜਿਹਨਾਂ ਹਿੰਦੂ ਭਰਾਵਾਂ ਨੂੰ ਇਸ ਵਾਰ ਚੋਣਾਂ ਵਿਚ ਟਿਕਟ ਦਿਤੇ ਸਨ ਤੇ ਹਾਰ ਗਏ ਹਨ ਉਹਨਾਂ ਨੂੰ ਕਿਸੇ ਵੀ ਤਰ੍ਹਾਂ ਰਾਜ ਭਾਗ ਵਿਚ ਹਿੱਸੇਦਾਰ ਬਣਾਓ। ਇਸ ਏਕਤਾ ਨੂੰ ਹੋਰ ਪੀਡੀ ਕਰੋ।

ਸਾਂਝੀਵਾਲਤਾ

ਗਰੀਬੀ ਤੇ ਬੇਰੁਜ਼ਗਾਰੀ ਦੀ ਸਮੱਸਿਆ ਹਿੰਦੁਸਤਾਨ ਵਿਚ ਅਜਿਹਾ ਕੋਹੜ ਐ, ਜਿਹੜੀ ਇਕਦਮ ਅਲਾਦੀਨ ਦੇ ਚਰਾਗ ਨਾਲ ਦੂਰ ਨਹੀਂ ਕੀਤਾ ਜਾ ਸਕਦੀ। ਨਹਿਰੂ ਨੇ ਸੋਸ਼ਲਿਜ਼ਮ ਦਾ ਨਾਅਰ ਦਿਤਾ ਤੇ ਦੇਸ਼ ਵਿਚ ਸਰਮਾਏਦਾਰੀ ਗੱਡ ਦਿਤੀ। ਕਿਰਤੀਆਂ ਨੂੰ ਹੋਰ ਗਰੀਬ ਕਰਕੇ ਉਹਨਾਂ ਨਾਲ ਠੱਗੀ ਮਾਰੀ। ਉਸ ਤਰ੍ਹਾਂ ਦੀ ਸਾਂਝੀਵਾਲਤਾ ਦੇ ਨਾਅਰੇ ਤੇ ਦਮਗਜੇ ਹੁਣ ਨਹੀਂ ਚਲ ਸਕਣਗੇ। ਕਿਉਂਕਿ ਭੁੱਖੇ ਕਿਰਤੀ ਕਾਮੇ ਹੁਣ ਮਰਨ ਮਾਰਨ ਤੇ ਆ ਗਏ ਹਨ ਸਾਂਝੀਵਾਲਤਾ ਹੀ ਗਰੀਬੀ ਤੇ ਬੇਰੁਜ਼ਗਾਰੀ ਦਾ ਇਕੋ ਇਕ ਇਲਾਜ ਹੈ। ਭਾਵੇਂ ਇਹ ਮਸਲਾ ਸੈਂਟਰ ਸਰਕਾਰ ਦੇ ਚੁੱਕਣ ਵਾਲਾ ਹੈ। ਪਰ ਜੇ ਅਕਾਲੀ ਸਰਕਾਰ ਸੱਚੇ ਦਿਲੋਂ ਕਿਰਤੀਆਂ ਕਿਸਾਨਾਂ ਨੂੰ ਯਕੀਨ ਦੁਆਵੇ, ਉਹ ਪੰਜਾਬ ਉਤੇ ਆਪਣੀ ਪਕੜ ਤਾਮਲਨਾਡੂ ਵਾਂਗ ਮਜ਼ਬੂਤ ਕਰ ਸਕਦੀ ਹੈ। ਅਕਾਲੀ ਭਰਾਓ ਜ਼ਬਾਨੀ ਜਮ੍ਹਾਂ ਖਰਚ ਨਾਲ ਨਹੀਂ, ਇਸ ਦਾ ਅਮਲੀ ਸਬੂਤ ਵੀ ਦੇਣਾ ਹੋਵੇਗਾ। ਕੁਰਬਾਨੀਆਂ ਕਰਨ ਵਾਲੀ ਇਸ ਜਮਾਤ ਤੋਂ ਦੋ ਚਾਰ ਸਰਮਾਏਦਾਰ ਹੀ ਕਿਉਂ ਲਾਭ ਲੈਣ, ਲੱਖਾਂ ਕਿਰਤੀ ਕਿਸਾਨ ਕਿਉਂ ਵਾਂਝੇ ਰਹਿਣ। ਜੇ ਇਹ ਪਕੜ ਮਜ਼ਬੂਤ ਨਾ ਕਰ ਸਕੇ ਹੱਥ ਆਇਆ ਬਟੇਰਾ ਫੁਰਰ ਕਰਕੇ ਕਦੇ ਵੀ ਉਡ ਸਕਦਾ ਹੈ। ਤਾਕਤ ਕਿਸਾਨਾਂ ਮਜ਼ਦੂਰਾਂ ਤੁਹਾਡੇ ਹੱਥ ਦੇ ਦਿਤੀ ਇਹਦੀ ਵਰਤੋਂ ਦਾ ਇਮਤਿਹਾਨ ਤੁਹਾਡੇ ਸਾਹਮਣੇ ਐ। ਇਕ ਅਜਿਹੇ ਤਬਕੇ ਨੇ ਤੁਹਾਡਾ ਇਸ ਇਲੈਕਸ਼ਨ ਵਿਚ ਸਾਥ ਦਿਤਾ ਹੈ, ਜਿਹੜਾ ਅਕਾਲੀ ਨਹੀਂ ਸੀ ਪਰ ਕਾਂਗਰਸ ਵਿਰੋਧੀ ਜ਼ਰੂਰ ਸੀ। ਉਹ ਤਬਕਾ ਉਸ ਸੂਰਤ ਵਿਚ ਹੀ ਤੁਹਾਡਾ ਸਾਥੀ ਰਹਿ ਸਕਦਾ ਹੈ, ਜੇ ਤੁਸੀਂ ਕਾਂਗਰਸ ਨਾਲ ਕਿਸੇ ਪ੍ਰਕਾਰ ਦੀ ਭਿਆਲੀ ਨਾ ਪਾਉ। ਹੁਣ ਵਕਤ ਆ ਗਿਆ ਹੈ ਸੰਗਤ ਤੇ ਪੰਗਤ ਦੇ ਸਿੱਖੀ ਅਸੂਲਾਂ ਨੂੰ ਨਿਰੇ ਧਾਰਮਕ ਖੇਤਰ ਵਿਚੋਂ ਕੱਢ ਕੇ ਜੀਵਨ ਦੀ ਰਾਜਨੀਤਕ ਧਾਰਾ ਵਿਚ ਲਿਆਓ। ਜੇ ਤਾਰੀਖ ਨੂੰ ਸਾਰਥਕ ਮੋੜ ਦੇਣਾ ਹੈ ਤਾਂ ਸਜਿਓਂ ਖੱਬੇ ਨੂੰ ਆ ਜਾਓ ਨਹੀਂ ਤਾਂ ਆਪਣੀਆਂ ਕਬਰਾਂ ਆਪ ਪੁੱਟੋਗੇ। ਪੰਜਾਬ ਦੀ ਵੱਡੀ ਜਮਾਤ ਕਿਸਾਨ ਦੀ ਕਲਿਆਣ ਸਾਂਝੀਵਾਲਤਾ ਵਿਚ ਹੈ। ਹੁਣ ਲਾਰੇ ਨਹੀਂ ਚਲਣੇ। ਕਿਉਂਕਿ ਜਿਉਣਾ ਹਰ ਮਨੁੱਖ ਦਾ ਕੁਦਰਤੀ ਹੱਕ ਹੈ।

ਸਮਝੌਤਾ

ਹਿੰਦ ਸਰਕਾਰ ਨਾਲ ਹੋਏ ਸਮਝੌਤੇ ਬਾਰੇ ਰੁੱਸੇ ਸਾਥੀਆਂ ਨੂੰ ਨਾਲ ਲਓ। ਬਰਾਬਰ ਬਿਠਾਓ। ਉਹਨਾਂ ਦੇ ਵਿਚਾਰ ਸੁਣੋ। ਸਪਸ਼ਟ ਦਲੀਲ ਅੱਗੇ ਅੜੀ ਟੁੱਟੇਗੀ ਵਜ਼ਨਦਾਰ ਗੱਲਾਂ ਹਕੀਕਤ ਨੂੰ ਅੱਗੇ ਲਿਆਉਣਗੀਆਂ ਤੇ ਸੱਚ ਤੋਂ ਕੋਈ ਨਹੀਂ ਭੱਜ ਸਕਦਾ। ਸਪੱਸ਼ਟ ਐ ਕਿ ਸਮਝੌਤਾ ਸਾਨੂੰ ਅੰਦਰੂਨੀ ਖੁਦਮੁਖਤਿਆਰੀ ਨਹੀਂ ਦੇਂਦਾ। ਫੈਡਰਲ ਢਾਂਚੇ ਬਿਨਾਂ ਅਸੀਂ ਆਪਣੇ ਧਰਮ, ਬੋਲੀ, ਸਭਿਆਚਾਰ ਨੂੰ ਆਰਥਿਕ ਲੁੱਟ ਤੋਂ ਬਚਾ ਨਹੀਂ ਸਕਦੇ। ਐਨੀਆਂ ਕੁਰਬਾਨੀਆਂ ਕਰਕੇ ਅਸੀਂ ਥੱਲੇ ਲੱਗ ਕੇ ਨਹੀਂ ਜੀ ਸਕਦੇ। ਰਾਜਨੀਤੀ ਵਿਚ ਇਤਬਾਰ ਕਰਨ ਵਾਲੇ ਮਾਰੇ ਜਾਂਦੇ ਹਨ। ਨਹਿਰੂ ਗਾਂਧੀ ਦੇ ਲਾਰੇ ਤੁਹਾਡੇ ਨਾਲ ਭਾਣੇ ਵਰਤਾਅ ਚੁੱਕੇ ਹਨ। ਹੁਣ ਅਜਿਹੇ ਭਰੋਸੇ ਨਹੀਂ ਚੱਲਣੇ। ਇਲੈਕਸ਼ਨ ਦੀ ਚਲਦੀ ਲੜਾਈ ਵਿਚੋਂ ਮੈਂ ਸਮਝੌਤੇ ਨੂੰ ਪੜਾਅ ਆਖਿਆ ਸੀ, ਮੰਜ਼ਿਲ ਨਹੀਂ। ਪਰ ਜੋ ਮਿਲਦਾ ਹੈ ਲਿਆ ਜਾਵੇ ਤੇ ਬਾਕੀ ਲਈ ਜਦੋ ਜਹਿਦ ਜਾਰੀ ਰੱਖੀ ਜਾਵੇ।

ਸਮਝਣ ਦੀ ਲੋੜ ਹੈ

ਤੁਹਾਨੂੰ ਇਕ ਮੌਕਾ ਮਿਲਿਆ ਹੈ ਪੰਜਾਬ ਦੇ ਕਿਰਤੀਆਂ ਦੇ ਹਿੱਤ ਪਾਲ ਕੇ ਪਿਛਲੇ ਸਾਰੇ ਧੋਣੇ ਧੋ ਸਕਦੇ ਹੋ। ਹਾਕਮ ਨਾਲੋਂ ਸੇਵਕ ਵੱਡਾ ਹੁੰਦਾ ਹੈ ਤੇ ਕਿਰਤੀ ਵਿਹਲੜ ਸਰਮਾਏਦਾਰ ਨਾਲੋਂ ਸ਼ਕਤੀਸ਼ਾਲੀ। ਸੈਂਟਰ ਚਾਹੇਗਾ, ਆਪ ਸੱਚਾ ਰਹੇ ਤੇ ਸਿੱਖਾਂ ਹੱਥੋਂ ਸਿੱਖਾਂ ਦੇ ਘਾਣ ਕਰਵਾਏ ਜਾਣ। ਹਕੂਮਤ ਦੇ ਨਸ਼ੇ ਵਿਚ ਮੱਤ ਮਾਰੀ ਵੀ ਜਾਂਦੀ ਹੈ। ਨੇਕੀ ਬਦੀ, ਸੱਚ ਝੂਠ ਤੇ ਹੱਕ ਨਹੱਕ ਵਿਚ ਅੰਤਰ ਭੁੱਲ ਜਾਂਦਾ ਹੈ, ਇਥੇ ਹੀ ਸਮਝਣ ਦੀ ਲੋੜ ਹੈ। ਤੁਸੀਂ ਪ੍ਰੀਖਿਆ ਦੀ ਘੜੀ ਵਿਚੋਂ ਲੰਘ ਰਹੇ ਹੋ। ਤੁਹਾਨੂੰ ਜਿਤਾਉਣ ਵਾਲੇ ਚਾਹੁੰਦੇ ਹਨ ਤੁਸੀਂ ਇਸ ਇਮਤਿਹਾਨ ਵਿਚੋਂ ਸੁਰਖਰੂ ਹੋ ਕੇ ਨਿਕਲੋ। ਪੰਜਾਬ ਦੀ ਕਿਰਤੀ ਜਨਤਾ ਆਪਣਾ ਫਰਜ਼ ਪੂਰਾ ਕਰ ਚੁੱਕੀ ਹੈ, ਹੁਣ ਕਰਜ਼ਾ ਲਾਹੁਣ ਦੀ ਤੁਹਾਡੀ ਵਾਰੀ ਹੈ।

ਅਰਦਾਸ ਹੈ

ਤੁਹਾਨੂੰ ਗੱਦੀਆਂ ਉਤੇ ਬਹਾਉਣ ਵਾਲਿਆਂ ਦੀ ਅਰਦਾਸ ਹੈ, ਤੁਸੀਂ ਆਪਣੀ ਪਾਟੋਧਾੜ ਤੋਂ ਬਚ ਸਕੋ। ਪੰਜਾਬ ਦੇ ਹੱਕ ਲੈਣ ਲਈ ਸਮੁੱਚੇ ਪੰਜਾਬੀਆਂ ਨੂੰ ਨਾਲ ਜੋੜ ਕੇ ਸੈਂਟਰ ਤੋਂ ਪੰਜਾਬ ਦੇ ਜਾਇਜ਼ ਹੱਕ ਹਾਸਲ ਕਰ ਸਕੋ ਤੇ ਆਪਣੇ ਦੇਸ਼ ਭਗਤੀ ਦੇ ਪਿਛੋਕੜ ਨੂੰ ਯਾਦ ਰੱਖ ਸਕੋ। ਧੰਨਵਾਦ!

ਪੰਜਾਬ ਦੇ ਅਤਿਵਾਦੀਆਂ ਅਤੇ ਜੇ. ਕੇ. ਦੇ ਵੱਖਵਾਦੀ ਤੱਤਾਂ 'ਚ 'ਪੱਕਾ ਸਬੰਧ'— ਸ਼ਾਹ

ਨਵੀਂ ਦਿੱਲੀ — ਜੰਮੂ-ਕਸ਼ਮੀਰ ਦੇ ਅਧਿਕਾਰੀਆਂ ਨੇ ਸਰਹੱਦੋਂ ਪਾਰ ਤੋਂ ਅਤਿਵਾਦੀਆਂ ਦੀ ਵੱਡੀ ਪੱਧਰ ਤੇ ਕਿਸੇ ਸੰਭਾਵੀ ਘੁਸਪੈਂਠ ਨੂੰ ਰੋਕਣ ਲਈ ਕੀਤੇ ਜਾ ਰਹੇ ਯਤਨ ਤੇਜ਼ ਕਰ ਦਿਤੇ ਹਨ। ਇਹ ਪ੍ਰਗਟਾਵਾ ਰਾਜ ਦੇ ਮੁਖ ਮੰਤਰੀ ਸ੍ਰੀ ਜੀ. ਐਮ ਸ਼ਾਹ ਨੇ ਇਥੇ ਕੀਤਾ। ਉਨ੍ਹਾਂ ਕਿਹਾ ਕਿ ਪਿਛਲੇ ਕੁਝ ਮਹੀਨਿਆਂ ਦੌਰਾਨ ਪ੍ਰਦੇਸ਼ ਅਧਿਕਾਰੀਆਂ ਨੇ ਕਥਿਤ ਵੱਖਵਾਦੀਆਂ, ਪਾਕਿਸਤਾਨ-ਪੱਖੀ ਤੇ ਅਤਿਵਾਦੀਆਂ ਦੇ ਪੰਜ ਵੱਡੇ ਗਰੋਹ ਕਾਬੂ ਕੀਤੇ ਹਨ ਤੇ ਅਜਿਹੇ ਤੱਤਾਂ ਦੀ ਫੜੋਫੜੀ ਜਾਰੀ ਹੈ। ਮੁਖ ਮੰਤਰੀ ਨੇ ਕਿਹਾ ਕਿ ਪ੍ਰਦੇਸ਼ ਪੁਲਸ ਅਤੇ ਨੀਮ ਫੌਜੀ ਦਸਤੇ ਪੂਰੀ ਚੌਕਸੀ ਰੱਖ ਰਹੇ ਹਨ। ਉਨ੍ਹਾਂ ਕਿਹਾ ਕਿ ਹਾਲ ਹੀ ਵਿਚ ਕਾਬੂ ਕੀਤੇ ਗਏ ਮਹਿੰਦਰ ਸਿੰਘ ਉਰਫ ਪਾਪੀ ਦੇ ਗਰੋਹ ਤੋਂ ਭਾਰੀ ਗਿਣਤੀ ਵਿਚ ਹਥਿਆਰ ਅਤੇ ਭੰਨਤੋੜ ਕਰਨ ਵਾਲਾ ਮਾਲ, ਜਿਸ ਵਿਚ ਅਮਰੀਕੀ ਐਚ ਸੀ-61 ਸੈਮੀ-ਆਟੋਮੈਟਿਕ ਪਿਸਤੌਲਾਂ ਵੀ ਸ਼ਾਮਲ ਹਨ, ਬਰਾਮਦ ਕੀਤਾ ਗਿਆ ਹੈ। ਪਾਪੀ ਗਰੋਹ ਦੇ ਤਿੰਨ ਮੈਂਬਰ ਗੁਰਦਾਸਪੁਰ ਦੇ ਸਰਹੱਦੀ ਕਸਬੇ ਵਿਚ ਉਸ ਸਮੇਂ ਗ੍ਰਿਫਤਾਰ ਕੀਤੇ ਗਏ ਜਦੋਂ ਉਨ੍ਹਾਂ ਨੇ ਇਕ ਸਹਿਕਾਰੀ ਬੈਂਕ ਦੇ ਖਜ਼ਾਨਚੀ ਤੋਂ 90 ਹਜ਼ਾਰ ਰੁਪੈ ਵਾਲੇ ਥੈਲੇ ਨੇ ਖੋਹਣ ਦੀ ਕੋਸ਼ਿਸ਼ ਕੀਤੀ, ਚੇਤੇ ਰਹੇ ਕਿ ਪਿਛੇ ਜਿਹੇ ਨੀਮ-ਫੌਜੀ ਦਸਤਿਆਂ ਨੇ ਗੁਰਦਾਸਪੁਰ ਜ਼ਿਲੇ ਵਿਚ ਸਰਹੱਦ ਲਾਗਿਉਂ ਇਸੇ ਤਰ੍ਹਾਂ ਦੀਆਂ ਅਮਰੀਕੀ ਤੇ ਪਾਕਿਸਤਾਨੀ ਪਿਸਤੌਲਾਂ ਬਰਾਮਦ ਕੀਤੀਆਂ ਸਨ। ਮੁਖ ਮੰਤਰੀ ਸ੍ਰੀ ਸ਼ਾਹ ਨੇ ਦੱਸਿਆ ਕਿ 'ਸੋਫਰਨ ਟਾਈਗਰਜ਼' 'ਅਲ-ਜਿਹਾਦ', 'ਮਕਬੂਲ ਮੁਜਾਹਿਦ' ਤੇ 'ਕਸ਼ਮੀਰ ਲਿਬਰੇਸ਼ਨ ਆਰਮੀ' ਦੇ ਗ੍ਰਿਫਤਾਰ ਕੀਤੇ ਗਏ ਮੈਂਬਰਾਂ ਦੀ ਪੁਛਗਿਛ ਤੋਂ ਸੰਕੇਤ ਮਿਲੇ ਹਨ ਕਿ ਪੰਜਾਬ ਦੇ ਅਤਿਵਾਦੀਆਂ ਅਤੇ ਜੰਮੂ-ਕਸ਼ਮੀਰ ਵਿਚ ਵੱਖਵਾਦੀ ਤੱਤਾਂ ਵਿਚਕਾਰ 'ਪੱਕਾ ਸਬੰਧ' ਹੈ ਤੇ ਦੋਵੇਂ ਇਕੋ ਸੋਮੇ ਤੋਂ ਮਿਲਦੀਆਂ ਹਦਾਇਤਾਂ ਹੇਠਾਂ ਕੰਮ ਕਰ ਰਹੇ ਹਨ ਮੁਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੂੰ ਕੋਈ ਖਤਰਾ ਨਹੀਂ ਤੇ ਇਹ 1989 ਤਕ ਆਪਣੀ ਮਿਆਦ ਪੂਰੀ ਕਰੇਗੀ।

'ਅੱਤਵਾਦੀ' ਗ੍ਰਿਫ਼ਤਾਰ

ਬਟਾਲਾ, -(ਪੀ ਟੀ ਆਈ)

ਜ਼ਿਲਾ ਪੁਲਸ ਨੇ ਸ਼ੁਕਰਵਾਰ ਨੂੰ ਪਿੰਡ ਕੋਟਲੀ ਬਰਜਿੰਦਰ ਸਿੰਘ ਦੇ ਇਕ ਕਥਿਤ ਅੱਤਵਾਦੀ ਕਰਨੈਲ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ। ਜ਼ਿਲਾ ਪੁਲਸ ਮੁਖੀ ਸ੍ਰੀ ਜੇ ਪੀ ਵਿਰਦੀ ਅਨੁਸਾਰ ਕਰਨੈਲ ਸਿੰਘ ਇਕ ਗੋਲੀ ਕਾਂਡ ਵਿਚ ਪੁਲਸ ਨੂੰ ਲੁੜੀਂਦਾ ਸੀ ਜਿਸ ਵਿਚ 4 ਜਨਵਰੀ ਨੂੰ ਪਿੰਡ ਭੱਟੀਆਂ ਨਿਤੇ ਪੁਲਸ ਦਾ ਇਕ ਸਿਪਾਹੀ ਮੁਖਤਿਆਰ ਸਿੰਘ ਜ਼ਖਮੀ ਹੋ ਗਿਆ ਸੀ।

ਕੁਝ ਨਵੇਂ ਰਿਵਾਜ

ਮੇਹਰ ਸਿੰਘ ਸੰਧੂ, ਵੈਨਕੂਵਰ

ਰਾਜ ਕਰੇਗਾ ਖਾਲਸਾ, ਆਕੀ ਰਹੇ ਨ ਕੋਇ,
ਖਵਾਰ ਹੋਇ ਸਭ ਮਿਲੇਂਗੇ ਬਚੇ ਸ਼ਰਨ ਜੋ ਹੋਇ।

ਕੁਝ ਸਮੇਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ "ਰਾਜ ਕਰੇਗਾ ਖਾਲਸਾ" ਪੜ੍ਹਨ ਦਾ ਰਿਵਾਜ ਬਣ ਗਿਆ ਹੋਇਆ ਹੈ। ਇਹ ਕਾਵ ਰਚਣਾਂ ਦਾ ਗੁਰਸਿੱਖੀ ਦੇ ਆਦਰਸ਼ ਗੋਬਿੰਦ ਮਿਲਣ ਨਾਲ ਕੋਈ ਵਾਸਤਾ ਨਹੀਂ। ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਭਾਈ ਗੁਰਦਾਸ ਜੀ ਤੇ ਭਾਈ ਨੰਦ ਲਾਲ ਜੀ ਦੀਆਂ ਬਾਣੀਆਂ ਵਿਚੋਂ ਇਕ ਤੁਕ ਭੀ ਦੁਨਿਆਵੀ ਰਾਜ ਭਾਗ ਦੀ ਪ੍ਰਵਾਨਗੀ ਵਿਚ ਨਹੀਂ ਮਿਲਦੀ। ਸਗੋਂ ਗੁਰੂ ਗ੍ਰੰਥ ਸਾਹਿਬ ਵਿਚ ਇਸ ਦਾ ਥਾਂ ਥਾਂ ਖੰਡਣ ਹੈ। ਦੁਨਿਆਵੀ ਰਾਜ ਗੁਰਸਿਖ ਦਾ ਮਨੋਰਥ ਨਹੀਂ —

ਰਾਜ ਨ ਭਾਗ ਨ ਹੁਕਮ ਨ ਸਾਦ ਨ,
ਕਿਛੁ ਕਿਛੁ ਨ ਚਾਹੀ (ਗੁਰੂ ਗ੍ਰੰਥ ਦਾ ਪੰਨਾ 406)
ਰਾਜ ਨ ਚਾਹਉ ਮੁਕਤਿ ਨ ਚਾਹਉ
ਮਨਿ ਪ੍ਰੀਤਿ ਚਰਨ ਕਮਲਾਰੇ। (534)
ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ (468)
ਰਾਜ ਮਿਲਖ ਸਿਕਦਾਰੀਆਂ ਅਗਨੀ ਮਹਿ ਜਾਲ। (811)

'ਰਾਜ ਕਰੇਗਾ ਖਾਲਸਾ' ਕਿਸੇ ਗੁਰਬਾਣੀ ਦਾ ਅੰਗ ਨਹੀਂ। ਏਸ ਲਈ ਕੱਚੀ ਬਾਣੀ ਦਾ, ਸੰਗਤ ਵਿਚ ਗੁਰੂ ਗ੍ਰੰਥ ਜੀ ਦੀ ਹਜ਼ੂਰੀ ਵਿਚ, ਪੜ੍ਹੇ ਜਾਣਾ ਮਨਮਤ ਹੈ ਅਤੇ ਕਿਉਂਕਿ ਦੁਨਿਆਵੀ ਰਾਜ, ਗੁਰੂ ਦੀ ਸਿਖਿਆ ਦਾ ਅਨਕੂਲ ਨਹੀਂ, ਸੋ ਇਸ ਨੂੰ ਗੁਰਬਾਣੀ ਦੀ ਨਿਰਾਦਰੀ ਵੀ ਕਿਹਾ ਜਾ ਸਕਦਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਗੁਰਦੁਆਰਾ ਗਜ਼ਟ ਅਗਸਤ 1972. ਪੰਨਾ 54 ਵਿਚ ਲਿਖਿਆ ਹੈ ਕਿ ਇਹ ਦੋਹਰਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਉਚਾਰਨ ਕੀਤਾ ਹੋਇਆ ਨਹੀਂ ਹੈ। ਸਿਖ ਬਜ਼ੁਰਗ ਜਥੇਦਾਰਾਂ ਨੇ ਉਸ ਸਮੇਂ ਜਦੋਂ ਸਿੱਖ ਜੰਗਲਾਂ ਤੇ ਪਹਾੜਾਂ ਵਿਚ ਲੁਕ ਕੇ ਦਿਨ ਕਟੀ ਕਰ ਰਹੇ ਸਨ, ਆਪਣੇ ਸੂਰਬੀਰਾਂ ਨੂੰ ਚੜ੍ਹਦੀਆਂ ਕਲਾਂ ਵਿਚ ਰੱਖਣ ਵਾਸਤੇ, ਇਹ ਉਤਸ਼ਾਹ-ਜਨਕ ਬਚਨ ਪ੍ਰਚਲਤ ਕੀਤੇ ਸਨ। ਇਹਨਾਂ ਬੋਲਿਆਂ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਤੇ ਸੰਗਤ ਵਿਚ ਪੜ੍ਹੇ ਜਾਣਾ, ਕਚੀ ਬਾਣੀ ਹੋਣ ਕਰਕੇ ਮਨਮਤ ਕਹਿਣੀ ਪੈਂਦੀ ਹੈ।

ਜਿਨ੍ਹਾਂ ਨੂੰ ਬਜ਼ੁਰਗ ਜਥੇਦਾਰ ਅਤੇ ਸੂਰਬੀਰ ਦਸਿਆ ਹੈ, "ਪੰਥ ਪ੍ਰਕਾਸ਼" ਵਿਚ ਉਨ੍ਹਾਂ ਦਾ ਕੋਈ ਹੋਰ ਹੀ ਨਕਸ਼ਾ ਖਿਚਿਆ ਹੈ। ਕਿਉਂਕਿ "ਰਾਜ ਕਰੇਗਾ ਖਾਲਸਾ" ਦਾ ਮੰਤਵ ਪਰਮਾਤਮਾ ਦੀ ਪ੍ਰੇਮਾ ਭਗਤੀ ਨਹੀਂ, ਇਸ ਲਈ ਇਹ ਮਨਮਤ ਹੈ, ਗੁਰਮਤਿ ਦਾ ਵਿਰੋਧ ਕਰਨਾ ਹੈ।

ਦੁੱਖ ਦੀ ਗੱਲ ਹੈ ਕਿ ਸਿੱਖਾਂ ਦੀ ਕੋਈ ਇਤਿਹਾਸਕ ਪੁਸਤਕ ਵੀ ਭਰੋਸੇਯੋਗ ਨਹੀਂ। ਸਾਰੀਆਂ ਇਕ ਦੂਜੇ ਦਾ ਖੰਡਣ-ਮੰਡਣ ਕਰਦੀਆਂ ਹਨ। ਸਿਰਫ ਇਕੋ ਇਕ ਇਸ਼ਟ, "ਗੁਰੂ ਗ੍ਰੰਥ ਸਾਹਿਬ" ਹੈ ਜਿਸ ਤੋਂ ਸਾਡੇ ਜੀਵਨ ਲਈ ਹਰ ਕਿਸਮ ਦੀਆਂ ਸੇਧਾਂ ਮਿਲਦੀਆਂ ਹਨ। ਇਸ ਵਿਚ ਇਨਸਾਨੀ ਏਕਤਾ ਨੂੰ ਵਾਰ ਵਾਰ ਦਰਸਾਇਆ ਗਿਆ ਹੈ —

'ਏਕ ਪਿਤਾ ਏਕਸ ਕੇ ਹਮ ਬਾਰਕ,
ਤੂ ਮੇਰਾ ਗੁਰ ਹਾਈ।

ਦੇਹਰਾ ਮਸੀਤ ਸੋਈ ਪੂਜਾ ਔ ਨਮਾਜ ਓਹੀ,
ਮਾਨਸ ਸਬੈ ਏਕ ਪੈ ਅਨੇਕ ਕੋ ਪ੍ਰਭਾਵ ਹੈ।

ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ।
ਨਿਆਰੇ ਨਿਆਰੇ ਹੁਇ ਕੈ ਫੇਰਿ ਆਗ ਮੈ ਮਿਲਾਹਿਗੇ।

ਸਿਖ ਲਈ ਵਖਰੇਪਨ ਦਾ ਅਹਿਸਾਸ ਹੀ ਉਸ ਦੇ ਅਕੀਦੇ ਦੇ ਉਲਟ ਹੈ। ਜਦ ਸਿੱਖਾਂ ਦਾ ਰਹਿਬਰ, ਸ੍ਰੀ ਗੁਰੂ ਗ੍ਰੰਥ ਸਾਹਿਬ ਹਰ ਮਜ਼ਹਬ ਅਤੇ ਜ਼ਾਤ ਦੇ ਬੰਦਿਆਂ ਰਾਹੀਂ ਉਸ ਨੂੰ ਸੰਬੋਧਨ ਕਰ ਰਿਹਾ ਹੈ ਤਾਂ ਉਸ ਅੰਦਰ ਮਤ-ਭੇਦ ਕਿਵੇਂ ਆ ਸਕਦਾ ਹੈ?

ਜੇ ਕੋਈ ਗੈਰ-ਸਿੱਖ ਵਖਰੇਪਨ ਦਾ ਪ੍ਰਗਟਾਵਾ ਕਰਦੇ ਹਨ ਜਾਂ ਝੂਠ ਬੋਲਦੇ ਹਨ ਤਾਂ ਗੁਰੂ ਜੀ ਨੇ ਕਿਹਾ ਹੈ,

"ਉਝੜ ਸੱਚ ਸਹੀ"

ਸਾਨੂੰ ਆਪਣੇ ਗੁਰੂ ਉਤੇ ਭਰੋਸਾ ਰਖਣਾ ਚਾਹੀਦਾ ਹੈ।

"ਰਾਜ ਕਰੇਗਾ ਖਾਲਸਾ" ਕਿਸੇ ਗੁਰਬਾਣੀ ਦਾ ਅੰਗ ਨਹੀਂ। ਇਹ ਕਿਸੇ ਮਨ-ਮਤੇ ਦੇ ਛੋਟੇਪਣ ਦਾ ਪ੍ਰਗਟਾਵਾ ਹੈ। ਗੁਰੂ ਜੀ ਨੇ ਤਾਂ ਸਾਫ ਕਿਹਾ ਸੀ, 'ਤਮੀਂ ਰਾਜ ਨ ਚਾਹੂ" ਯਾਨੀ ਉਹਨਾਂ ਦਾ ਆਦਰਸ਼ ਹਕੂਮਤ ਪ੍ਰਾਪਤ ਕਰਨਾ ਨਹੀਂ ਸੀ। ਉਹਨਾਂ ਦੇ ਯਤਨ ਤਾਂ ਇਨਸਾਨੀਅਤ ਦੀ ਸੇਵਾ ਕਰਨ ਲਈ ਅਤੇ ਜ਼ੁਲਮ ਦਾ ਨਾਸ਼ ਕਰਨ ਲਈ ਸਨ। ਹੁਣ ਵਾਲੇ ਸਿੰਘਾਂ ਵਲ ਤੱਕੋ, ਇਉਂ ਜਾਪਦਾ ਹੈ ਜਿਵੇਂ ਉਨ੍ਹਾਂ ਆਪਣੇ ਗੁਰੂਆਂ ਦੇ ਜੀਵਨ ਪੜ੍ਹੇ ਸੁਣੇ ਹੀ ਨਹੀਂ ਹੁੰਦੇ ਉਨ੍ਹਾਂ ਦੇ ਹੁਕਮਾਂ ਜਾਂ ਸਿਖਿਆ ਦੀ ਪਾਲਣਾ ਤਾਂ ਕੀ ਕਰਨੀ ਸੀ।

ਇਹ ਖਿਆਲ ਕਰਨਾ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਤਲਵਾਰ ਨੂੰ ਇਕ ਸਾਧਾਰਨ ਰਾਜੇ ਜਾਂ ਯੋਧੇ ਵਾਂਗ ਧਾਰਨ ਕੀਤਾ ਸੀ ਬੜੀ ਵੱਡੀ ਭੁੱਲ ਹੈ। ਗੁਰੂ ਸਾਹਿਬ ਨੇ ਕਦੀ ਵੀ ਮੁਲਕ-ਗੀਰੀ ਜਾਂ ਸ਼ਾਹੀ ਠਾਠ-ਬਾਠ ਪੈਦਾ ਕਰਨ ਦੇ ਖਿਆਲ ਨਾਲ ਤਲਵਾਰ ਨੂੰ ਧਾਰਨ ਨਹੀਂ ਕੀਤਾ। ਜਦ ਸਿੱਖ ਲਈ ਅੰਮ੍ਰਿਤ ਤਿਆਰ ਕੀਤਾ ਜਾਂਦਾ ਹੈ ਤਾਂ ਉਸ ਵਿਚ ਖੰਡਾ ਫੇਰਿਆ ਜਾਂਦਾ ਹੈ, ਪਰ ਤਿਆਰ ਹੋ ਰਹੇ ਅੰਮ੍ਰਿਤ ਦੇ ਉਤੇ ਉਸ ਵੇਲੇ ਜੋ ਸ਼ਬਦ ਅਤੇ ਵਿਸ਼ੇਸ਼ ਕਰਕੇ ਗੁਰੂ ਜੀ ਦੇ ਆਪਣੇ ਉਚਾਰੇ ਹੋਏ ਸਵੱਈਏ ਪੜ੍ਹੇ ਜਾਂਦੇ ਹਨ, ਉਨ੍ਹਾਂ ਵਿਚ ਐਸ਼-ਕਸ਼ੀ, ਤਸ਼ੱਦਦ ਤੇ ਸ਼ਾਹੀ ਠਾਠ-ਬਾਠ ਦਾ ਸਖਤ ਖੰਡਨ ਕੀਤਾ ਹੋਇਆ ਹੈ —

ਸ੍ਰੀਪਤ ਸ੍ਰੀ ਭਗਵਾਨ ਭਜੇ ਬਿਨ
ਅੰਤ ਕਉ ਅੰਤ ਕੇ ਧਾਮ ਸਿਧਾਰੇ

ਸਪੱਸ਼ਟ ਹੈ ਕਿ ਅਜਿਹੀ ਸਿਖਿਆ ਦੇਣ ਵਾਲੇ ਗੁਰੂ ਆਪ ਕਿਵੇਂ ਮੁਲਕਗੀਰੀ ਤੇ ਸ਼ਾਹੀ ਠਾਠ-ਬਾਠ ਪ੍ਰਾਪਤ ਕਰਨ ਲਈ ਤਲਵਾਰ ਧਾਰਨ ਕਰ ਸਕਦੇ ਸਨ। ਆਪ ਦਾ ਆਦਰਸ਼ ਤਾਂ —

"ਜਿਨ ਪ੍ਰੇਮ ਕੀਉ ਤਿਨ ਹੀ ਪ੍ਰਭ ਪਾਇਉ' ਸੀ।

"ਆਤਮ ਸਾਇੰਸ ਟ੍ਰਸਟ ਦੇ ਗੁਰਮਤਿ ਸਮੇਲਨ ਜੋ 30 ਸਤੰਬਰ 1972 ਨੂੰ ਭਠਿੰਡੀ ਵਿਚ ਹੋਇਆ ਵਿਚ "ਰਾਜ ਕਰੇਗਾ ਖਾਲਸਾ" ਦੇ ਅਰਦਾਸ ਮਗਰੋਂ ਸੰਗਤ ਵਿਚ ਪੜ੍ਹੇ ਜਾਣ ਸਬੰਧੀ ਵਿਚਾਰ ਕਰਨ ਮਗਰੋਂ ਪਾਸ ਹੋਇਆ ਕਿ ਗੁਰਦੁਆਰਾ ਗਜ਼ਟ ਦੇ ਅਗਸਤ 1972 ਦੇ ਅੰਕ ਅਨੁਸਾਰ ਇਹ ਦੋਹਰਾ ਗੁਰਵਾਕ ਨਹੀਂ ਅਤੇ ਸਿੱਖ ਬਜ਼ੁਰਗ ਜਥੇਦਾਰਾਂ ਨੇ ਭੀੜ ਦੇ ਸਮੇਂ ਆਪਣੇ ਸੂਰਬੀਰਾਂ ਨੂੰ ਚੜ੍ਹਦੀਆਂ ਕਲਾਂ ਵਿਚ ਰਖਣ ਲਈ ਇਹ ਬੋਲਾ ਪ੍ਰਚਲਤ ਕੀਤਾ। ਬਹੁਤ ਸੰਮਤੀ ਨਾਲ ਪ੍ਰਵਾਨ ਕੀਤਾ ਗਿਆ ਕਿ ਇਹ ਦੋਹਰਾ ਅਰਦਾਸ ਪਿਛੋਂ ਦੋਹਰਾਇਆ ਜਾਣਾ ਜ਼ਰੂਰੀ ਨਹੀਂ ਹੈ।"

ਹਵਾਲੇ —

ਗੁਰਬਾਣੀ - ਪਾਠ - ਵੀਚਾਰ - ਸੰਤੋਖ ਸਿੰਘ
ਗੁਰਸਿੱਖ ਤੇ ਰਹਿਤ ਮਰਯਾਦਾ —
ਜੀਵਨ ਪ੍ਰੀਤੀ ਅਕਤੂਬਰ 1981 ਪ੍ਰੀਤਮ ਸਿੰਘ ਚਾਹਿਲ ਦਾ ਲੇਖ "ਇਹ ਘਟਨਾਵਾਂ" ਵਿਚੋਂ
ਪ੍ਰੀਤਲੜੀ ਜਨਵਰੀ 1967 - ਮੋਹਨ ਸਿੰਘ ਦਾ ਲੇਖ "ਗੁਰੂ ਗੋਬਿੰਦ ਸਿੰਘ ਦੀ ਸਰਯੋਗਤਾ" ਵਿਚੋਂ

ਰਾਜ ਦੇ ਲੋਕਾਂ ਨੂੰ ਚੌਕਸੀ ਦਾ ਸੱਦਾ

ਕੋਟਕਪੂਰਾ — ਪੰਜਾਬੀ ਬੁੱਧੀਜੀਵੀ ਮੰਚ ਦੇ ਇਕ ਬੁਲਾਰੇ ਲਾਜਪਤ ਰਾਇ ਨੇ ਦੋਸ਼ ਲਾਇਆ ਹੈ ਕਿ ਕੇਂਦਰ ਸਰਕਾਰ ਕਿਵੇਂ ਨਾ ਕਿਵੇਂ ਹਰਿਆਣੇ ਦੀਆਂ ਹੱਦ ਫਾਜ਼ਿਲਕਾ ਨਾਲ ਵਹਿੰਦੇ ਸਤਲੁਜ ਦਰਿਆ ਨਾਲ ਜੋੜ ਕੇ ਹਰਿਆਣਾ ਦਾ ਪੰਜਾਬ ਦੇ ਪਾਣੀਆਂ 'ਤੇ ਹੱਕ ਪੱਕਾ ਕਰਨਾ ਚਾਹੁੰਦੀ ਹੈ ਅਤੇ ਏਸੇ ਮੰਦਭਾਵਨਾ ਅਧੀਨ ਹੀ ਪੰਜਾਬ ਦੀਆਂ ਫਾਜ਼ਿਲਕਾ ਤੇ ਮੁਕਤਸਰ ਤਹਿਸੀਲਾਂ ਦੇ ਪਿੰਡਾਂ ਵਿਚ ਲੋਕਾਂ ਦੀ ਭਾਸ਼ਾ ਜਾਨਣ ਦੇ ਨਾਂ ਹੇਠ ਰਾਏਸ਼ੁਮਾਰੀ ਕਰਾਉਣ ਦਾ 'ਵਿਰਕੂ ਫੈਸਲਾ' ਲਿਆ ਗਿਆ। ਉਨ੍ਹਾਂ ਕਿਹਾ ਕਿ ਅਜਿਹਾ ਕਰਨ ਲੱਗਿਆਂ ਕੇਂਦਰ ਸਰਕਾਰ ਰਾਜਸਥਾਨ ਵਿਚਲੇ ਪੰਜਾਬੀ ਇਲਾਕਿਆਂ ਨੂੰ ਪੱਕੇ ਤੌਰ 'ਤੇ ਪੰਜਾਬ ਨਾਲੋਂ ਤੋੜ ਕੇ ਸੰਨ੍ਹ ਵਿਚਾਲੇ ਇਲਾਕਿਆਂ ਨੂੰ ਹਿੰਦੀ ਭਾਸ਼ੀ ਇਲਾਕੇ ਦੇ ਤੌਰ 'ਤੇ ਸਥਾਪਤ ਕਰਨਾ ਚਾਹੁੰਦੀ ਹੈ।

ਸ੍ਰੀ ਲਾਜਪਤ ਰਾਇ ਨੇ ਇਹ ਦੋਸ਼ ਲਾਇਆ ਕਿ ਮੁੱਖ ਮੰਤਰੀ ਬਰਨਾਲਾ ਨੇ ਰਾਏਸ਼ੁਮਾਰੀ ਦੇ ਇਸ ਫੈਸਲੇ ਨੂੰ ਮੰਨ ਕੇ ਕੇਂਦਰੀ ਹਾਕਮਾਂ ਅੱਗੇ ਗੋਡੇ ਟੇਕੇ ਤੇ ਪੰਜਾਬੀ ਕਾਜ਼ ਵਿਰੋਧੀ ਕਦਮ ਲਿਆ ਹੈ। ਬਰਨਾਲੇ ਵਲੋਂ ਰਾਏਸ਼ੁਮਾਰੀ ਪੁਰਅਮਨ ਤੇ ਸ਼ਾਂਤੀ ਨਾਲ ਨੇਪਰੇ ਚਾੜ੍ਹਨ ਦੇ ਆਪਣੀ ਸਰਕਾਰ ਦੇ ਗੁਣਗਾਣ ਕਰਨਾ ਅਸਲ ਵਿਚ ਕੇਂਦਰੀ ਹਾਕਮਾਂ ਦੀ 'ਵਿਰਕੂ ਨੀਤੀ' ਦੀ ਕੋਝੇ ਢੰਗ ਨਾਲ ਹਮਾਇਤ ਕਰਨਾ ਹੈ। ਪੰਜਾਬੀ ਬੁੱਧੀਜੀਵੀ ਮੰਚ ਨੇ ਸਮੂਹ ਪੰਜਾਬੀ ਲੋਕਾਂ ਨੂੰ ਵਿਰਕੂ ਕੇਂਦਰੀ ਹਾਕਮਾਂ ਦੇ ਪੰਜਾਬੀ ਲੋਕਾਂ ਵਿਰੁੱਧ ਰਚੇ ਜਾ ਰਹੇ ਸਾਜ਼ਸ਼ੀ ਤੇ ਵਿਰਕੂ ਚੁਰਮਾਂ ਵਿਰੁੱਧ ਲਾਮਬੰਦ ਹੋ ਕੇ ਸੰਘਰਸ਼ ਕਰਨ ਅਤੇ ਬਰਨਾਲਾ ਸਰਕਾਰ ਵਲੋਂ ਪੰਜਾਬੀ ਕਾਜ਼ ਨੂੰ ਛੱਡ ਕੇ ਕਥਿਤ ਕੇਂਦਰੀ ਹਾਕਮਾਂ ਦੀ ਪਿੱਠ ਪੂਰਨ ਦੀ ਮੁਜਰਮਾਨਾ ਚਾਲ ਦਾ ਡਟ ਕੇ ਵਿਰੋਧ ਕਰਨ ਦਾ ਸੱਦਾ ਦਿੱਤਾ ਹੈ।

Press Release

(15 ਫਰਵਰੀ, 1986 ਤੋਂ ਭਾਰਤ ਨੂੰ ਸਾਮਾਨ ਲਿਜਾਣ ਸਬੰਧੀ ਤਬਦੀਲੀਆਂ ਬਾਰੇ ਸਾਨੂੰ ਇਹ ਪ੍ਰੈਸ ਰੀਲੀਜ਼ ਮਿਲੀ ਹੈ। 15 ਫਰਵਰੀ 1986 ਤੋਂ ਭਾਰਤ ਜਾਣ ਵਾਲੇ ਸੱਜਣ ਇਸ ਨੂੰ ਨੋਟ ਕਰ ਲੈਣ — ਸੰਪਾਦਕ)

Amendment of Baggage Rules, 1978

The Government of India have recently amended Rule 3 of the Baggage Rules, 1978 and the following amendments will come into force with effect from 15th Feb. 1986 :

A) In case of a colour television, video cassette recorder, video cassette player and video camera the duty-free allowance shall be limited to Rs. 500.00. However, the total duty-free allowance will continue to be Rs. 1,250.00 except in the case of passengers from Sri Lanka and Maldives where lower allowances have been fixed.

B) No free allowance shall be available in respect of goods imported in un-accompanied baggage even if such free allowance had not been availed of while clearing goods in the accompained baggage of the passengers.

C) Benefit of concessional rate of duty for goods upto a value of Rs. 2,000.oo shall also not be available to goods imported in un-accompanied baggage.

D) All dutiable goods imported in un-accompanied baggage shall be chargeable to duty at a total rate of 240% ad valorem except certain specified articles which are chargeable to duty at the standard tariff rate of 340% ad valorem.

E) In order to expedite passenger clearance the requirement of obtaining Landing Certificate for clearing un-accompanied baggage is being done away with.

F) Cartridges of fire arms in excess of fifty in number shall be charged to duty at 340% ad valorem subject to restrictions in the arms licence.

ਪੜ੍ਹਿਆ, ਸੁਣਿਆ ਅਤੇ ਦੇਖਿਆ ਪੰਜਾਬ

ਸੂਫ਼ੀ ਅਮਰਜੀਤ

ਦਸੰਬਰ 1980 ਤੋਂ ਮਗਰੋਂ ਜਨਵਰੀ 1986 ਵਿਚ ਮੁੜ ਇਕ ਮਹੀਨੇ ਲਈ ਭਾਰਤ ਜਾਣ ਦਾ ਸਮਾਂ ਜੁੜਿਆ। ਇਨ੍ਹਾਂ ਲੰਘੇ ਪੰਜਾਂ ਸਾਲਾਂ ਵਿਚ ਭਾਰਤ ਦੇ ਪੰਜਾਬ ਰਾਜ ਵਿਚ ਜੋ ਕੁਝ ਵਾਪਰਿਆ ਉਸ ਦਾ ਹਰ ਭਾਰਤੀ ਉਪਰ ਵਧ ਜਾਂ ਘਟ ਪ੍ਰਭਾਵ ਪਿਆ ਹੈ। ਇਨ੍ਹਾਂ ਪੰਜਾਂ ਸਾਲਾਂ ਦੇ ਸਮੇਂ ਵਿਚ 1983 ਤੋਂ 1985 ਦੇ ਸਾਲ ਦੀਆਂ ਨਿਕੀਆਂ ਅਤੇ ਵੱਡੀਆਂ ਫਿਰਕੂ ਹਿੰਸਕ ਘਟਨਾਵਾਂ ਨੇ ਸਾਡੇ ਲੋਕਾਂ ਦੀਆਂ ਮਹਾਨ ਮਨੁਖੀ ਸਭਿਆਚਾਰਕ ਪਰੰਪਰਾਵਾਂ ਉਪਰ ਭਾਰੀ ਸੱਟ ਮਾਰੀ ਹੈ, ਪਰੰਪਰਾਵਾਂ ਜਿਨ੍ਹਾਂ ਨੂੰ ਕਾਇਮ ਕਰਨ ਲਈ ਸਾਡਿਆਂ ਮਹਾਨ ਰਿਸ਼ੀਆਂ, ਗੁਰੂਆਂ, ਸੂਫ਼ੀ ਕਵੀਆਂ, ਸਾਹਿਤਕਾਰ ਅਤੇ ਸ਼ਹੀਦਾਂ ਨੇ ਵੱਡੀਆਂ ਘਾਲਣਾ ਘਾਲੀਆਂ ਸਨ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸ ਭੈੜੇ ਵਾਤਾਵਰਨ ਨੂੰ ਪੈਦਾ ਕਰਨ ਵਿਚ ਸਾਮਰਾਜੀ ਸਾਜ਼ਸ਼ਾਂ, ਕੇਂਦਰ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਅਤੇ ਦੋਵਾਂ ਦੇ ਇਸ਼ਾਰਿਆਂ ਤੇ ਨੱਚਣ ਵਾਲੇ ਅਤਿਵਾਦੀ-ਵੱਖਵਾਦੀ ਫਿਰਕੂਆਂ ਦਾ ਸਾਂਝਾ ਲੋਕ ਵਿਰੋਧੀ ਕਿਰਦਾਰ ਹੀ ਜ਼ਿੰਮੇਵਾਰ ਹੈ।

ਏਥੇ ਮੈਂ ਆਪਣੇ ਇਕ ਮਹੀਨੇ ਦੇ ਤਜਰਬੇ ਦੇ ਆਧਾਰ ਉਪਰ ਜੋ ਅਨੁਭਵ ਕੀਤਾ ਹੈ ਉਸ ਦਾ ਜ਼ਿਕਰ ਕਰਨਾ ਚਾਹੁੰਦੇ ਹਾਂ। ਇਕ ਮਹੀਨੇ ਦਾ ਇਹ ਸਮਾਂ ਕੋਈ ਬਹੁਤਾ ਲੰਮਾ ਸਮਾਂ ਨਹੀਂ ਹੈ ਫਿਰ ਵੀ ਦਿੱਲੀ, ਚੰਡੀਗੜ੍ਹ, ਪੰਜਾਬ ਅਤੇ ਹਰਿਆਣੇ ਵਿਚ ਦੋ ਜਾਂ ਤਿੰਨ ਤਿੰਨ ਦਿਨ ਠਹਿਰਨ ਸਮੇਂ, ਆਮ ਲੋਕਾਂ, ਪ੍ਰੋਫ਼ੈਸ਼ਨਲਾਂ, ਬੁੱਧੀਜੀਵੀਆਂ, ਪੱਤਰਕਾਰਾਂ ਅਤੇ ਵੱਖੋ ਵੱਖ ਰਾਜਸੀ ਵਿਚਾਰਾਂ ਦੇ ਲੋਕਾਂ ਨਾਲ ਗੱਲਬਾਤ ਕਰਨ ਦਾ ਸੰਖੇਪ ਪਰ ਮਹੱਤਵ ਪੂਰਨ ਮੌਕਾ ਪ੍ਰਾਪਤ ਹੋਇਆ। ਇਨ੍ਹਾਂ ਮਿਲਣੀਆਂ ਅਤੇ ਜਾਂਚਣ-ਪੜਤਾਲਣ ਉਪਰ ਜਿਹੜੀ ਮੁਢਲੀ ਗੱਲ ਨੂੰ ਵੇਖਿਆ ਹੈ ਉਹ ਇਹ ਸੀ ਕਿ ਅਖੌਤੀ 'ਖਾਲਿਸਤਾਨ' ਬਾਰੇ ਆਮ ਹੀ ਵਿਆਪਕ ਰਾਏ ਇਸ ਦੇ ਕੇਵਲ ਵਿਰੁੱਧ ਹੀ ਨਹੀਂ ਸੀ ਸਗੋਂ ਇਹ ਸਵਾਲ ਸੁਣ ਕੇ ਹਰ ਕੋਈ ਹੈਰਾਨੀ ਅਤੇ ਅਚੰਭੇ ਨਾਲ ਮੂੰਹ ਵੱਲ ਵੇਖਦਾ ਸੀ ਕਿ 'ਕਿੱਡਾ ਅਹਿਮਕਾਨਾ ਸਵਾਲ ਹੈ।' ਬਲਕਿ ਬਹੁਤਿਆਂ ਨੇ ਤਾਂ ਮੋੜਵਾਂ ਜੁਆਬ ਦਿਤਾ ਕਿ ਇਹ ਤੁਸੀਂ ਬਾਹਰ ਰਹਿਣ ਵਾਲੇ ਹੀ ਹੋ, ਜੋ ਇਸ 'ਬੇ ਮਤਲਬ' ਅਤੇ 'ਬੇ-ਬੁਨਿਆਦ' ਹਵਾਈ ਕਿਲਿਆਂ ਦੀਆਂ ਗੱਲਾਂ ਕਰ ਰਹੇ ਹੋ। ਅਜਿਹੇ ਉਤਰ ਆਮ ਸਾਧਾਰਨ ਲੋਕਾਂ ਅਤੇ ਅਕਾਲੀ ਪਾਰਟੀ ਨਾਲ ਸੰਬੰਧਿਤ ਲੋਕਾਂ ਦੇ ਸਨ, ਕਮਿਊਨਿਸਟ ਵਿਚਾਰਾਂ ਨਾਲ ਸੰਬੰਧਿਤ ਲੋਕਾਂ ਨੂੰ ਇਸ ਵਿਸ਼ੇ ਉਪਰ ਅਜਿਹਾ ਸਵਾਲ ਕਰਨ ਦੀ ਲੋੜ ਹੀ ਨਹੀਂ ਸੀ ਕਿਉਂਕਿ ਉਨ੍ਹਾਂ ਦੇ ਵਿਚਾਰ ਦੇਸ਼ ਦੀ ਏਕਤਾ ਦੇ ਸਬੰਧ ਵਿਚ ਅਤੇ ਕੇਂਦਰ ਦੀਆਂ ਲੋਕ ਵਿਰੋਧੀ ਨੀਤੀਆਂ ਜੋ ਅਜਿਹੇ ਵਾਤਾਵਰਣ ਨੂੰ ਪੈਦਾ ਕਰਨ ਵਿਚ ਹਰ ਮੌਕਾ ਪੈਦਾ ਕਰਕੇ ਦੇਣ ਦੀ ਜ਼ਿੰਮੇਵਾਰ ਹੈ, ਆਮ ਜਾਣੇ ਜਾਂਦੇ ਹਨ। ਪੰਜਾਬ ਦੇ ਕਾਂਗਰਸੀਆਂ ਜਿਨ੍ਹਾਂ ਕਦੀ ਵੀ ਆਪਣੀਆਂ ਵਜ਼ੀਰੀਆਂ ਦੇ ਲਈ, ਕੇਂਦਰ ਦੀਆਂ ਵਿਤਕਰੇ ਵਾਲੀਆਂ ਅਤੇ ਬੇਇਨਸਾਫ਼ੀ ਦੀਆਂ ਪਾਲਸੀਆਂ ਦੀ ਵਿਰੋਧਤਾ ਨਹੀਂ ਕੀਤੀ। ਜਿਨ੍ਹਾਂ ਪੰਜਾਬ ਦੇ ਹੁਣ ਦੇ ਹਾਲਾਤ ਨੂੰ ਪੈਦਾ ਕਰਨ ਲਈ ਮੁਢ ਵਿਚ ਫਿਰਕੂ ਤੱਤਾਂ ਨੂੰ ਉਕਸਾਉਣ ਵਿਚ ਸਭ ਕੁਝ ਕੀਤਾ।

ਦੂਜੀ ਮੁਖ ਗੱਲ ਹਿੰਦੂ-ਸਿਖ ਸਬੰਧਾਂ ਬਾਰੇ ਹੈ। ਜਿਸ ਬਾਰੇ ਕੈਨੇਡਾ ਦੇ ਫਿਰਕੂ ਅਖ਼ਬਾਰ ਜਿਸ ਕਿਸਮ ਦਾ ਝੂਠਾ ਪਰਚਾਰ ਕਰ ਰਹੇ ਹਨ ਜਿਵੇਂ ਕਿਤੇ ਸੱਚ ਮੁੱਚ ਹੀ ਓਥੇ ਹਿੰਦੂ-ਸਿੱਖਾਂ ਵਿਚਕਾਰਾਂ ਆਮ ਹੀ ਫਿਰਕੂ ਨਫ਼ਰਤ ਅਤੇ ਵੈਰ-ਭਾਵ ਦਾ ਵਿਸਫੋਟਕ ਤਣਾਅ ਬਣਿਆ ਹੋਇਆ ਹੈ, ਵਾਲੀ ਉਥੇ ਕੋਈ ਗੱਲ ਵੀ ਦੇਖਣ ਅਤੇ ਜਾਨਣ ਵਿਚ ਨਹੀਂ ਆਈ। ਭਾਵੇਂ ਕਿ ਪੰਜਾਬ ਵਿਚ ਇਕ ਨਿੱਕਾ ਜਿਹਾ ਫਿਰਕੂ ਧੜਾ ਜਿਸਦੀ ਗਿਣਤੀ ਪੰਜ-ਸੱਤ ਹਜ਼ਾਰ ਤੋਂ ਵੱਧ ਅਨੁਮਾਨੀ ਨਹੀਂ ਜਾ ਸਕਦੀ, ਜਿਨ੍ਹਾਂ ਵਲੋਂ ਸਮੇਂ ਸਮੇਂ ਹਿੰਸਕ ਅਤੇ ਦਹਿਸ਼ਤਗਰਦੀ ਦੀਆਂ ਕਾਰਵਾਈਆਂ ਹੁੰਦੀਆਂ ਹਨ ਇਹ ਦਹਿਸ਼ਤਗਰਦੀ 1984 ਦੀਆਂ ਘਟਨਾਵਾਂ ਦੇ ਕਾਰਨ ਮਨਾਂ ਵਿਚ ਫਿਰਕੂ ਵੰਡ ਦੀਆਂ ਪਾੜਾ ਪਾਉਣ ਵਾਲੀਆਂ ਯਾਦਾਂ ਨੂੰ ਕਾਇਮ ਰੱਖਣ ਦੇ ਯਤਨ ਵਜੋਂ ਦੇਖੀਆਂ ਜਾ ਸਕਦੀਆਂ ਹਨ। ਫਿਰ ਵੀ ਆਮ ਹਿੰਦੂ, ਸਿੱਖਾਂ ਦੇ ਨਿੱਤ ਦੇ ਜੀਵਨ ਵਿਚ ਪਰਸਪਰ ਸਬੰਧ ਇੰਨੇ ਇਕ ਦੂਜੇ ਨਾਲ ਸੰਬੰਧਿਤ ਅਤੇ ਇਕ ਦੂਜੇ ਤੇ ਨਿਰਭਰ ਹਨ ਕਿ ਉਨ੍ਹਾਂ ਨੂੰ ਕਿਸੇ ਤਰ੍ਹਾਂ ਵੀ ਵੱਖਰਿਆਂ ਨਹੀਂ ਕੀਤਾ ਜਾ ਸਕਦਾ।

ਹਰਿਆਣੇ ਦੇ ਪਿੰਡਾਂ ਵਿਚ ਪੰਜਾਬੀ ਸਿੱਖ ਆਪਣੇ ਪੰਜਾਬੀ ਪਹਿਰਾਵਿਆਂ ਵਿਚ ਨਿਸਚਿੰਤ ਰੋਜ਼ਾਨਾ ਕੰਮਾਂ ਕਾਰਾਂ ਵਿਚ ਰੁਝੇ ਹੋਏ ਹਨ। ਤੁਸੀਂ ਕਿਸੇ ਬਜ਼ੁਰਗ ਨੂੰ ਮੋਢੇ ਡਾਂਗ ਰੱਖੀ ਮੱਝਾਂ ਚਾਰਦੇ ਨੂੰ ਆਪਣੇ ਖ਼ਿਆਲਾਂ ਵਿਚ ਨਿਸਚਿੰਤ ਟਹਿਲਦੇ ਨੂੰ ਦੇਖ ਸਕਦੇ ਹੋ। ਪੰਦਰਾਂ ਚੌਦਾਂ ਸਾਲਾਂ ਦੇ ਹਰਿਆਣਵੀ ਹਿੰਦੂ ਮੁੰਡੇ ਦੇ ਸਾਈਕਲ ਦੇ ਮਗਰ ਏਸੇ ਉਮਰ ਦੇ ਪੰਜਾਬੀ ਪੱਗ ਵਾਲੇ ਮੁੰਡੇ ਨੂੰ ਬੈਠੇ ਜਾਂਦੇ ਦੇਖਦੇ ਹੋ। ਟਰੈਕਟਰਾਂ ਦੀ ਮੁਰੰਮਤ ਕਰਵਾਉਂਦੇ, ਟਰੈਕਟਰ ਲਈ ਜਾਂਦੇ, ਖੇਤ ਨੂੰ ਰੋਟੀ ਲਈ ਜਾਂਦੀ ਪੰਜਾਬਣ ਬੁੱਢਾ ਜਾਂ ਮੁਟਿਆਰ ਨੂੰ ਇਕੱਲਿਆਂ ਦੇਖ ਸਕਦੇ ਹੋ। ਪਾਣੀਪਤ, ਸੋਨੀਪਤ, ਕਰਨਾਲ, ਪਿਪਲੀ, ਅੰਬਾਲੇ ਆਦਿ ਸ਼ਹਿਰਾਂ ਵਿਚ ਦੁਕਾਨਾਂ ਵਾਲਿਆਂ, ਰੇੜ੍ਹੀਆਂ ਵਾਲਿਆਂ, ਟਾਂਗਿਆਂ ਸਕੂਟਰਾਂ, ਟੈਂਪੂਆਂ, ਟਰੱਕਾਂ ਵਾਲੇ ਪੰਜਾਬੀਆਂ ਨੂੰ ਆਪਸ ਵਿਚ ਅਤੇ ਹਿੰਦੂ ਦੋਸਤਾਂ ਮਿੱਤਰਾਂ, ਨੌਕਰਾਂ ਜਾਂ ਮਾਲਕਾਂ ਨਾਲ ਗੱਲਾਂ-ਗੱਪਾਂ ਮਾਰਦਿਆਂ ਜਾਂ ਕੰਮੀਂ ਰੁਝਿਆਂ ਨੂੰ ਆਮ ਦੇਖ ਸਕਦੇ ਹੋ।

ਪੰਜਾਬ ਦੇ ਪਿੰਡਾਂ ਸ਼ਹਿਰਾਂ ਵਿਚ ਇਸੇ ਤਰ੍ਹਾਂ ਹੀ ਹਜ਼ਾਰਾਂ ਲੱਖਾਂ ਹਿੰਦੂਆਂ ਨੂੰ ਨਿਸਚਿੰਤ ਹਸਦਿਆਂ, ਕੰਮੀ ਰੁੱਝਿਆਂ, ਗੱਲਾਂ-ਗੱਪਾਂ ਮਾਰਦਿਆਂ, ਨੂੰ ਆਮ ਦੇਖ ਸਕਦੇ ਹੋ ਉਨ੍ਹਾਂ ਦੇ ਚਿਹਰਿਆਂ ਉਪਰ ਕਿਧਰੇ ਕਿਸੇ ਡਰ-ਸਹਿਮ ਦਾ ਨਾਂ - ਨਿਸ਼ਾਨ ਲੱਭਣਾ ਔਖਾ ਹੈ। ਹਾਂ ਕੁੱਝ ਬਿਜਨਿਸ ਮੈਨ ਹਿੰਦੂਆਂ ਨਾਲ ਗੱਲਾਂ ਕਰਕੇ ਉਨ੍ਹਾਂ ਦੇ ਮਨ ਦਾ ਡਰ ਜਾਣਨਾ ਮੁਸ਼ਕਲ ਨਹੀਂ ਹੈ। ਜਿਸਦਾ ਭਾਵ ਹੈ ਕਿ ਪੈਸੇ ਵਾਲੇ ਲੋਕ ਡਰਦੇ ਹਨ, ਉਹ ਕੇਵਲ ਹਿੰਦੂ ਹੀ ਨਹੀਂ ਉਹ ਸਿੱਖ ਹਨ ਭਾਵੇਂ ਉਹ ਪੰਜਾਬ ਵਿਚ ਹੀ ਰਹਿ ਰਹੇ ਹਨ। ਇਕ ਹਿੰਦੂ ਆੜ੍ਹਤੀਏ ਨੇ ਮੈਨੂੰ ਦੱਸਿਆ ਕਿ ਉਨ੍ਹਾਂ ਮਾੜੇ ਦਿਨਾਂ ਵਿਚ ਉਹ ਪਿੰਡ ਛਡਣ ਬਾਰੇ ਸੋਚ ਰਿਹਾ ਸੀ ਕਿ ਉਸ ਨੂੰ ਪਿੰਡ ਦੇ ਕਮਿਊਨਿਸਟ ਸਰਪੰਚ ਅਤੇ ਉਸ ਦੇ ਸਾਥੀ ਅੱਠ-ਦਸ ਕਾਮਰੇਡਾਂ ਨੇ ਆ ਕੇ ਹੌਂਸਲਾ ਦਿਤਾ ਅਤੇ ਉਸ ਦੀ ਰਾਖੀ ਲਈ ਯਕੀਨ ਦੁਆਇਆ। ਇਸ ਤਰ੍ਹਾਂ ਦੀਆਂ ਉਦਾਹਰਣਾਂ ਹਰਿਆਣੇ ਵਿਚ ਵੀ ਸੁਣਨ ਵਿਚ ਆਈਆਂ ਹਨ।

ਸੀ. ਪੀ. ਆਈ.(ਐਮ) ਵਲੋਂ ਇਕੱਲਿਆਂ ਅਤੇ ਸੀ. ਪੀ. ਆਈ ਨਾਲ ਸਾਂਝੇ ਤੌਰ ਉਪਰ ਪਿੰਡਾਂ ਵਿਚ ਫਿਰਕੂ ਸਦਭਾਵਨਾ ਲਈ ਜੋ ਕੰਮ ਕੀਤਾ ਗਿਆ ਜੋ ਜਲਸੇ ਜਲੂਸ ਕੀਤੇ ਗਏ ਉਸ ਨੇ ਅਨੇਕਾਂ ਅਕਾਲੀਆਂ ਨੂੰ ਵੀ ਸਦਭਾਵਨਾ ਲਈ ਪਰੇਰਿਆ। ਜਿਸ ਚੰਗੇ ਕੰਮ ਲਈ ਕਮਿਊਨਿਸਟਾਂ ਦੀ ਪਰਸੰਸਾ ਬਾਰੇ ਸ਼ਬਦ ਪੰਜਾਬ ਵਿਚ ਹਿੰਦੂਆਂ ਅਤੇ ਹਰਿਆਣੇ ਵਿਚ ਸਿੱਖਾਂ ਤੋਂ ਸੁਣਨ ਦਾ ਮੌਕਾ ਮਿਲਿਆ, ਉਹ ਇਥੋਂ ਦੇ ਦਾਗੀ ਜ਼ਮੀਰ ਵਾਲਿਆਂ ਅਖ਼ਬਾਰ ਨਵੀਸਾਂ ਲਈ ਫਿਟਕਾਰ ਤੋਂ ਘੱਟ ਨਹੀਂ ਹੈ ਜੋ ਪੰਜਾਬ ਵਿਚ 'ਕਮਿਊਨਿਸਟ ਹੋਣਾ ਗਾਲ ਵਾਂਗ' ਦੇ ਝੂਠੇ ਗੁਬਾਰੇ ਛੱਡਕੇ ਕੇ, ਆਪਣੇ ਮਨ ਦੀ ਨਫ਼ਰਤ ਨੂੰ ਨਪੁੰਸਕਾਂ ਵਾਂਗ ਤਰਿਪਤ ਕਰਨ ਦੇ ਆਹਰ ਵਿਚ ਸਨ। ਇਸ ਦੇ ਉਲਟ ਪੰਜਾਬ ਦੇ ਕਮਿਊਨਿਸਟ ਗੈਰਮਨੁੱਖੀ ਫਿਰਕੂ ਗਰਾਂਟਾ ਦੇ ਝਖੜਾਂ ਦਾ ਮੁਕਾਬਲਾ ਕਰਦੇ ਹੋਏ, ਪੰਜਾਬ ਦੇ ਲੋਕਾਂ ਵਿਚ ਆਪਸੀ ਮਿਲਵਰਤਣ ਅਤੇ ਸਦਭਾਵਨਾ ਦਾ ਪਰਚਾਰ ਕਰਦੇ ਹੋਏ ਛਾਤੀਆਂ ਤਾਣਕੇ ਇਸ ਕਾਰਜ ਵਿਚ ਜੁਟੇ ਰਹੇ ਹਨ।

ਜਿਹੜੇ ਬਾਈਕਾਟ ਦਾ ਝੰਡਾ ਚੁੱਕੀ ਫਿਰਦੇ ਸਨ, ਲੋਕਾਂ ਉਨ੍ਹਾਂ ਨੂੰ ਨੱਕ ਪੂੰਝ ਕੇ ਸੁੱਟਣ ਵਾਂਗ ਵਗਾਹ ਮਾਰਿਆ। ਕਮਿਊਨਿਸਟਾਂ ਨੂੰ ਸਾਢੇ ਅੱਠ ਲੱਖ ਲੋਕਾਂ ਨੇ ਵੋਟਾਂ ਪਾਈਆਂ। ਇਹ ਸਾਢੇ ਅੱਠ ਲੱਖ ਇਕ ਜੁਝਾਰੂ ਜਮਹੂਰੀ ਫੌਜ ਦਾ ਰੂਪ ਹੀ ਹਨ ਬਾਈਕਾਟੀਆਂ ਦੇ ਆਗੂ ਬਾਬਾ ਜੁਗਿੰਦਰ ਸਿੰਘ ਅਤੇ ਜਗਦੇਵ ਸਿੰਘ ਤਲਵੰਡੀ ਅੱਜ ਕੱਲ੍ਹ ਆਪੋ ਆਪਣੇ ਪਿੰਡਾਂ ਵਿਚ ਕੰਧ ਨਾਲ ਢੋਅ ਲਾ ਕੇ ਚੜ੍ਹਦੀ ਧੁੱਪ ਸੇਕਦੇ ਹਨ। ਪਰੰਤੂ ਪੰਜਾਬ ਦੇ ਲੋਕ ਭੈੜੇ ਦਿਨਾਂ ਦੇ ਕਾਲੇ ਪਰਛਾਵੇਂ ਤੋਂ ਦੂਰ ਹਟਣ ਦੇ ਲਈ ਯਤਨਸ਼ੀਲ ਹਨ।

(ਬਾਕੀ ਅਗਲੇ ਅੰਕ ਵਿਚ)

ਪੋਪ ਦੀ ਪ੍ਰਾਰਥਨਾ ਸਭਾ ਪਿਛੋਂ ਇੰਦਰਾ ਗਾਂਧੀ ਸਟੇਡੀਅਮ 'ਚ ਧਮਾਕੇ ਕਾਰਨ ਦਹਿਸ਼ਤ

ਨਵੀਂ ਦਿੱਲੀ — ਪੋਪ ਪਾਲ ਜੌਹਨ ਦੂਸਰੇ ਨੇ ਇਥੇ ਇੰਦਰਾ ਗਾਂਧੀ ਸਟੇਡੀਅਮ ਵਿਖੇ ਪ੍ਰਾਰਥਨਾ ਸਭਾ ਕੀਤੀ ਅਤੇ ਲੋਕਾਂ ਨੂੰ ਆਪਣੇ ਦਿਲ ਪਰੇਮ ਅਤੇ ਸ਼ਾਂਤੀ ਨਾਲ ਭਰਨ ਦੀ ਅਪੀਲ ਕੀਤੀ। ਜਦ ਪੋਪ 'ਮਾਸ' ਮਨਾਉਣ ਲਈ ਖੱਚਾਖਚ ਭਰੇ ਹੋਏ ਸਟੇਡੀਅਮ ਵਿਚ ਦਾਖਲ ਹੋਏ ਤਾਂ ਲੋਕਾਂ ਨੇ ਜ਼ੋਰਦਾਰ ਤਾੜੀਆਂ ਨਾਲ ਉਨ੍ਹਾਂ ਦਾ ਸਵਾਗਤ ਕੀਤਾ। ਇਸ ਧਾਰਮਕ ਸਮਾਗਮ ਵਿਚ ਦਿੱਲੀ, ਆਗਰਾ ਅਤੇ ਹੋਰ ਥਾਵਾਂ ਤੋਂ 400 ਦੇ ਕਰੀਬ ਪਾਦਰੀਆਂ ਨੇ ਭਾਗ ਲਿਆ। ਆਗਰਾ ਦੇ ਲਾਟ ਪਾਦਰੀ ਨੇ ਪੋਪ ਦਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਏਕਤਾ ਦੇ ਪ੍ਰਤੀਕ ਕਰਾਰ ਦਿਤਾ। ਪ੍ਰਾਰਥਨਾ ਸਭਾ ਦੇ ਬਾਅਦ ਜਦ ਪੋਪ ਚਲੇ ਗਏ ਤਾਂ ਤੁਰੰਤ ਪਿਛੋਂ ਇਕ ਧਮਾਕਾ ਹੋਣ ਕਾਰਨ ਉਥੇ ਦਹਿਸ਼ਤ ਫੈਲ ਗਈ। ਪੁਲਸ ਅਨੁਸਾਰ ਧਮਾਕਾ ਇਕ ਪਟਾਕੇ ਦਾ ਸੀ ਜੋ ਚਾਈ ਇੰਚ ਆਕਾਰ ਦਾ ਸੀ ਜਿਸ ਨਾਲ ਕੋਈ ਹਾਨੀ ਨਾ ਹੋਈ। ਪੁਲਸ ਅਨੁਸਾਰ ਕਿਸੇ ਵਿਅਕਤੀ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ। ਹੋਰ ਸੂਚਨਾ ਅਨੁਸਾਰ ਪੋਪ ਜੌਹਨ ਪਾਲ ਦੂਸਰੇ ਅਤੇ ਤਿਬਤੀ ਧਾਰਮਕ ਆਗੂ ਦਲਾਈਲਾਮਾ ਨੇ ਇਥੇ ਇਕ ਮੀਟਿੰਗ ਕੀਤੀ। ਦੋਵਾਂ ਨੇ ਧਾਰਮਕ ਮਾਮਲੇ ਅਤੇ ਤਿਬਤ ਦੀ ਸਥਿਤੀ ਉਤੇ ਵਿਚਾਰ ਕੀਤਾ। 20 ਮਿੰਟ ਦੀ ਮੀਟਿੰਗ ਪਿਛੋਂ ਪੋਪ ਨੇ ਕਿਹਾ ਕਿ ਉਨ੍ਹਾਂ ਦਲਾਈਲਾਮਾ ਦੇ ਦਰਸ਼ਨਾਂ ਦੁਆਰਾ ਹੀ ਤਿਬਤ ਯਾਤਰਾ ਕਰ ਲਈ। ਦਲਾਈਲਾਮਾ ਨੇ ਪੋਪ ਨੂੰ ਆਪਣੀ ਨਵੀਂ ਪੁਸਤਕ 'ਨਵੀਂ ਚੇਤਨਾ ਦੀ ਅੱਖ ਖੁਲਣਾ' ਭੇਟ ਕੀਤੀ। ਇਸ ਤੋਂ ਪਹਿਲਾਂ ਦੋਵਾਂ ਆਗੂਆਂ ਨੇ 1980 ਅਤੇ 1982 ਵਿਚ ਰੋਮ ਵਿਖੇ ਮੀਟਿੰਗਾਂ ਕੀਤੀਆਂ ਸਨ।

ਭਾਵੇਂ ਸਾਡੀ ਕਿਸ਼ਤੀ ਡੁੱਬੀ ਕੰਢਿਆਂ ਤੇ,
ਇਹ ਵੀ ਸਾਜ਼ਸ਼ ਲਗਦੀ ਹੈ ਮੰਝਧਾਰਾਂ ਦੀ।

ਰੇਲਵੇ ਸਿਪਾਹੀ ਗ੍ਰਿਫ਼ਤਾਰ

ਮੋਗਾ, [illegible] -(ਪੱਤਰ ਪ੍ਰੇਰਕ) ਮੋਗਾ ਸਿਟੀ ਪੁਲਸ ਨੇ ਬਾਤ ਦਿਨ ਮੋਗਾ ਰੇਲਵੇ ਸਟੇਸ਼ਨ ਤੇ ਤਾਇਨਾਤ ਸਰਕਾਰੀ ਰੇਲਵੇ ਪੁਲਸ ਦੇ ਇਕ ਸਿਪਾਹੀ ਨੂੰ ਇਕ ਹਟੀਜਨ ਲੜਕੀ ਨਾਲ ਕਥਿਤ ਤੌਰ ਤੇ ਛੇੜਖਾਨੀ ਕਰਨ ਦੇ ਦੋਸ਼ ਵਿਚ ਧਾਰਾ 352 ਅਧੀਨ ਗ੍ਰਿਫ਼ਤਾਰ ਕਰ ਲਿਆ। ਪੁਲਸ ਅਨੁਸਾਰ ਇਹ ਗ੍ਰਿਫ਼ਤਾਰੀ ਕੁਝ ਹਰੀਜਨ ਪਰਿਵਾਰਾਂ ਦੁਆਰਾ ਦਰਜ ਕਰਾਈ ਸ਼ਿਕਾਇਤ ਦੇ ਆਧਾਰ ਕੇ ਤੇ ਕੀਤੀ ਗਈ ਹੈ।

ਤੁਹਾਡੀ ਸਿਹਤ—
ਛਾਤੀ ਵਿਚ ਗਿਲਟੀਆਂ

—ਡਾ: ਗੁਰਚਰਨ ਸਿੰਘ ਮੋਹੇ—

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਇਲਾਜ — ਇਲਾਜ ਪ੍ਰਕਿਰਤਕ ਪ੍ਰਣਾਲੀ ਨਾਲ ਅਤੇ ਹੋਮਿਓਪੈਥਿਕ ਦਵਾ-ਪ੍ਰਣਾਲੀ ਦੋਹਾਂ ਨਾਲ ਹੋ ਸਕਦਾ ਹੈ। ਸਾਧਾਰਣ ਗਿਲ੍ਹਟੀਆਂ ਦਾ ਸਾਧਾਰਣ ਇਲਾਜ ਤਾਂ ਪਾਣੀ ਜਾਂ ਇੱਟ ਨਾਲ ਸੇਕ ਦੇਣ ਨਾਲ ਵੀ ਹੋ ਜਾਂਦਾ ਹੈ। ਜੇ ਇਹ ਨਾ ਕਰ ਸਕੋ ਤਾਂ ਹੋਮਿਓਪੈਥੀ ਦੀ ਦਵਾਈ — ਕਲਕੇਰੀਆ ਫਲੋਰ 200/1000 ਦੀ ਇਕ ਖੁਰਾਕ ਇਕ ਦੋ ਦਿਨਾਂ ਵਿਚ ਗਿਲ੍ਹਟੀ ਖਤਮ ਕਰ ਦਿੰਦੀ ਹੈ। ਮੈਂ ਇਸ ਇਕੱਲੀ ਦਵਾਈ ਦਾ ਕ੍ਰਿਸ਼ਮਾ ਦੁੱਧ ਚੁੰਘਾਉਂਦੀਆਂ ਇਸਤਰੀਆਂ ਦੇ ਸੱਟ ਨਾਲ ਉਤਪੰਨ ਗਿਲ੍ਹਟੀਆਂ, ਦੁੱਧੀਆਂ ਨੂੰ ਪਈ ਖਿੱਚ ਨਾਲ ਉਪਜੀਆਂ ਗਿਲ੍ਹਟੀਆਂ ਅਤੇ ਉਠਦੀਆਂ ਦੁੱਧੀਆਂ ਵਿਚ ਸਖਤ ਦਰਦੀਲੀਆਂ ਗਿਲ੍ਹਟੀਆਂ ਸਬੰਧੀ ਦੇਖ ਚੁੱਕਾ ਹਾਂ। ਇਸ ਨੇ ਮੈਨੂੰ ਕਿਤੇ ਧੋਖਾ ਨਹੀਂ ਦਿਤਾ। ਸ਼ਰਤ ਸਿਰਫ ਇਕ ਹੈ ਕਿ ਉਹ ਸਖਤ ਹੋਣ। ਇਸ ਤੋਂ ਬਿਨਾਂ ਬੀਮਾਰੀ ਹਾਲੇ ਸਾਧਾਰਣਤਾ ਦੀ ਹੱਦ ਨਾ ਲੰਘੀ ਹੋਵੇ ਅਤੇ ਸਰੀਰ ਦੀ ਹੋਰ ਮਹੱਤਵਪੂਰਨ ਕਾਰਜ-ਪ੍ਰਣਾਲੀ ਮਜ਼ਬੂਤ ਹੋਵੇ ਭਾਵ ਮਰੀਜ ਜੋ ਖਾਂਦਾ ਹੋਵੇ ਉਹ ਪੂਰੀ ਤਰ੍ਹਾਂ ਹਜ਼ਮ ਕਰਦਾ ਹੋਵੇ ਅਤੇ ਮਾਹਵਾਰੀ ਆਦਿਕ ਦੇ ਗੰਭੀਰ ਬਦਲ-ਪ੍ਰਭਾਵ ਨਾ ਹੋਣ। ਨਰਮ ਪ੍ਰਕਾਰ ਦੀਆਂ ਗਿਲ੍ਹਟੀਆਂ ਲਈ ਸਪਾਂਜੀਆ ਟੋਸਟਾ 30/200 ਲਾਭਕਾਰੀ ਸਿੱਧ ਹੋਈ ਹੈ। ਪਰ ਸਮੱਸਿਆ ਓਦੋਂ ਪੈਦਾ ਹੁੰਦੀ ਹੈ ਜਦੋਂ ਮਰਜ਼ ਅਸਾਧਾਰਣ ਹੋਵੇ।

ਇਥੇ ਇਹ ਗੱਲ ਸਮਝਣੀ ਬਹੁਤ ਜ਼ਰੂਰੀ ਹੈ ਕਿ ਬੀਮਾਰੀ ਦੀਆਂ ਜੜ੍ਹਾਂ ਭਾਵੇਂ ਪ੍ਰਵਾਰਕ ਇਤਿਹਾਸ ਵਿਚ (ਵਿਰਸੇ ਵਿਚ) ਪਈਆਂ ਹੋਣ, ਪਰ ਉਹ ਬੀਮਾਰੀ ਜੰਮਦਿਆਂ ਤਾਂ ਨਹੀਂ ਹੋ ਗਈ। ਜਿਹੜੀ ਵੀ ਬੀਮਾਰੀ ਚਿੰਨ੍ਹ, ਸ਼ੁਰੂ ਤੋਂ ਪੇਸ਼ ਆਉਂਦੇ ਰਹੇ, ਜੇ ਉਹ ਮਾਤਾ ਪਿਤਾ ਦੇ ਜੀਵਨ ਵਿਚ ਆਈਆਂ ਬੀਮਾਰੀਆਂ ਦੇ ਚਿਨ੍ਹਾਂ ਨਾਲ ਮਿਲਦੇ ਜੁਲਦੇ ਹੋਣ, ਤਾਂ ਉਹਨਾਂ ਦਾ ਆਰੰਭ ਤੋਂ ਹੀ ਠੀਕ ਸਮਝ-ਬੂਝ ਨਾਲ ਵਿਰਾਸਤ ਦਰਸਾ ਕੇ, ਇਲਾਜ ਕਰਵਾ ਕੇ, ਮਗਰੋਂ ਹੋਣ ਵਾਲੀ ਅਸਾਧਾਰਣ ਬੀਮਾਰੀ ਤੋਂ ਬਚਿਆ ਜਾ ਸਕਦਾ ਹੈ। ਪਰ ਅਸਾਧਾਰਣ ਸਥਿਤੀ ਉਪਜਦੀ ਹੀ ਤਾਂ ਹੈ ਜਦੋਂ ਅਸੀਂ ਅਣਗਹਿਲੀ ਕਰਕੇ, ਆਪਣੇ ਆਪ ਨੂੰ ਵੀ ਨਹੀਂ ਸਮਝਣ ਦਾ ਯਤਨ ਕਰਦੇ ਬੱਚਿਆਂ ਨੂੰ ਸਮਝਣਾ ਤਾਂ ਇਕ ਪਾਸੇ ਰਿਹਾ। ਇਸ ਕਰਕੇ ਮਗਰੋਂ ਜਾ ਕੇ ਵਿਕਸਿਤ ਹੋਣ ਵਾਲੀ ਬੀਮਾਰੀ ਨੂੰ ਪ੍ਰਕ੍ਰਿਤਕ ਸਮਝ ਬੂਝ ਰਾਹੀਂ, ਉਤੇਜਕ ਕਾਰਣ ਪ੍ਰਦਾਨ ਨਾ ਕਰਕੇ, ਟਾਲਿਆ ਜਾ ਸਕਦਾ ਹੈ। ਤੁਸੀਂ ਕਹੋਗੇ ਉਹ ਕਿਵੇਂ? ਆਓ, ਇਸ ਬਾਰੇ ਵੀ ਵਿਚਾਰ ਕਰ ਲਈਏ।

ਅਸੀਂ ਜੋ ਖਾਂਦੇ ਹਾਂ, ਜੋ ਚਾਹੁੰਦੇ ਹਾਂ, ਜੋ ਪਸੰਦ ਕਰਦੇ ਜੋ ਨਾ ਪਸੰਦ ਕਰਦੇ ਹਾਂ, ਜੋ ਸੋਚਦੇ ਹਾਂ, ਸਾਰੇ ਕੁੱਝ ਦਾ ਸਾਡੇ ਜੱਦੀ ਸੁਭਾਅ ਨਾਲ ਘਨਿਸ਼ਟ ਸਬੰਧ ਹੁੰਦਾ ਹੈ। ਸਿਗਰਟ, ਸ਼ਰਾਬ, ਮਾਸ, ਮਿਟੀ ਆਦਿ ਦਾ ਸੇਵਨ ਅਤੇ ਇਹਨਾਂ ਦੀ ਵਧੇਰੇ ਇੱਛਾ ਮਨੁੱਖੀ ਸਰੀਰ ਵਿਚ ਪਏ ਕਿਸੇ ਗੰਭੀਰ ਵਿਰਾਸਤੀ ਮਾਦੇ ਦੇ ਚਿੰਨ੍ਹ ਹਨ। ਇਹਨਾਂ ਦਾ ਇਲਾਜ ਕਰਨ ਦੀ ਥਾਂ ਇਹਨਾਂ ਨੂੰ ਅਪਨਾ ਲੈਣਾ, ਬੀਮਾਰੀ ਦੇ ਉਜਾਗਰ ਕਰਨ ਵਲ ਇਕ ਉਕਸਾਊ ਕਦਮ ਹੈ। ਬੀਮਾਰੀ ਜੰਮਦਿਆਂ ਨਹੀਂ ਲੱਗੀ। ਕਾਰਣ ਇਹ ਕਿ ਉਕਸਾਊ ਕਾਰਣ ਉਸਨੂੰ ਨਹੀਂ ਮਿਲਿਆ। ਪਰ ਅਣਗਹਿਲੀ ਜਾਂ ਅਗਿਆਨ-ਵੱਸ ਜਦੋਂ ਕੋਈ ਆਪਣੀਆਂ ਅੰਦਰਲੀਆਂ ਮੰਗਾਂ ਦਾ ਸ਼ਿਕਾਰ ਹੋ ਜਾਂਦਾ ਹੈ ਤਾਂ ਕੁਝ ਸਮੇਂ ਮਗਰੋਂ ਅਸਾਧਾਰਣ ਚਿੰਨ੍ਹ ਉਤਪਨ ਹੋ ਸਕਦੇ ਹਨ। ਮਾਂ ਬਾਪ ਦੀ ਬੱਚਿਆਂ ਨਾਲ ਕੋਈ ਸੰਚਾਰ-ਸਥਾਪਨਾ ਜਾਂ ਸਾਂਝ ਨਹੀਂ ਜਦੋਂ ਡਾਕਟਰ ਪੁੱਛਦਾ ਹੈ ਕਿ ਤੁਹਾਡੇ ਮਾਂ ਬਾਪ ਨੂੰ ਕੀ ਕੀ ਤਕਲੀਫਾਂ ਹੋਈਆ? ਤਾਂ ਉਤਰ ਵਿਚ ਖੰਘ, ਜ਼ੁਕਾਮ, ਬੁਖਾਰ, ਅਤੇ ਟੀ. ਬੀ. ਤੱਕ ਦਾ ਹੀ ਪਤਾ ਲਗਦਾ ਹੈ। ਜਿਣਸੀ ਬੀਮਾਰੀਆਂ ਦਾ ਉਕਾ ਹੀ ਪਤਾ ਨਹੀਂ ਹੁੰਦਾ। ਫੇਰ ਬੱਚਿਆਂ ਨੂੰ ਇਸ ਪ੍ਰਕਾਰ ਦਾ ਸਾਹਿਤ ਜਾਂ ਵਿਦਿਆ ਹੀ ਪ੍ਰਾਪਤ ਨਹੀਂ ਹੈ ਕਿ ਉਹ ਜਾਣ ਸਕਣ ਕਿ ਸਰੀਰ ਦੀ ਸੁਭਾਵਕ ਪ੍ਰਕਿਰਿਆ ਕੀ ਹੈ ਅਤੇ ਕੀ ਨਹੀਂ। ਅਤੇ ਕਿਸ ਮੰਗ ਪ੍ਰਤੀ ਉਹਨਾਂ ਦਾ ਕੀ ਰਵੱਈਆ ਹੋਣਾ ਚਾਹੀਦਾ ਹੈ ਅਤੇ ਉਸ ਦੇ ਕੀ ਅਰਥ ਹਨ? ਅਸਲੀਅਤ ਤਾਂ ਇਹ ਹੈ ਕਿ ਬੱਚੇ ਨੂੰ ਮਾਪੇ ਜੋ ਕੁਝ ਬਣਾਉਣਾ ਚਾਹੁੰਦੇ ਹਨ ਉਹ ਬਣ ਜਾਂਦਾ ਹੈ। ਜੇ ਉਹ ਉਸ ਨੂੰ ਮਾਸਾਹਾਰੀ ਬਣਾਉਣਾ ਚਾਹੁਣ ਤਾਂ ਮਾਸਾਹਾਰੀ ਤੇ ਘਾਸਾਹਾਰੀ ਜਾਂ ਸ਼ਾਕਾਹਾਰੀ ਹੋਣ ਤਾਂ ਵੈਸ਼ਨੋ ਸੰਸਕਾਰ ਦੇ ਦਿੰਦੇ ਹਨ। ਬਹੁਤ ਘੱਟ ਬੱਚੇ ਆਪਣੀ ਮਰਜ਼ੀ ਮੁਤਾਬਕ ਮਾਪਿਆਂ ਦੇ ਦਿਤੇ ਸੰਸਕਾਰ ਵਿਰੁਧ, ਖਾਣ ਪੀਣ, ਰਹਿਣ ਸਹਿਣ, ਧਰਮ ਤੇ ਸੰਸਕ੍ਰਿਤੀ ਵਿਚ ਆਪਣਾ ਰਵੱਈਆ ਅਖਤਿਆਰ ਕਰਦੇ ਹਨ।

ਪ੍ਰਕ੍ਰਿਤਕ ਇਲਾਜ ਅਨੁਸਾਰ ਜੇ ਮਨੁੱਖ ਨੂੰ ਲੋੜੀਂਦੀ ਧੁੱਪ, ਹਵਾ, ਗਰਮੀ, ਠੰਢ, ਪਾਣੀ, ਖਣਿਜ ਪਦਾਰਥ, ਚਰਬੀ-ਤੱਤ, ਵਿਟਾਮਿਨ ਮਿਲਦੇ ਰਹਿਣ ਤਾਂ ਉਹ ਕਦੇ ਬੀਮਾਰੀ ਨਹੀਂ ਹੋ ਸਕਦਾ। ਬੀਮਾਰੀ ਤਾਂ ਉਤੇਜਕ ਕਾਰਣ ਜਾਂ ਤਾਂ ਗੈਰ-ਜ਼ਰੂਰੀ ਵਸਤਾਂ ਦਾ ਸੇਵਨ ਹੁੰਦਾ ਹੈ ਜਾਂ ਲੋੜ ਤੋਂ ਵੱਧ ਸੇਵਨ ਜਾਂ ਲੋੜ ਤੋਂ ਘੱਟ ਸੇਵਨ ਹੋ ਸਕਦਾ ਹੈ। ਪ੍ਰਕਿਰਤੀ ਨਾਲ ਇਕਸੁਰਤਾ ਤਾਂ ਹੀ ਉਪਜ ਸਕਦੀ ਹੈ ਜੇ ਅਸੀਂ ਪਹਿਲਾਂ ਆਤਮ-ਅਧਿਅਨ ਕਰੀਏ। ਇਸ ਤੋਂ ਮਗਰੋਂ ਉਹਨਾਂ ਲੋੜਾਂ ਦਾ ਜਿਹੜੀਆਂ ਸਾਡੀਆਂ ਬੁਨਿਆਦੀ ਅਤੇ ਸਰੀਰਕ ਹਨ। ਉਹਨਾਂ ਦੀ ਸੁਭਾਵਿਕ ਤ੍ਰਿਪਤੀ ਨਾਲ ਕੋਈ ਬੀਮਾਰੀ ਉਤਪਨ ਨਹੀਂ ਹੋ ਸਕਦੀ। ਬੀਮਾਰੀ ਅਯੋਗ ਤ੍ਰਿਪਤੀ-ਸਾਧਨਾਂ ਨਾਲ ਹੀ ਪੈਦਾ ਹੁੰਦੀ ਹੈ। ਪ੍ਰਕ੍ਰਿਤਕ ਤੌਰ 'ਤੇ ਮਾਸਾਹਾਰੀ ਜਾਨਵਰਾਂ ਦੇ ਦੰਦ ਅੰਦਰ ਨੂੰ ਮੁੜੇ ਹੁੰਦੇ ਹਨ। ਪਰ ਸ਼ਾਕਾਹਾਰੀਆਂ ਦੇ ਸਿੱਧੇ ਜਾਂ ਬਾਹਰ ਨੂੰ ਉਭਰੇ ਹੋਏ। ਮਨੁੱਖ ਦੇ ਦੰਦ ਸ਼ੇਰ ਜਾਂ ਚੀਤੇ ਵਾਂਗ ਮਾਸ ਖਾਣ ਲਈ ਨਹੀਂ ਬਣੇ। ਪਰ ਮਨੁੱਖ ਖਾਈ ਜਾਂਦਾ ਹੈ, ਚਲੋ ਰਿੰਨ੍ਹ ਕੇ ਸਹੀ, ਕਿਉਂਕਿ ਉਸਦੇ ਵਿਰਸੇ ਵਿਚ ਇਹ ਕੁਝ ਹੁੰਦਾ ਰਿਹਾ ਹੈ। ਪਰ ਉਸ ਨੇ ਆਪਣਾ ਕੁਝ ਨਾ ਵਿਕਸਿਤ ਕੀਤਾ ਫੇਰ ਬਿਨਾਂ ਸਮਝ ਅਤੇ ਦੇਖਾ ਦੇਖੀ ਖਾਣ ਦਾ ਨਤੀਜਾ ਤਾਂ ਏਹੀ ਨਿਕਲ ਸਕਦਾ ਹੈ ਬੀਮਾਰੀਆਂ ਤਾਂ ਹੋਣੀਆਂ ਹੀ ਹੋਈਆਂ। ਇਸੇ ਤਰ੍ਹਾਂ ਹੋਰ ਬਹੁਤ ਸਾਰੀਆਂ ਮੱਦਾਂ ਹਨ—ਸ਼ਰਾਬ, ਤਮਾਖੂੰ ਆਦਿਕ। ਇਹਨਾਂ ਦੇ ਅਰਥ ਵੀ ਮਨੁੱਖ ਦੀ ਬਣਤਰ ਨਾਲ ਜੁੜੇ ਹੋਏ ਹਨ। ਇਸ ਦਾ ਜ਼ਿਕਰ ਆਪਾਂ ਇਹਨਾਂ ਦੀ ਯੋਗ ਥਾਂ ਤੇ ਕਰਾਂਗੇ।

ਗਿਲ੍ਹਟੀਆਂ ਦਾ ਇਲਾਜ, ਸਿਰਫ ਸਾਧਾਰਣ ਤੋਂ ਸਾਧਾਰਣ ਪ੍ਰਕਿਰਤਕ ਖੁਰਾਕ ਅਪਨਾਉਣ ਨਾਲ ਜਿਸ ਵਿਚ ਵਧੇ ਰੇ ਹਰੀਆਂ ਸਬਜ਼ੀਆਂ, ਤਾਜਾ ਫਲ, ਬਿਨਾਂ ਰਿੜੇ ਅਨਾਜ, ਪੁੰਗਰੀਆਂ ਦਾਲਾਂ, ਮੋਟਾ ਬੂਰੇ ਸਮੇਤ ਬਹੁਤ ਘੱਟ ਆਟਾ, ਫਲ ਅਤੇ ਫਲਾਂ ਦੇ ਰਸਾਂ ਨੂੰ ਅਪਨਾ ਕੇ, ਬਿਨਾਂ ਅਪਰੇਸ਼ਨ ਸਦੀਵੀ ਤੌਰ 'ਤੇ ਕੀਤਾ ਜਾ ਸਕਦਾ ਹੈ। ਕਿਹਾ ਜਾਂਦਾ ਹੈ ਕਿ ਅਸਾਧਾਰਣ ਗਿਲ੍ਹਟੀ ਦਾ ਉਪਰੇਸ਼ਨ ਅੰਤ ਨਸਦੀਕ ਲਿਆਂਉਂਦੇ ਬਿਨਾਂ ਅਪਰੇਸ਼ਨ ਦੇ ਗਿਲ੍ਹਟੀਆਂ ਸਹਿਤ ਵੀ ਵਧੇਰੇ ਸਮਾਂ ਜਿਉਂ ਸਕਦੇ ਹਾਂ। ਇਸ ਕਰਕੇ ਮੇਰੀ ਮੱਤੇ, ਅਪਰੇਸ਼ਨ ਸੱਪ ਨੂੰ ਪਟਾਰੀ ਵਿਚ ਬੰਦ ਕਰਨ ਵਾਲੀ ਗੱਲ ਹੈ। ਉਸ ਦਾ ਜ਼ਹਿਰ ਕੱਢ ਕੇ ਉਸ ਤੋਂ ਡੰਗੇ ਜਾਣ ਦੇ ਸਦੀਵੀ ਖਤਰੇ ਤੋਂ ਬਚਣ ਦੀ ਗੱਲ ਨਹੀਂ ਪ੍ਰਦਾਨ ਕਰਦਾ। ਸੋ, ਇਸ ਦੇ ਨਾਲ ਨਾਲ ਸਵੇਰੇ ਸ਼ਾਮ ਚੰਗੀ ਲੰਬੀ ਸੈਰ ਕਰਨਾ, ਤਾਜ਼ਾ ਹਵਾ ਵਿਚ ਲੰਬੇ ਲੰਬੇ ਸਾਹ ਲੈਣਾ, ਧੁੱਪ ਸੇਕਣਾ, ਸਰੀਰ ਨੂੰ ਪਸੀਨਾ ਲਿਆਉਣਾ ਸਰੀਰ ਨੂੰ ਤੰਦਰੁਸਤ ਰੱਖਣ ਲਈ ਹੀ ਨਹੀਂ, ਸਗੋਂ ਤੰਦਰੁਸਤ ਬਣਾਉਣ ਲਈ ਵੀ ਲਾਭਦਾਇਕ ਹੈ। ਇਸ ਨਾਲ ਗਰਮ ਤੇ ਠੰਢੇ ਪਾਣੀ ਦੇ ਪੋਕ ਵੀ ਲਾਭਦਾਇਕ ਹੋ ਸਕਦੇ ਹਨ।

ਜਿਹੜੇ ਲੋਕੀ ਉਪਰੰਤ ਪ੍ਰਕਿਰਤਕ ਪ੍ਰਣਾਲੀ ਨੂੰ ਪੂਰੀ ਤਰ੍ਹਾਂ ਨਹੀਂ ਅਪਨਾ ਸਕਦੇ ਉਹ ਹੋਮਿਓਪੈਥਕ ਦਵਾਈਆਂ ਵਰਤ ਸਕਦੇ ਹਨ। ਪਰ ਯਾਦ ਰੱਖਣ ਕਿ ਉਹਨਾਂ ਨੂੰ ਦਵਾਈਆਂ ਨਾਲ ਠੀਕ ਹੋਣ ਮਗਰੋਂ ਵੀ ਜੀਵਨ ਦਾ ਤੌਰ ਤਰੀਕਾ ਪ੍ਰਕਿਰਤਕ ਜੀਵਨ-ਪੱਧਤੀ ਉਤੇ ਢਾਲਣਾ ਪਵੇਗਾ ਨਹੀਂ ਤਾਂ ਉਹ ਕਦੇ ਵੀ ਕਿਸੇ ਨਾ ਕਿਸੇ ਨਾਮੁਰਾਦ ਬੀਮਾਰੀ ਦਾ ਸ਼ਿਕਾਰ ਹੋ ਸਕਦੇ ਹਨ।

ਮੁਖ ਦਵਾਈਆਂ ਇਸ ਪ੍ਰਕਾਰ ਹਨ: ਹੱਡੀਆਂ ਨਾਲ ਸੰਬੰਧਿਤ ਅਤੇ ਸਖਤ ਪ੍ਰਕਾਰ ਦੀਆਂ ਗਿਲ੍ਹਟੀਆਂ ਲਈ—ਕਲਕੇਰੀਆ ਫਲੋਰ 200/1000, ਅਤੇ ਫਲੋਰਿਕ ਏਸਿਡ 30/200/1000, ਦੁੱਧੀਆਂ ਵਿਚ ਹਿੱਲਦੀਆਂ ਗਿਲ੍ਹਟੀਆਂ ਲਈ — ਕਾਰਬੋ ਐਨੀਮਲਿਸ 30/200, ਅਸਟ੍ਰੇਆਸਿਸ 30/200, ਖੂੰਨੀ, ਵਗਦੀਆਂ ਗਿਲ੍ਹਟੀਆਂ ਲਈ — ਫਾਸਫੋਰਸ 200/1000 ਜਾਂ ਫਲੋਰਿਕ ਏਸਿਡ 30/200, ਪੱਥਰ ਵਰਗੀਆਂ ਗਿਲਟੀਆਂ ਲਈ — ਕੋਨੀਅਮ 30/200/1000 (ਨਾੜਾਂ ਉਤੇ ਬਣੀ ਗਿਲਟੀ — ਲੜੀ ਲਈ ਵੀ); ਮੋਟੀਆਂ ਜ਼ਨਾਨੀਆਂ ਦੀਆਂ ਭਾਰੀਆਂ ਛਾਤੀਆਂ ਵਿਚ ਜੜ੍ਹਦਾਰ ਗਿਲ੍ਹਟੀਆਂ ਲਈ — ਕਲਕੇਰੀਆ ਕਾਰਬ 200/1000; ਛੋਟੀਆਂ ਛੋਟੀਆਂ ਗਿਲਟੀਆਂ ਲਈ — ਕਲਕੇਰੀਆ ਸਲਫ 30/200; ਨੀਲੱਤਣ ਮਾਰਦੀਆਂ ਗਿਲ੍ਹਟੀਆਂ ਲਈ — ਕਾਰਬੋ ਵੈਜ 30/200/1000; ਭਾਰੀ ਗਿਲ੍ਹਟੀਆਂ ਲਈ — ਬਰਾਇਟਾ ਕਾਰਬ 3/200/1000।

ਇਸ ਤੋਂ ਬਿਨਾਂ ਵੀ ਹਾਲਾਤ ਅਨੁਸਾਰ ਨੈਟਰਮ ਸਲਫ, ਕਲਕੇਰੀਆ ਫਾਸ, ਨੈਟਰਮ ਮਿਉਰ, ਸਪਾਂਜੀਆ ਫਾਈਟੋਲੈਕਾ, ਗ੍ਰੈਫਾਈਟਿਸ, ਮਰਕ ਸਾਲ 30/200 ਜਾਂ 1000 ਤੱਕ ਹਾਲਤ ਅਨੁਸਾਰ ਦਿਤੀਆਂ ਜਾ ਸਕਦੀਆਂ ਹਨ।

ਯਾਦ ਰੱਖੋ ਖੁਰਾਕ-ਨਿਅੰਤ੍ਰਣ-ਮੁਕਤ ਇਲਾਜ ਬਿਲਕੁਲ ਸਫਲ ਅਤੇ ਪ੍ਰਭਾਵਸ਼ਾਲੀ ਨਹੀਂ ਹੋ ਸਕਦਾ। ਚੰਗਾ ਕੁਦਰਤੀ ਖਾਣਾ ਅਤੇ ਪਚਾਉਣਾ ਬਹੁਤ ਹੀ ਜ਼ਰੂਰੀ ਹੈ।



ਭਾਰਤੀ ਥਲ ਸੈਨਾ ਦੇ ਨਵੇਂ ਮੁਖੀ ਜਨਰਲ ਕ੍ਰਿਸ਼ਨਾ ਸਵਾਮੀ ਸੁੰਦਰਜੀ

ਇਕ ਤੀਵੀਂ ਗੋਲਫ਼ ਦੇ ਚੈਮਪੀਅਨ, ਰਾਬਰਟੋ ਡੀ ਵਾਈਚੇਨਜ਼ੋ ਕੋਲ ਗਈ ਤੇ ਰੋਂਦੀ ਹੋਈ ਦੱਸਣ ਲੱਗੀ ਕਿ ਉਸ ਦੀ ਧੀ ਨੂੰ ਲਿਯੂਕੇਮੀਆ (ਖ਼ੂਨ ਦੇ ਕੈਂਸਰ) ਦੀ ਖ਼ਤਰਨਾਕ ਬੀਮਾਰੀ ਹੈ। ਫੇਰ, ਉਸ ਨੇ ਆਪਣੀ ਗ਼ਰੀਬੀ ਦਾ ਰੋਣਾ ਰੋਂਦਿਆਂ ਧੀ ਦੇ ਇਲਾਜ ਲਈ ਕਾਫ਼ੀ ਵੱਡੀ ਰਕਮ ਮੰਗੀ।

ਡੀ ਵਾਈਚੇਨਜ਼ੋ ਨੇ, ਉਸ ਨੂੰ ਓਨੀ ਰਕਮ ਦੇ ਦਿੱਤੀ।

ਅਗਲੇ ਹੀ ਦਿਨ ਇਕ ਬੰਦਾ ਡੀ ਵਾਈਚੇਨਜ਼ੋ ਨੂੰ ਆ ਕੇ ਮਿਲਿਆ ਤੇ ਕਹਿਣ ਲੱਗਾ, "ਉਸ ਤੀਵੀਂ ਨੇ ਤਾਂ ਤੁਹਾਨੂੰ ਠਗ ਲਿਆ ਏ! ਮੈਂ ਉਸ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ। ਉਸ ਦੀ ਧੀ ਨੂੰ ਲਿਯੂਕੇਮੀਆ ਬਿਲਕੁਲ ਨਹੀਂ ਏ।"

"ਇਹ ਤਾਂ ਬਹੁਤ ਚੰਗੀ ਖ਼ਬਰ ਸੁਣਾਈ ਏ!" ਡੀ ਵਾਈਚੇਨਜ਼ੋ ਨੇ ਕਿਹਾ। "ਪੈਸੇ ਦੇਣ ਨਾਲੋਂ ਵੀ ਜ਼ਿਆਦਾ ਖ਼ੁਸ਼ੀ ਮੈਨੂੰ ਇਹ ਸੁਣ ਕੇ ਹੋਈ ਏ ਕਿ ਉਸ ਦੀ ਧੀ ਨੂੰ ਅਜਿਹੀ ਖ਼ਤਰਨਾਕ ਬੀਮਾਰੀ ਨਹੀਂ ਏ।"

ਪੱਤਝੜ ਵਰਗੀ ਲਗਦੀ ਰੁੱਤ ਬਹਾਰਾਂ ਦੀ,
ਸਾਡੇ ਤੇ ਹੈ ਮਿਹਰ ਅਸਾਡੇ ਯਾਰਾਂ ਦੀ।

ਫੁੱਲਾਂ ਦੀ ਖ਼ੁਸ਼ਬੋਈ ਤਨ ਮਨ ਲੂੰਹਦੀ ਏ,
ਹੁਣ ਤਾਂ ਚੋਭ ਸੁਖਾਵੀਂ ਲਗਦੀ ਖ਼ਾਰਾਂ ਦੀ।

ਇਹਨਾਂ ਦੇ ਗਲ ਲਗ ਕੇ ਅਕਸਰ ਰੋ ਲੈਣਾ,
ਬਹੁਤ ਤਸੱਲੀ ਹੈ ਕੱਚੀਆਂ ਦੀਵਾਰਾਂ ਦੀ।

ਰੁੱਖੋ ਮਾਣ ਕਰੋ ਨਾ ਬਹੁਤਾ ਛਾਵਾਂ ਤੇ,
ਅਸੀਂ ਤਾਂ ਮਾਣੀ ਮੁੱਢੋਂ ਛਾਂ ਤਲਵਾਰਾਂ ਦੀ।

ਫੁੱਲਾਂ ਵਾਂਗੂ ਇਹ ਬੁੱਲ੍ਹੀਆਂ ਮੁਸਕਾਈਆਂ ਨੇ,
ਜਦ ਵੀ ਪੀਤੀ ਤਪਸ਼ ਅਸਾਂ ਅੰਗਾਰਾਂ ਦੀ।

ਪਿਕਸ ਸੋਸਾਇਟੀ ਵਲੋਂ N.D.P. ਦੀ ਨਸਲਵਾਦ ਅਤੇ ਇਨਸਾਨੀ ਹੱਕਾਂ ਲਈ ਬਣਾਈ ਹੋਈ ਇਕ ਖਾਸ ਕਮੇਟੀ ਨੂੰ ਪੇਸ਼ ਕੀਤੀ ਗਈ ਰਿਪੋਰਟ

30 ਜਨਵਰੀ ਸ਼ਾਮ ਨੂੰ ਸਰੀ ਦੇ ਨਿਊਟਨ ਕਮਿਊਨਿਟੀ ਸੈਂਟਰ ਵਿਚ Race Relation and Human Rights Collition ਦੀ ਇਕ ਮੀਟਿੰਗ ਹੋਈ। ਜਿਹੜੀ ਕਿ N.D.P. ਵਲੋਂ ਬੁਲਾਈ ਗਈ ਸੀ। ਇਸ ਮੀਟਿੰਗ ਵਿਚ ਵੱਖੋ ਵੱਖਰੀਆਂ ਘਟ ਗਿਣਤੀਆਂ ਦੀਆਂ ਸ਼ਰੇਣੀਆਂ ਨੇ ਹਿੱਸਾ ਲਿਆ ਅਤੇ ਹਿਊਮਨ ਰਾਈਟਸ ਦੇ ਕਾਨੂੰਨਾਂ ਨੂੰ ਤਕੜੇ ਕਰਨ ਲਈ ਆਪੋ ਆਪਣੀਆਂ ਸਿਫਾਰਸ਼ਾਂ ਪੇਸ਼ ਕੀਤੀਆਂ।

ਪਿਕਸ ਸੋਸਾਇਟੀ ਨੇ ਵੀ ਇਸ ਮੀਟਿੰਗ ਵਿਚ ਹਿਸਾ ਲਿਆ ਅਤੇ N.D.P. ਦੀ Task Force ਨੂੰ ਦੱਸਿਆ ਕਿ ਹਿਊਮਨ ਰਾਈਟਸ ਦੇ ਕਾਨੂੰਨ ਬਹੁਤ ਹੀ ਕਮਜ਼ੋਰ ਹਨ ਅਤੇ ਇਹ ਕਾਨੂੰਨ ਘੱਟ ਗਿਣਤੀ ਦੇ ਲੋਕਾਂ ਦੀ ਰੱਖਿਆ ਕਰਨ ਤੋਂ ਅਸਮਰੱਥ ਹਨ। ਅਤੇ ਇਹ ਵੀ ਕਿਹਾ ਕਿ ਇਸ ਕਾਨੂੰਨ ਨੂੰ ਹੋਰ ਵੀ ਤਕੜਾ ਬਣਾਇਆ ਜਾਵੇ ਤਾਂ ਕਿ ਘਟ ਗਿਣਤੀ ਦੇ ਲੋਕ ਆਪਣੇ ਸਭਿਆਚਾਰ, ਧਰਮ ਅਤੇ ਰਹਿਣੀ ਬਹਿਣੀ ਨੂੰ ਬਰਕਰਾਰ ਅਤੇ ਪਰਫੁਲਤ ਰਖ ਸਕਣ।

ਇਸ ਮੀਟਿੰਗ ਵਿਚ Task Force ਦੇ ਮੈਂਬਰਾਂ ਨੂੰ ਸਿਫਾਰਸ਼ ਕੀਤੀ ਗਈ ਕਿ ਮਿਉਂਸਪੈਲਿਟੀਆਂ ਵਿਚ ਵਿਤਕਰਿਆਂ ਵਿਰੁਧ ਸੁਣਵਾਈ ਕਰਨ ਲਈ ਕਮੇਟੀਆਂ ਨਿਯੁਕਤ ਕੀਤੀਆਂ ਜਾਣ ਅਤੇ ਬੀ ਸੀ ਸਰਕਾਰ ਵਲੋਂ ਸੂਬੇ ਦੇ ਅਧਾਰ ਤੇ Multiculturism ਦੀ ਇਕ ਮਨਿਸਟਰੀ ਕਾਇਮ ਕੀਤੀ ਜਾਵੇ। ਇਸ ਦੇ ਨਾਲ ਹੀ ਇਹ ਵੀ ਸਿਫਾਰਿਸ਼ ਕੀਤੀ ਕਿ ਸਾਡੇ ਲੋਕਾਂ ਨੂੰ ਨੌਕਰੀਆਂ ਦੇਣ ਵਿਚ ਵੀ ਬਰਾਬਰਤਾ ਦਿਤੀ ਜਾਵੇ।

ਏਸੇ ਤਰ੍ਹਾਂ ਹੀ ਇਹ ਵੀ ਕਿਹਾ ਗਿਆ ਕਿ ਜਿਹੜੇ ਸਕੂਲਾਂ ਵਿਚ ਭਾਰਤੀ ਬੱਚਿਆਂ ਦੀ ਬਹੁਤ ਗਿਣਤੀ ਹੈ ਉਹਨਾ ਸਕੂਲ ਬੋਰਡਾਂ ਵਿਚ ਹਿੰਦੁਸਤਾਨੀ ਬੋਲੀ ਬੋਲਣ ਵਾਲੇ ਵਿਅਕਤੀ ਭਰਤੀ ਕੀਤੇ ਜਾਣ, ਤਾਂ ਕਿ ਕੈਨੇਡਾ ਵਿਚ ਨਵੇਂ ਆਏ ਇਮੀਗਰੈਂਟਾਂ ਨੂੰ ਸਕੂਲ ਅਧਿਕਾਰੀਆਂ ਨਾਲ ਗੱਲਬਾਤ ਕਰਨ ਵਿਚ ਦਿਕਤ ਪੇਸ਼ ਨਾ ਆਵੇ। ਸਕੂਲਾਂ ਦੇ ਨਾਲ ਨਾਲ ਇਹ ਵੀ ਮੰਗ ਕੀਤੀ ਕਿ ਇਹੋ ਜਿਹੇ ਦੋ ਭਾਸ਼ਾ ਬੋਲਣ ਵਾਲੇ ਵਿਅਕਤੀਆਂ ਦੀ, ਬੈਂਕਾਂ ਵਿਚ, ਮੈਨਪਾਵਰ ਅਤੇ ਇਮੀਗਰੇਸ਼ਨ ਦਫਤਰਾਂ ਵਿਚ, ਕੰਪਨਜ਼ੇਸ਼ਨ ਦਫਤਰਾਂ, ਹਸਪਤਾਲਾਂ ਅਤੇ ਹਿਊਮਨ ਰਾਈਟਸ ਵਰਗੇ ਮਹਿਕਮਿਆਂ ਵਿਚ ਇਹਨਾਂ ਦੀ ਖਾਸ ਜ਼ਰੂਰਤ ਹੈ।

ਪਿਕਸ ਸੋਸਾਇਟੀ ਨੇ ਇਹ ਵੀ ਕਿਹਾ ਕਿ E.S.L. ਪਰੋਗਰਾਮਾਂ ਦੀ ਕਟੌਤੀ ਕਾਰਣ ਸਾਡੀ ਕਮਿਊਨਿਟੀ ਨੂੰ ਭਾਰੀ ਨੁਕਸਾਨ ਹੋ ਰਿਹਾ ਹੈ। ਪਿਛਲੇ ਸਾਲ ਪਿਕਸ ਸੁਸਾਇਟੀ ਨੇ ਇਕ ਖੋਜ ਕੀਤੀ ਅਤੇ ਪਤਾ ਲੱਗਾ ਕਿ ਸਾਡੇ ਬੱਚੇ ਕਾਫੀ ਗਿਣਤੀ ਵਿਚ ਮੁਢਲੀਆਂ ਸ਼ਰੇਣੀਆਂ ਵਿਚੋਂ ਹੀ ਸਕੂਲ ਛੱਡ ਜਾਂਦੇ ਹਨ। ਜਿਸ ਦਾ ਨਤੀਜਾ ਇਹ ਹੁੰਦਾ ਹੈ ਕਿ ਅਸੀਂ ਘਟ ਵਿਦਿਆ ਕਾਰਨ ਚੰਗੇ ਅਹੁਦੇ ਦੀਆਂ ਨੌਕਰੀਆਂ ਤੱਕ ਨਹੀਂ ਪਹੁੰਚ ਸਕਦੇ। ਇਹੋ ਜਿਹੇ ਪਰੋਗਰਾਮਾਂ ਕਰਕੇ ਸਾਡੀ ਕਮਿਊਨਿਟੀ ਦੀ ਤਰੱਕੀ ਵਿਚ ਕਾਫੀ ਰੁਕਾਵਟ ਆਉਂਦੀ ਹੈ। ਪਿਕਸ ਸੁਸਾਇਟੀ ਨੇ Task Force ਦੇ ਮੈਂਬਰਾਂ ਨੂੰ ਇਹ ਸਿਫਾਰਸ਼ ਕੀਤੀ ਕਿ ਇਹ Provincial Govt. ਉਤੇ ਜ਼ੋਰ ਪਾ ਕੇ ਇਹਨਾਂ ਪਰੋਗਰਾਮਾਂ ਵੱਲ ਵੱਧ ਤੋਂ ਵੱਧ ਧਿਆਨ ਦੇਣ।



ਗੁਰਬੀਰ ਗਿੱਲ ਤੇ ਮਨਜੀਤ ਗਿੱਲ ਬਰੀਫ ਪੇਸ਼ ਕਰਦੇ ਹੋਏ

ਮੌਸਮ ਦੀ ਖਰਾਬੀ ਕਾਰਨ ਇੰ.ਏ.ਲਾ. ਦੇ 100 ਮੁਸਾਫਰ ਅੰਮ੍ਰਿਤਸਰ ਪੁਜ ਗਏ

ਅੰਮ੍ਰਿਤਸਰ, 30 ਜਨਵਰੀ– ਪਤਾ ਲਗਾ ਹੈ ਕਿ ਇੰਡੀਅਨ ਏਅਰ ਲਾਇਨਜ਼ ਦਾ ਬੋਇੰਗ ਜਹਾਜ਼ 737 ਫਲਾਇਟ ਨੰਬਰ 422 ਸ੍ਰੀਨਗਰ ਤੋਂ ਦਿਲੀ ਵਾਇਆ ਜੰਮੂ ਚੰਡੀਗੜ੍ਹ ਦਿਲੀ ਜਾਂਦਾ ਹੋਇਆ ਮੌਸ਼ਮ ਦੀ ਖਰਾਬੀ ਕਾਰਨ ਜੰਮੂ ਹਵਾਈ ਅੱਡੇ ਤੇ ਨਹੀਂ ਉਤਰ ਸਕਿਆ ਅਤੇ ਅਚਾਨਕ ਹੀ ਅੰਮ੍ਰਿਤਸਰ ਰਾਜਾ ਸਾਂਸੀ ਹਵਾਈ ਅੱਡੇ ਤੇ ਉਤਰ ਗਿਆ, ਅਤੇ ਮੁਸਾਫਰਾਂ ਜਿਹਨਾਂ ਦੀ ਗਿਣਤੀ 100 ਦਸੀ ਜਾਂਦੀ ਹੈ, ਨੂੰ ਅੰਮ੍ਰਿਤਸਰ ਉਤਾਰ ਕੇ ਜਹਾਜ਼ ਦਿਲੀ ਰਵਾਨਾ ਹੋ ਗਿਆ. ਬਾਅਦ ਵਿਚ ਇਕ ਰਾਤ ਉਕਤ ਮੁਸਾਫਰਾਂ ਨੂੰ ਅੰਮ੍ਰਿਤਸਰ ਵਿਖੇ ਇੰਡੀਅਨ ਏਅਰ ਲਾਇਨਜ਼ ਵਲੋਂ ਆਪਣੇ ਖਰਚੇ ਤੇ ਹੋਟਲਾਂ ਵਿਚ ਠਹਿਰਾਇਆ ਗਿਆ. ਅਤੇ ਦੂਜੇ ਦਿਨ ਦੁਪਹਿਰ ਤੋਂ ਬਾਅਦ ਦਿਲੀ ਤੋਂ ਸ੍ਰੀ ਨਗਰ ਜਾਣ ਵਾਲੇ ਹਵਾਈ ਜਹਾਜ਼ ਵਿਚ ਮੁਸਾਫਰਾਂ ਨੂੰ ਜੰਮੂ ਭੇਜਿਆ ਗਿਆ. ਇਸ ਤਰ੍ਹਾਂ ਉਕਤ ਮੁਸਾਫਰ ਲਗਭਗ 24 ਘੰਟੇ ਬਾਦ ਸ੍ਰੀਨਗਰ ਤੋਂ ਜੰਮੂ ਪੁਜੇ ਜਦ ਕਿ ਸ੍ਰੀ ਨਗਰ ਤੋਂ ਜੰਮੂ ਦਾ ਹਵਾਈ ਸਫਰ ਲਗਭਗ 24 25 ਮਿੰਟ ਦਾ ਹੈ. ਮੁਸਾਫਰਾਂ ਵਿਚ ਬਹੁਤ ਸਾਰੇ ਬੱਚੇ ਅਤੇ ਔਰਤਾਂ ਦੀ ਸ਼ਾਮਲ ਸਨ.

ਜੁੱਤੀ ਦੇ ਯਾਰ

ਰਾਜਿੰਦਰਪਾਲ ਸ਼ਰਮਾ

ਬੁਨਿਆਦੀ ਤੌਰ ਤੇ ਮਨੁੱਖ ਭਗਵਾਨ ਤੇ ਸ਼ੈਤਾਨ ਦਾ ਮਿੱਸਾ ਆਟਾ ਹੈ। ਧੁਰ ਯੁਗਾਂ ਤੋਂ ਸ਼ੈਤਾਨ ਵੀ ਪਰ੍ਹੇ ਤੋਂ ਪਰ੍ਹੇ ਹੋਏ ਹਨ ਤੇ ਭਗਵਾਨ ਰੂਪੀ ਰੂਹਾਂ ਵੀ ਬਥੇਰੀਆਂ ਆਈਆਂ ਹਨ। ਲਗਪਗ ਹਰੇਕ ਬੰਦਾ ਕਿਤੇ ਨਾ ਕਿਤੇ ਮਾੜੀ ਮੋਟੀ ਗਲਤੀ ਕਰ ਬੈਠਦਾ ਹੈ। ਫੇਰ ਇਹ ਸੰਭਲਕੇ ਠੀਕ ਰਾਹ ਤੇ ਤੁਰਨ ਲਗ ਪੈਂਦਾ ਹੈ। ਪਰੰਤੂ ਕੁਝ ਅਜਿਹੀ ਨਸਲ ਦੇ ਹੁੰਦੇ ਹਨ ਜੋ ਪੁੱਠੇ ਪਾਸੇ ਤੁਰ ਕੇ ਆਪਣੀ ਘਟੀਆ ਹਉਮੈ ਦੀ ਤ੍ਰਿਪਤੀ ਮਹਿਸੂਸ ਕਰਦੇ ਹਨ। ਜੇ ਇਹਨਾਂ ਦੀ ਗੱਡੀ ਕੋਈ ਰੋਕਣ ਵਾਲਾ ਨਾ ਹੋਵੇ ਤਾਂ ਇਹ ਕਈਆਂ ਨੂੰ ਦਰੜਦੇ ਤੁਰੇ ਜਾਂਦੇ ਹਨ। ਪਰ ਜੇ ਇਹਨਾਂ ਨੂੰ ਚੰਗੀ ਸਜ਼ਾ ਮਿਲ ਜਾਵੇ ਤਾਂ ਇਹ ਥਾਂ ਸਿਰ ਆ ਜਾਂਦੇ ਹਨ। ਇਹਨਾਂ ਸੱਜਣਾਂ ਤੇ ਭਲਮਾਣਸੀ ਤੇ ਸਮਝਾਉਣ ਬੁਝਾਉਣ ਦਾ ਕੋਈ ਅਸਰ ਨਹੀਂ ਹੁੰਦਾ।

ਆਮ ਵਾਤਾਵਰਣ ਜਦੋਂ ਭਰਿਸ਼ਟ ਜਿਹਾ ਹੋ ਜਾਵੇ ਤਾਂ ਲੈਕਚਰ ਕੁਝ ਨਹੀਂ ਖੋਂਹਦੇ। ਕਾਨੂੰਨ ਵੀ ਬੇਵੱਸ ਹੋ ਜਾਂਦਾ ਹੈ ਕਿਉਂਕਿ ਇਸ ਦੀਆਂ ਕਮਜ਼ੋਰੀਆਂ ਤੋਂ ਭੈੜੀ ਨੀਤ ਵਾਲੇ ਲਾਭ ਉਠਾ ਜਾਂਦੇ ਹਨ। ਅਜਿਹੇ ਗਿਰਾਵਟ ਦੇ ਵਾਤਾਵਰਣ ਵਿਚ ਜੁੱਤੀ ਦੇ ਯਾਰਾਂ ਦੀ ਗਿਣਤੀ ਬਹੁਤ ਵਧ ਜਾਂਦੀ ਹੈ। ਕਈ ਵਾਰ ਹਾਲਤ ਇੰਨੀ ਵਿਗੜ ਜਾਂਦੀ ਹੈ ਕਿ ਭਲੇਮਾਣਸ ਦੀਵੇ ਨਾਲ ਭਾਲਿਆਂ ਹੀ ਮਿਲਦੇ ਹਨ। ਭਾਵ ਭਲੀਆਂ ਰੂਹਾਂ ਇਹ ਲੋਚਣ ਲਗ ਪੈਂਦੀਆਂ ਹਨ ਕਿ ਡੰਡੇ ਦਾ ਰਾਜ ਹੋਵੇ ਜੋ ਜੁੱਤੀ ਦੇ ਯਾਰਾਂ ਨੂੰ ਠਿਕਾਣੇ ਲਿਆਵੇ। ਖੈਰ ਬਿਮਾਰੀ ਇਹ ਖੜ੍ਹੀ ਹੋ ਜਾਂਦੀ ਹੈ ਕਿ ਡੰਡਾ ਕੌਣ ਫੜੇ? ਜੇ ਡੰਡਾ ਫੜਨ ਵਾਲੇ ਦਾ ਦਿਮਾਗ (ਸਰਕਾਰ ਦਾ) ਹੀ ਵਿਗੜ ਜਾਵੇ ਤਾਂ ਉਹ ਇਨਸਾਫ ਨੂੰ ਪੈਰਾਂ ਹੇਠ ਦਰੜਨ ਲਗ ਪੈਂਦਾ ਹੈ। ਹਾਲਤ ਭੈੜੀ ਤੋਂ ਹੋਰ ਭੈੜੀ ਹੋਣ ਦਾ ਡਰ ਖੜ੍ਹਾ ਹੋ ਜਾਂਦਾ ਹੈ। ਪਰ ਸਿਸਟਮ ਵਿਚ ਤਬਦੀਲੀ ਲਿਆ ਕੇ ਜੁੱਤੀ ਦੇ ਯਾਰਾਂ ਨੂੰ ਰਾਹੇ ਰਾਸਤ ਜ਼ਰੂਰ ਲਿਆਉਣਾ ਚਾਹੀਦਾ ਹੈ।

ਮਨੁੱਖ ਦੀ ਯਾਰੀ ਦਲੀਲ ਤੇ ਨੇਕੀ ਨਾਲ ਹੋਣੀ ਚਾਹੀਦੀ ਹੈ। ਜੁੱਤੀ ਨਾਲ ਯਾਰੀ ਤਾਂ ਕੇਵਲ ਪੈਰਾਂ ਦੀ ਹੀ ਸਜਦੀ ਹੈ ਦਿਮਾਗ ਦੀ ਨਹੀਂ। ਪਰੰਤੂ ਨੈਤਿਕਤਾ ਦਾ ਜਦੋਂ ਮਨੁੱਖ ਜਲੂਸ ਕਢਣਾ ਸ਼ੁਰੂ ਕਰ ਦਿੰਦੇ ਹਨ ਤਾਂ ਉਹ ਇਨੇ ਢੀਠ ਹੋ ਜਾਂਦੇ ਹਨ ਕਿ ਸਮਝਾਉਣ ਬੁਝਾਉਣ ਦਾ ਉਹਨਾਂ ਤੇ ਭੋਰਾ ਅਸਰ ਨਹੀਂ ਹੁੰਦਾ। ਸਗੋਂ ਸਮਝਾਉਣ ਬੁਝਾਉਣ ਨੂੰ ਉਹ ਕਮਜ਼ੋਰੀ ਦੇ ਲੱਛਣ ਸਮਝ ਕੇ ਹੋਰ ਅਕੜੇਵੇਂ ਵਿਚ ਆ ਜਾਂਦੇ ਹਨ। ਭੂਤਨੇ ਰੂਪੀ ਬੰਦੇ ਹਰ ਸਮੇਂ ਹੀ ਸਾਡੇ ਵਿਚ ਵਿਚਰਦੇ ਹਨ। ਕੁਦਰਤ ਸਾਰਿਆਂ ਨੂੰ ਚੰਗੇ ਬਣਾ ਕੇ ਮਨੁੱਖੀ ਸਮਾਜ ਨੂੰ ਨਜ਼ਰ ਲੱਗਣ ਤੋਂ ਬਚਾ ਕੇ ਰਖਦੀ ਹੈ। ਭਾਵ ਇਹ ਨਜ਼ਰਬੱਟੂ ਦਾ ਕੰਮ ਦਿੰਦੇ ਹਨ।

ਪਰੰਤੂ ਹਾਲਤ ਉਦੋਂ ਮਾੜੀ ਹੋ ਜਾਂਦੀ ਹੈ ਜਦੋਂ ਭਲਾਮਾਣਸ ਕੁੰਗੜ ਕੁੰਗੜ ਕੇ ਚੱਲਣ ਲਈ ਮਜਬੂਰ ਹੋ ਜਾਵੇ। ਬੇਲੋੜੇ ਕਾਮ, ਕਰੋਧ, ਮੋਹ, ਲੋਭ ਤੇ ਹੰਕਾਰ ਸਾਰੇ ਪਾਪਾਂ ਦੀ ਜੜ੍ਹ ਬਣਦੇ ਹਨ। ਕਾਮ ਹਰ ਨਸਲ ਦੀ ਉਤਪਤੀ ਲਈ ਅਤਿ ਜ਼ਰੂਰੀ ਹੈ। ਪਰ ਇਸ ਦੇ ਭੂਤ ਦਾ ਸਦਾ ਦਿਮਾਗ ਤੇ ਸਵਾਰ ਰਹਿਣਾ ਅਤਿ ਮੰਦਭਾਗੀ ਗੱਲ ਹੈ। ਕਰੋਧ ਤੇ ਹੰਕਾਰ ਵੀ ਬੰਦੇ ਨੂੰ ਬੰਦਾ ਨਹੀਂ ਰਹਿਣ ਦਿੰਦੇ। ਮਾੜੇ ਮੋਟੇ ਦੌਰੇ ਤਾਂ ਇਨ੍ਹਾਂ ਦੇ ਬਰਦਾਸ਼ਤ ਕਰਨਯੋਗ ਹੁੰਦੇ ਹਨ ਪਰ ਬੰਦੇ ਦਾ ਸਦਾ ਹੀ ਇਨ੍ਹਾਂ ਦੇ ਦਬਾਅ ਹੇਠ ਰਹਿਣਾ ਉਸ ਨੂੰ ਜਾਨਵਰ ਵਾਲੇ ਲੱਛਣ ਪ੍ਰਦਾਨ ਕਰ ਦਿੰਦਾ ਹੈ। ਇਸੇ ਤਰ੍ਹਾਂ ਮੋਹ ਤੇ ਲੋਭ ਵਿਚ ਅੰਨ੍ਹੇ ਹੋ ਕੇ ਰਹਿਣਾ ਵੀ ਹਾਨੀਕਾਰਕ ਹੀ ਸਿੱਧ ਹੁੰਦਾ ਹੈ। ਇਹ ਸਾਥੋਂ ਕਈ ਅਜਿਹੇ ਕੰਮ ਕਰਾ ਦਿੰਦੇ ਹਨ ਜੋ ਕਿਸੇ ਪੱਖੋਂ ਵੀ ਸ਼ੋਭਾ ਨਹੀਂ ਦਿੰਦੇ। ਸੋ ਇਹਨਾਂ ਨੂੰ ਜਿਥੋਂ ਤਕ ਹੋ ਸਕੇ ਸਿਧੇ ਤੇ ਯੋਗ ਪੱਧਰ ਤਕ ਹੀ ਰੱਖਣਾ ਚਾਹੀਦਾ ਹੈ।

ਜਿਨ੍ਹਾਂ ਦੇਸ਼ਾਂ ਵਿਚ ਸੌ ਫੀਸਦੀ ਰਾਸ਼ਟਰੀਕਰਨ ਹੋ ਜਾਂਦਾ ਹੈ ਉਥੇ ਲੋਭ ਆਪਣੇ ਆਪ ਹੀ ਸਦਾ ਦੀ ਨੀਂਦ ਸੌਂ ਜਾਂਦਾ ਹੈ। ਫਲਸਰੂਪ ਕਰੋਧ ਤੇ ਹੰਕਾਰ ਵੀ ਮਾੜੇ ਮੋਟੇ ਕਾਬੂ ਹੇਠ ਆ ਜਾਂਦੇ ਹਨ। ਖੈਰ ਇਹ ਤਾਂ ਸਿਸਟਮ ਦੇ ਕਾਰਨ ਹੁੰਦਾ ਹੈ। ਪਰ ਮਨੁੱਖ ਨੂੰ ਉਂਜ ਹੀ ਸਦਾਚਾਰ ਤੇ ਨੈਤਿਕਤਾ ਦਾ ਲੜ ਫੜ ਕੇ ਰੱਖਣਾ ਚਾਹੀਦਾ ਹੈ। ਅਸਲੀ ਚਰਿੱਤਰ ਦਾ ਪੱਧਰ ਉਹ ਹੁੰਦਾ ਹੈ ਜੋ ਕਿਸੇ ਡਰ ਜਾਂ ਬੰਧਨ ਤੋਂ ਬਗੈਰ ਹੋਵੇ। ਭਾਵ ਸੁਭਾਵਕਤਾ ਤੇ ਅਧਾਰਤ ਹੋਵੇ।

ਇਹ ਤਾਂ ਗੱਲ ਹੈ ਲਿਖਤੀ ਪੱਖ ਤੋਂ। ਅਮਲੀ ਪੱਖ ਤੋਂ ਸਾਨੂੰ ਨਿੱਜੀ ਪੱਧਰ ਤੇ ਕਈ ਬੰਦੇ ਮਿਲ ਜਾਂਦੇ ਹਨ ਜਿਨ੍ਹਾਂ ਦੀਆਂ ਹਰਕਤਾਂ ਦੇਖ ਕੇ ਅਸੀਂ ਕਹਿ ਉਠਦੇ ਹਾਂ 'ਇਹ ਤਾਂ ਨਿਰਾ ਜੁੱਤੀ ਦਾ ਯਾਰ ਹੈ।' ਸਾਡੇ ਹਾਲਾਤ ਮੁਤਾਬਕ ਨਿੱਜੀ ਪੱਧਰ ਤੋਂ ਬਗੈਰ ਸਮੁੱਚੇ ਪੱਧਰ ਤੇ ਅਨੇਕਾਂ ਖਲੀਫੇ ਪੈਦਾ ਹੋ ਗਏ ਹਨ ਜੋ ਜੁੱਤੀਆਂ ਦੇ ਯਾਰ ਹੀ ਹਨ। ਕਈਆਂ ਦਾ ਬੈਠਣਾ, ਉੱਠਣਾ, ਬੋਲਣਾ, ਚਲਣਾ ਤੇ ਸ਼ਰਾਰਤਬਾਜ਼ੀ ਇਨੇ ਦੁਖੀ ਕਰਦੇ ਹਨ ਕਿ ਦਿਲ ਕਹਿ ਉਠਦਾ ਹੈ ਕਿ ਇਹਨਾਂ ਦਾ ਸਿਰ ਹੋਵੇ ਤੇ ਜੁੱਤੀ ਠਾਹ ਠਾਹ ਉਸ ਤੇ ਵੱਜੇ। ਸਾਡੇ ਰਿਸ਼ਵਤਖੋਰ ਖਲੀਫੇ (ਇਨ੍ਹਾਂ ਦੀ ਮੰਡੀ ਭਰੀ ਪਈ ਹੈ) ਸਭ ਇਸੇ ਚੀਜ਼ (ਜੁੱਤੀ) ਦੇ ਯਾਰ ਹਨ। ਸਾਰੇ ਢਾਂਚੇ ਨੂੰ ਹੀ ਦੂਸ਼ਿਤ ਕਰੀ ਬੈਠੇ ਹਨ। ਪਰ ਅਜੇ ਜੁੱਤੀਆਂ ਮਾਰਨ ਵਾਲਾ ਕੋਈ ਨਹੀਂ ਕਿਉਂਕਿ ਇਹ ਭਾਰੂ ਹਨ। ਪਰ ਜਦੋਂ ਵੀ ਇਹਨਾਂ ਦੀ ਇਹ ਆਦਤ ਹਟੀ ਤਾਂ ਹਟਣੀ ਜੁੱਤੀ ਨਾਲ ਹੀ ਹੈ। ਭਾਸ਼ਣਾਂ ਰਾਸ਼ਣਾਂ ਨਾਲ ਨਹੀਂ। ਹੋਰ ਪ੍ਰਕਾਰ ਦੀਆਂ ਅਨੇਕਾ ਹੇਰਾਫੇਰੀਆਂ (ਸਮਗਲਿੰਗ, ਬਲੈਕ ਆਦਿ) ਦਾ ਇਲਾਜ ਵੀ ਜੁੱਤੀ ਕਰੂਗੀ ਕਿਉਂਕਿ ਅਕਲ ਇਨ੍ਹਾਂ ਮੋਹਰੇ ਫੇਲ੍ਹ ਹੋ ਚੁੱਕੀ ਹੈ।

ਸੋ ਨਿੱਜੀ ਪੱਧਰ ਤੇ ਤਾਂ ਹਰ ਸਮਾਜ ਵਿਚ ਹੀ ਜੁੱਤੀ ਦਾ ਯਾਰ ਕੋਈ ਨਾ ਕੋਈ ਮਿਲ ਹੀ ਜਾਂਦਾ ਹੈ। ਪਰੰਤੂ ਜਿਥੇ ਸਾਡੇ ਵਾਂਗ ਸਮੁੱਚੀ ਹਾਲਤ ਹੀ ਅਜਿਹੀ ਹੋਵੇ ਕਿ ਜੁੱਤੀ ਦੇ ਯਾਰਾਂ ਦੀ ਭਰਮਾਰ ਹੋ ਜਾਵੇ ਤਾਂ ਉਹ ਮੰਦਭਾਗੀ ਹਾਲਤ ਹੁੰਦੀ ਹੈ। ਚਾਹੇ ਸਾਡੇ ਵਾਂਗ ਹੋਰ ਸਮਾਜਾਂ ਦੀ ਹਾਲਤ ਵੀ ਜੁੱਤੀ ਦੇ ਇਲਾਜ ਦੀ ਮੰਗ ਕਰਦੀ ਹੋਵੇ ਪਰ ਇਹ ਹੈ ਤਾਂ ਨਿਘਾਰ ਵਾਲੀ ਗੱਲ। ਇਸ ਲਈ ਸਦਾ ਇਹੋ ਯਤਨ ਹੋਣੇ ਚਾਹੀਦੇ ਹਨ ਕਿ ਜੁੱਤੀ ਦੇ ਯਾਰਾਂ ਦੀ ਗਿਣਤੀ ਵਧਣ ਨਾ ਦਿਤੀ ਜਾਵੇ। ਹਾਂ ਜੁੱਤੀ ਦੇ ਯਾਰ ਟਾਵਾਂ ਟਾਵਾਂ ਸਦਾ ਕਾਇਮ ਹੀ ਰਹਿਣਾ ਹੈ। ਇਹ ਮਨੁੱਖੀ ਸਮਾਜ ਲਈ ਨਜ਼ਰਬੱਟੂ ਦਾ ਕੰਮ ਦਿੰਦਾ ਹੈ। ਜੇ ਇਹ ਨਾ ਰਿਹਾ ਤਾਂ ਨਜ਼ਰ ਲੱਗਣ ਦਾ ਡਰ ਹੋਵੇਗਾ।

□ ਜੇਕਰ ਤੁਹਾਨੂੰ ਜੀਵਨ ਔਖਾ ਔਖਾ ਜਾਪਦਾ ਹੈ, ਕਿਸੇ ਨਾਲ ਬਦਲੀ ਕਰ ਕੇ ਵੇਖ ਲਵੋ।

□ ਕਿਸੇ ਦੇ ਕਸੂਰ ਹੋਲੀ ਹੋਲੀ ਦਸੋ, ਪ੍ਰਸੰਸਾ ਬੇਸ਼ਕ ਉਚੀ ਉਚੀ ਕਰੋ।

■ ਹੱਥ ਨੂੰ ਅਣਬੁਝੇ ਚੂਨੇ ਵਿਚ ਪਾ ਕੇ ਸਾੜ ਦੇਣਾ ਅੱਛਾ ਹੈ ਪਰ ਕਿਸੇ ਧਨੀ ਅੱਗੋਂ ਹੱਥ ਅੱਡਣਾ ਭਲਾ ਨਹੀਂ।

ਫ਼ਿਲਮ ਲੋਰ

ਮੈਂ ਲੰਮੀ ਉਡੀਕ ਨਹੀਂ ਕਰਾਂਗੀ — ਪੂਜਾ ਸਕਸੈਨਾ

ਕਈ ਵਰ੍ਹਿਆਂ ਤੋਂ ਪੂਜਾ ਸਕਸੈਨਾ ਅਭਿਨੇਤਰੀ ਬਣਨ ਲਈ ਸੰਘਰਸ਼ ਕਰ ਰਹੀ ਹੈ ਪਰ ਅਜੇ ਤੱਕ ਉਹ ਵੱਡੇ ਬੈਨਰਾਂ ਦੀ ਨਜ਼ਰ ਨਹੀਂ ਚੜ੍ਹ ਸਕੀ। ਉਸ ਦਾ ਕਹਿਣਾ ਹੈ ਕਿ ਵੱਧ ਤੋਂ ਵੱਧ ਦੋ ਸਾਲ ਹੋਰ ਆਪਣੀ ਕਿਸਮਤ-ਅਜ਼ਮਾਈ ਕਰਾਂਗੀ, ਜੇ ਸਫਲਤਾ ਹੋ ਗਈ ਤਾਂ ਵਾਹ-ਭਲਾ, ਨਹੀਂ ਤਾਂ ਫੇਰ ਸਦਾ ਸਦਾ ਲਈ ਇਸ ਖੇਤਰ ਨੂੰ ਅਲਵਿਦਾ ਆਖ ਦਿਆਂਗੀ। ਉਸ ਦਾ ਕਹਿਣਾ ਹੈ ਕਿ ਲਗਾਤਾਰ ਤਣਾਓ ਦੀ ਜ਼ਿੰਦਗੀ, ਉਹ ਨਹੀਂ ਜੀਅ ਸਕਦੀ। ਫਿਲਮ "ਯੇ ਕੈਸਾ ਫਰਜ਼" ਵਿਚ ਨੂਤਨ ਦੇ ਲੜਕੇ ਮੋਹਨੀਸ਼ ਬਹਿਲ ਨਾਲ ਪੂਜਾ ਸਕਸੈਨਾ ਪਹਿਲੀ ਵਾਰ ਆਈ ਸੀ। ਐਕਟਿੰਗ ਦੇ ਨਾਲ ਨਾਲ ਉਸ ਨੇ ਜਿਸਮ ਦਾ ਵੀ ਇਸ ਫਿਲਮ 'ਚ ਖੁਲ੍ਹਾ ਪ੍ਰਦਰਸ਼ਨ ਕੀਤਾ ਪਰ ਜਿਵੇਂ ਉਸ ਨੂੰ ਉਮੀਦ ਸੀ ਉਸ ਤਰ੍ਹਾਂ ਨਾ ਹੋਇਆ ਤੇ ਉਹਦੀ ਕੋਈ ਖਾਸ ਗੱਲ ਨਾ ਬਣ ਸਕੀ। ਜਿਹੜੀਆਂ ਨਵੀਆਂ ਫਿਲਮਾਂ ਤੋਂ ਪੂਜਾ ਸਕਸੈਨਾ ਨੂੰ ਆਸਾਂ ਹਨ, ਉਨ੍ਹਾਂ ਵਿਚੋਂ ਇਕ ਹੈ "ਬੰਧਨ ਤੇਰੇ ਪਿਆਰ ਕਾ।" ਉਸ ਦਾ ਦਾਅਵਾ ਹੈ ਕਿ ਇਸ ਫਿਲਮ ਨਾਲ ਉਸ ਦੀ ਅਭਿਨੈ-ਕਲਾ ਦਾ ਗੰਭੀਰ ਨੋਟਿਸ ਲਿਆ ਜਾਵੇਗਾ।

"ਮਜ਼ਲੂਮ" ਮੁਕੰਮਲ

ਧਰਮਿੰਦਰ ਦੇ ਰਿਸ਼ਤੇਦਾਰ ਰਣਜੀਤ ਵਿਰਕ ਨਿਰਮਾਤਾ ਦੀ ਫਿਲਮ "ਮਜ਼ਲੂਮ" ਆਖਰ ਪੂਰੀ ਹੋ ਗਈ। ਕਈ ਸਾਲ ਲਗ ਗਏ ਇਸ ਫਿਲਮ ਨੂੰ ਬਣਨ ਲਈ। ਮੰਦਾਕਨੀ ਨੂੰ ਰਣਜੀਤ ਵਿਰਕ ਨੇ ਆਪਣੇ ਮੁੰਡੇ ਅਮਨ ਵਿਰਕ ਲਈ ਚੁਣਿਆ ਸੀ ਪਰ ਜਦੋਂ "ਮਜ਼ਲੂਮ" ਅੱਧ ਵਿਚਕਾਰ ਤਕ ਗਈ ਤਾਂ ਰਾਜ ਕਪੂਰ ਨੇ ਮੰਦਾਕਨੀ ਨੂੰ ਆਪਣੀ ਫਿਲਮ ਲਈ ਲੈ ਲਿਆ। ਇਸੇ ਕਾਰਨ "ਮਜ਼ਲੂਮ" ਹੋਰ ਲੇਟ ਹੁੰਦੀ ਗਈ। ਮੰਦਾਕਨੀ ਤੇ ਅਮਨ ਵਿਰਕ ਤੋਂ ਇਲਾਵਾ ਇਸ ਫਿਲਮ ਦੇ ਸਿਤਾਰਿਆਂ ਵਿਚ ਸੁਰੇਸ਼ ਓਬਰਾਏ, ਅਨੀਤਾ ਰਾਜ, ਸ਼ਕਤੀ ਕਪੂਰ ਅਤੇ ਪ੍ਰੇਮਚੰਦ ਸਾਹਨੀ ਵੀ ਹਨ।

"ਮੁਹੱਬਤ ਕੀ ਕਸਮ" ਤਿਆਰ

ਡਾਇਰੈਕਟਰ ਕੇ. ਪੱਪੂ ਦੁਆਰਾ ਬਣਾਈ ਵਾਈਟ - ਡਾਇਰੈਕਟਰ ਤੇ ਪ੍ਰੋਡਿਊਸਰ ਮੋਹਨ ਬੱਗੜ ਦੀ ਹਿੰਦੀ ਫਿਲਮ "ਮੁਹੱਬਤ ਕੀ ਕਸਮ" ਦੀ ਮਿਕਸਿੰਗ ਤੇ ਡਬਿੰਗ ਪੂਰੀ ਹੋਣ ਵਾਲੀ ਹੈ। ਫਰਵਰੀ ਵਿਚ ਫਿਲਮ ਰਿਲੀਜ਼ ਹੋਣ ਦੀ ਸੰਭਾਵਨਾ ਹੈ। ਫਿਲਮ ਦੀ ਪਿਆਰ ਕਹਾਣੀ ਤਿਕੋਨੀ ਹੈ ਤੇ ਤਿੰਨੇ ਹੀ ਨਵੇਂ ਚਿਹਰੇ ਹਨ: ਸੰਨ੍ਹ ਰਾਜ, ਜਮੁਨਾ, ਅਸ਼ਵਨੀ ਰਾਜ। ਬੱਗੜ ਨੇ ਆਪਣੇ ਅਸਰ ਰਸੂਖ ਨਾਲ ਧਰਮਿੰਦਰ, ਅਮਜਦ ਖਾਂ, ਰਾਜੇਸ਼ ਖੰਨਾ, ਕੁਲਭੂਸ਼ਨ ਖਰਬੰਦਾ, ਮੁਨਮੁਨ ਸੇਨ, ਅਨੀਤਾ ਰਾਜ ਤੇ ਸ਼ੋਭਾ ਆਨੰਦ ਤੋਂ ਇਸ ਫਿਲਮ ਵਿਚ ਮੁਫ਼ਤ ਕੰਮ ਕਰਵਾ ਲਿਆ ਹੈ। ਇਹੋ ਵਜ੍ਹਾ ਹੈ ਕਿ ਕਈ ਟੈਰਟਰੀਜ਼ ਲਈ "ਮੁਹੱਬਤ ਕੀ ਕਸਮ" ਚੰਗੀ ਕੀਮਤ 'ਤੇ ਵੇਚੀ ਜਾ ਚੁੱਕੀ ਹੈ।

ਨਵੀਂ ਪੀੜ੍ਹੀ—ਪੁਰਾਣੀ ਪੀੜ੍ਹੀ


ਬਜ਼ੁਰਗ ਫੋਟੋ ਗਰਾਫਰ ਧਰਮ ਚੋਪੜਾ ਨਵੀਂ ਪੀੜ੍ਹੀ ਦੇ ਐਕਟਰਾਂ ਅਤੇ ਐਕਟਰੈਸਾਂ ਉਪਰ ਬਹੁਤ ਦੁਖੀ ਹੈ। ਉਸ ਦਾ ਕਹਿਣਾ ਹੈ ਕਿ ਅੱਜ ਦੇ ਕਲਾਕਾਰਾਂ 'ਚ ਨਖਰੇ ਕਰਨਾ ਫੈਸ਼ਨ ਬਣ ਚੁੱਕਾ ਹੈ ਤੇ ਪ੍ਰੋਡਿਊਸਰਾਂ, ਡਾਇਰੈਕਟਰਾਂ ਨੂੰ ਹੀ ਨਹੀਂ ਬਲਕਿ ਤਕਨੀਸ਼ੀਅਨਾਂ ਤਕ ਨੂੰ ਤੰਗ-ਪਰੇਸ਼ਾਨ ਕਰਨਾ ਉਹ ਆਪਣਾ "ਹੱਕ" ਸਮਝਦੇ ਹਨ।

ਪੁਰਾਣੀਆਂ ਅਭਿਨੇਤਰੀਆਂ ਵੈਜੰਤੀਮਾਲਾ, ਮੁਮਤਾਜ਼, ਨੰਦਾ, ਨੂਤਨ, ਵਹੀਦਾ ਰਹਿਮਾਨ ਤੇ ਮਾਲਾ ਸਿਨਹਾ ਆਦਿ ਦੀਆਂ ਸਿਫਤਾਂ ਕਰਦਿਆਂ ਧਰਮ ਚੋਪੜਾ ਆਖਦਾ ਹੈ ਕਿ ਉਹ ਵਧੀਆ ਐਕਟਰੈਸਾਂ ਵੀ ਸਨ ਤੇ ਵਧੀਆ ਔਰਤਾਂ ਵੀ। "ਉਹ ਧਰਤੀ 'ਤੇ ਹੀ ਚਲਦੀਆਂ ਸਨ ਤੇ ਹੁਣ ਦੀਆਂ ਅਭਿਨੇਤਰੀਆਂ ਦੇ ਪੈਰ ਧਰਤੀ ਉਪਰ ਲਗਦੇ ਹੀ ਨਹੀਂ।" ਸਲਮਾ ਆਗਾ ਨੂੰ ਧਰਮ ਚੋਪੜਾ ਨੇ ਹੀ ਆਪਣੇ ਵੱਡੇ ਭਰਾ ਤੇ ਡਾਇਰੈਕਟਰ ਬੀ. ਆਰ. ਚੋਪੜਾ ਅੱਗੇ ਪੇਸ਼ ਕੀਤਾ ਸੀ। ਧਰਮ ਚੋਪੜਾ ਆਖਦਾ ਹੈ ਕਿ ਸਲਮਾ ਆਗਾ ਨੇ "ਨਿਕਾਹ" ਬਣਨ ਪਿਛੋਂ ਚੋਪੜਾ ਕੈਂਪ ਦੇ ਖਿਲਾਫ ਬਹੁਤ ਉਲ-ਜਲੂਲ ਬੋਲਿਆ ਤੇ ਇਥੋਂ ਤਕ ਕਿਹਾ ਕਿ ਉਸ ਨੂੰ ਬੀ. ਆਰ. ਚੋਪੜਾ ਨੇ "ਨਿਕਾਹ" ਬਦਲੇ ਇਕ ਵੀ ਪੈਸਾ ਨਹੀਂ ਦਿਤਾ ਜਦ ਕਿ ਹਕੀਕਤ ਇਹ ਹੈ ਕਿ ਮੇਰੀ ਮੌਜੂਦਗੀ 'ਚ ਸਲਮਾ ਆਗਾ ਨੂੰ ਦਸ ਹਜ਼ਾਰ ਰੁਪਏ ਨਕਦ ਦਿੱਤੇ ਗਏ ਸਨ।

ਆਸ਼ਾ ਚੰਦਰਾ-ਗਾਡ ਮਦਰ

ਬੰਬਈ ਵਿਚ ਐਕਟਿੰਗ ਸਿਖਾਉਣ ਵਾਲੀਆਂ ਅਕਾਡਮੀਆਂ 'ਚ ਆਸ਼ਾ ਚੰਦਰਾ ਦੀ ਅਕਾਡਮੀ ਦਾ ਨਾਂ ਫਲੀਭਾਂਤ ਮੂਹਰੇ ਆਉਂਦਾ ਹੈ। ਆਸ਼ਾ ਜਦੋਂ ਬੰਬਈ ਆਈ ਸੀ ਤਾਂ ਉਹ ਖੁਦ ਨੂੰ ਐਕਟਰੈਸ ਬਣਾਉਣਾ ਲੋਚਦੀ ਸੀ। ਕੁਝ ਫਿਲਮਾਂ ਵਿਚ ਉਸ ਨੇ ਨਿੱਕੀਆਂ-ਮੋਟੀਆਂ ਭੂਮਿਕਾਵਾਂ ਕੀਤੀਆਂ ਵੀ ਪਰ ਚਲ ਨਾ ਸਕੀ। ਰੋਜ਼ੀ-ਰੋਟੀ ਲਈ ਉਸ ਨੇ ਅਕਾਡਮੀ ਖੋਲ੍ਹ ਲਈ ਤੇ ਉਸ ਦਾ ਇਹ ਧੰਦਾ ਬੜੀ ਸ਼ਾਨੋ-ਸ਼ੌਕਤ ਨਾਲ ਚਲ ਨਿਕਲਿਆ। ਅੰਮ੍ਰਿਤਾ ਸਿੰਘ, ਪੂਨਮ ਢਿੱਲੋਂ,

ਬਾਕੀ ਪੰਨਾ 19 ਤੇ





ਗਾਡ ਮਦਰ ਆਸ਼ਾ ਚੰਦਰਾ ਨਾਲ ਖੜ੍ਹਾ ਹੈ ਰਾਸ਼ਟਰਪਤੀ ਗਿ: ਜ਼ੈਲ ਸਿੰਘ ਦਾ ਪੋਤਰਾ ਬੰਬੂ

ਪੰਨਾ 18 ਦੀ ਬਾਕੀ

ਮੰਦਾਕਨੀ ਆਦਿ ਨਵੀਂ ਪੀੜ੍ਹੀ ਦੀਆਂ ਅਭਿਨੇਤਰੀਆਂ ਆਸ਼ਾ ਚੰਦਰਾ ਨੂੰ ਸਿਜਦਾ ਕਰ ਕੇ ਅੱਗੇ ਆਈਆਂ। ਰਿਸ਼ੀ ਕਪੂਰ ਤੇ ਡਿੰਪਲ ਕਪਾਡੀਆ ਨੇ ਵੀ ਕਿਸੇ ਸਮੇਂ ਇਥੋਂ ਹੀ "ਲੱਕ ਹਿਲਾਉਣਾ" ਸਿਖਿਆ ਸੀ।

ਰਾਸ਼ਟਰਪਤੀ ਗਿ: ਜ਼ੈਲ ਸਿੰਘ ਨੇ ਇਕ ਵਾਰ ਬੰਬਈ-ਫੇਰੀ ਦੌਰਾਨ ਆਪਣੇ ਪੋਤਰੇ ਇੰਦਰਜੀਤ ਉਰਫ ਬੱਬੂ ਨੂੰ ਆਸ਼ਾ ਚੰਦਰਾ ਦੇ ਹਵਾਲੇ ਕਰਦਿਆਂ ਕਿਹਾ ਸੀ, "ਇਸ ਲੜਕੇ ਨੂੰ ਤੁਸੀਂ ਮਿੱਟੀ ਤੋਂ ਸੋਨਾ ਬਣਾ ਦਿਓ।"

ਢੁੰਮ-ਛੱਲਾ

ਬਹੁਤ ਮਹਿੰਗੀ ਫਿਲਮ "ਰਜ਼ੀਆ ਸੁਲਤਾਨ" ਜਦੋਂ ਸਿਨੇਮਾ-ਘਰਾਂ ਵਿਚ ਲੱਗਣ ਉਪਰੰਤ ਛੇਤੀ ਹੀ ਲੱਥ ਗਈ ਤਾਂ ਇਸ ਦੇ ਡਾਇਰੈਕਟਰ ਕਮਲ ਅਮਰੋਹੀ ਨੂੰ ਕਿਸੇ ਨੇ ਪੁੱਛਿਆ —

"ਫਿਲਮ ਫੇਲ੍ਹ ਕਿਉਂ ਹੋ ਗਈ?"

"ਫਿਲਮ ਤਾਂ ਮੇਰੀ ਹਿੱਟ ਏ, ਦਰਸ਼ਕ ਫੇਲ੍ਹ ਹੋ ਗਏ ...।" ਅਮਰੋਹੀ ਨੇ ਸਨਕੀਪੁਣੇ 'ਚੋਂ ਜਵਾਬ ਦਿੱਤਾ।

ਸਾਲ 85 ਦੀਆਂ ਫਿਲਮਾਂ

ਜਨਵਰੀ 85 ਤੋਂ ਦਸੰਬਰ 85 ਤਕ ਹਿੰਦੀ ਦੀਆਂ ਕੁੱਲ 143 ਫਿਲਮਾਂ ਰਿਲੀਜ਼ ਹੋਈਆਂ ਸਨ ਜਿਨ੍ਹਾਂ ਚੋਂ ਬਹੁਤੀਆਂ ਫਿਲਮਾਂ ਫੇਲ੍ਹ ਸਾਬਤ ਹੋਈਆਂ। ਟਿਕਟ-ਖਿੜਕੀ ਦੇ ਨੁਕਤਾ-ਨਿਗ੍ਹਾ ਤੋਂ ਦੇਖਦਿਆਂ ਰਾਜ ਕਪੂਰ ਦੀ "ਰਾਮ ਤੇਰੀ ਗੰਗਾ ਮੈਲੀ" ਨੂੰ ਸਰਵੋਤਮ ਕਰਾਰ ਦਿਤਾ ਗਿਆ। ਮਨਮੋਹਨ ਡਿਸਾਈ ਦੀ "ਮਰਦ" ਦੂਜੇ ਨੰਬਰ 'ਤੇ ਰਹੀ। ਵੱਡੇ ਬੈਨਰ ਦੀਆਂ ਮਾੜੀਆਂ ਫਿਲਮਾਂ 'ਚੋਂ ਸਭ ਤੋਂ ਮਾੜੇ ਨੰਬਰ ਰਾਜੇਸ਼ ਖੰਨਾ ਦੀ "ਅਲੱਗ ਅਲੱਗ" ਨੂੰ ਦਿੱਤੇ ਗਏ।

ਤਬੱਸੁਮ ਉਦਾਸ ਹੈ—


ਫਿਲਮੀ ਖੇਤਰ ਵਿਚ ਜੰਮ ਕੇ ਜਵਾਨ ਹੋਈ ਤਬੱਸੁਮ ਨੂੰ ਦੂਰਦਰਸ਼ਨ ਦੇ ਪਰੋਗਰਾਮ "ਫੂਲ ਖਿਲੇ ਹੈਂ ਗੁਲਸ਼ਨ ਗੁਲਸ਼ਨ" ਕਰਕੇ ਆਮ ਜਾਣਿਆ ਜਾਂਦਾ ਹੈ। ਇਸ ਪਰੋਗਰਾਮ ਰਾਹੀਂ ਉਹ ਵੱਖ ਵੱਖ ਕਲਾਕਾਰਾਂ ਤੋਂ ਦਿਲਚਸਪ ਢੰਗ ਨਾਲ ਸਵਾਲ ਪੁੱਛਦੀ ਹੈ ਤੇ ਨਾਲ ਹੀ ਨਾਲ ਸੱਜਰੇ ਸੱਜਰੇ ਚੁਟਕਲੇ ਵੀ ਸੁਣਾਉਂਦੀ ਹੈ। ਉਹਨੇ ਆਪਣੇ ਲੜਕੇ ਹੋਸ਼ਾਂਗ ਨੂੰ ਹੀਰੋ ਬਨਾਉਣ ਲਈ ਪਿਛੇ ਜਿਹੇ ਇਕ ਹਿੰਦੀ ਫਿਲਮ ਬਣਾਈ। ਇਸ ਦੀ ਡਾਇਰੈਕਸ਼ਨ ਵੀ ਉਸ ਨੇ ਖੁਦ ਹੀ ਦਿੱਤੀ। ਦਾਅਵਿਆਂ ਤੋਂ ਉਲਟ ਇਹ ਫਿਲਮ ਟਿਕਟ-ਖਿੜਕੀ 'ਤੇ ਆਉਣ ਸਾਰ ਹੀ ਪਿਟ ਗਈ। ਤਬੱਸੁਮ ਦੀ ਜੀਵਨ-ਭਰ ਦੀ ਕਮਾਈ ਇਸ ਫਿਲਮ 'ਤੇ ਲਗੀ ਹੋਈ ਸੀ, ਸਾਰੀ ਰੁੜ੍ਹ ਗਈ। ਸਦਾ ਹੀ ਟਪੂੰ-ਟਪੂੰ ਕਰਨ ਵਾਲੀ ਤਬੱਸੁਮ ਦਾ ਚਿਹਰਾ ਹੁਣ ਅਕਸਰ ਮੁਰਝਾਇਆ ਰਹਿੰਦਾ ਹੈ। ਉਹ ਮਿਥ ਕੇ ਹਸਣ ਦੀ ਕੋਸ਼ਿਸ਼ ਕਰਦੀ ਹੈ ਪਰ ਅੰਦਰਲੀ ਉਦਾਸੀ ਫਿਰ ਵੀ ਹਾਵਾਂ-ਭਾਵਾਂ 'ਚ ਟਪਕ ਪੈਂਦੀ ਹੈ। ਇਥੋਂ ਤਕ ਕਿ ਤਬੱਸੁਮ ਨੇ ਆਪਣੇ ਸਟੇਜ-ਸ਼ੋਆਂ ਦਾ ਰੇਟ ਵੀ ਘੱਟ ਕਰ ਦਿਤਾ ਹੈ ਤੇ ਬੜੇ ਹੀ ਸਸਤੇ ਭਾਅ ਵੱਖ ਵੱਖ ਸ਼ਹਿਰਾਂ 'ਚ ਸਟੇਜ-ਸ਼ੋਅ ਕਰਨ ਵਿਚ ਖਚਿਤ ਹੋ ਗਈ ਹੈ।




ਪੰਜਾਬ ਸਮਝੌਤਾ ਸਹੀ ਭਾਵਨਾ ਨਾਲ ਲਾਗੂ ਕੀਤੇ ਜਾਣ ਦੀ ਮੰਗ

ਲੁਧਿਆਣਾ — ਜਨਵਾਦੀ ਨੌਜਵਾਨ ਸਭਾ ਅਤੇ ਐਸ. ਐਫ. ਆਈ. ਦੇ ਪੰਜਾਬ ਤੇ ਚੰਡੀਗੜ੍ਹ ਯੂਨਿਟਾਂ ਦੀ ਇਕ ਸਾਂਝੀ ਮੀਟਿੰਗ ਪਿਛਲੇ ਦਿਨੀਂ ਲੁਧਿਆਣਾ ਵਿਖੇ ਹੋਈ। ਮੀਟਿੰਗ ਦੀ ਕਾਰਵਾਈ ਪ੍ਰੈਸ ਨੂੰ ਰਿਲੀਜ਼ ਕਰਦਿਆਂ ਸਾਥੀ ਕੁਲਦੀਪ ਸਿੰਘ ਪ੍ਰਧਾਨ ਜਨਵਾਦੀ ਨੌਜਵਾਨ ਸਭਾ ਨੇ ਦਸਿਆ ਕਿ ਇਸ ਸਾਂਝੀ ਮੀਟਿੰਗ ਨੇ ਕੇਂਦਰ ਸਰਕਾਰ ਤੋਂ ਜ਼ੋਰਦਾਰ ਮੰਗ ਕੀਤੀ ਹੈ ਕਿ ਪੰਜਾਬ ਸਮਝੌਤੇ ਨੂੰ ਇਸ ਦੀ ਪੂਰੀ ਭਾਵਨਾ ਨਾਲ ਲਾਗੂ ਕੀਤਾ ਜਾਵੇ ਅਤੇ ਕਿਸੇ ਨੂੰ ਵੀ ਇਸ ਸਮਝੌਤੇ ਨੂੰ ਸਾਬੋਤਾਜ ਨਾ ਕਰਨ ਦਿਤਾ ਜਾਵੇ। ਮੀਟਿੰਗ ਨੇ ਸੂਬੇ ਵਿਚ ਹੋਈਆਂ ਤਾਜ਼ਾ ਹਿੰਸਕ ਘਟਨਾਵਾਂ ਤੇ ਚਿੰਤਾ ਪ੍ਰਗਟ ਕੀਤੀ ਹੈ ਅਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਇਨ੍ਹਾਂ ਘਟਨਾਵਾਂ ਲਈ ਜ਼ਿੰਮੇਵਾਰ ਅਨਸਰਾਂ ਨਾਲ ਸਖਤੀ ਨਾਲ ਨਜਿਠਿਆ ਜਾਵੇ ਅਤੇ ਹਰ ਢੰਗ ਨਾਲ ਸਿਆਸੀ ਤੌਰ ਤੇ ਇਨ੍ਹਾਂ ਨੂੰ ਲੋਕਾਂ ਵਿਚੋਂ ਨਿਖੇੜਿਆ ਜਾਵੇ।

ਸਾਥੀ ਕੁਲਦੀਪ ਸਿੰਘ ਨੇ ਅੱਗੇ ਦਸਿਆ ਕਿ ਜਨਵਾਦੀ ਨੌਜਵਾਨ ਸਭਾ ਅਤੇ ਐਸ. ਐਫ. ਆਈ. ਵਲੋਂ ਫਿਰਕੂ ਸਦਭਾਵਨਾ ਅਤੇ ਅਮਨ ਦੇ ਹੱਕ ਵਿਚ ਇਕ ਸਾਂਝੀ ਸੂਬਾਈ ਪੱਧਰ ਦੀ ਕਨਵੈਨਸ਼ਨ 5 ਫਰਵਰੀ 1986 ਨੂੰ ਜਲੰਧਰ ਵਿਖੇ ਹੋਈ ਜਿਸ ਵਿਚ 2000 ਦੇ ਕਰੀਬ ਨੌਜਵਾਨਾਂ ਅਤੇ ਵਿਦਿਆਰਥੀਆਂ ਨੇ ਹਿਸਾ ਲਿਆ।





ਨੀਰੂ ਪੰਡਤ ਪੰਜਾਬੀ ਫਿਲਮ 'ਅਖਾਂ ਹੀਰ ਦੀਆਂ' ਵਿਚ



ਫਰਹਾ

ਸਰਬੱਤ ਖਾਲਸਾ ਸੰਮੇਲਨ ਦੀ ਹਿਮਾਇਤ

ਪਟਿਆਲਾ — ਸ਼ਰੋਮਣੀ ਕਮੇਟੀ ਅਤੇ ਅਕਾਲੀ ਦਲ ਦੇ ਫੈਸਲਿਆਂ ਅਨੁਸਾਰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿ: ਕਿਰਪਾਲ ਸਿੰਘ ਨੇ 16 ਫਰਵਰੀ ਨੂੰ ਜੋ ਸਰਬੱਤ ਖਾਲਸਾ ਕਨਵੈਨਸ਼ਨ ਸਦੀ ਹੈ, ਉਸ ਦੀ ਅਕਾਲੀ ਜਥਾ ਜ਼ਿਲਾ ਪਟਿਆਲਾ (ਸ਼ਹਿਰੀ) ਦੇ ਪ੍ਰਧਾਨ ਜ: ਸਰਦਾਰਾ ਸਿੰਘ ਕੋਹਲੀ ਅਤੇ ਉਨ੍ਹਾਂ ਦੇ ਸਾਥੀਆਂ ਅੰਤਰਪਾਲ, ਪ੍ਰਿੰਸੀਪਲ ਬਾਬੂ ਸਿੰਘ ਗੁਰਮ, ਜ: ਸਰਦਾਰਾ ਸਿੰਘ ਚਾਵਲਾ, ਸ: ਪ੍ਰੀਤਮ ਸਿੰਘ ਵੋਹਰਾ, ਸ: ਕਰਤਾਰ ਸਿੰਘ ਗੁਜਰਖਾਨੀ, ਸ: ਰੰਗੀਲਾ ਸਿੰਘ, ਸ: ਹਰਬੰਸ ਸਿੰਘ ਆਨੰਦ ਅਤੇ ਸ: ਖੁਸ਼ਬੀਰ ਸਿੰਘ ਕਾਫਰ ਨੇ ਪ੍ਰਸ਼ੰਸਾ ਕਰਦੇ ਹੋਏ ਆਖਿਆ ਹੈ ਕਿ ਸ਼ਰੋਮਣੀ ਕਮੇਟੀ ਸਿਖ ਪੰਥ ਦੀ ਚੁਣੀ ਹੋਈ ਨੁਮਾਇੰਦਾ ਜਥੇਬੰਦੀ ਹੈ ਅਤੇ ਇਸ ਨੂੰ ਹੀ ਗੁਰਧਾਮਾਂ ਦੇ ਸਾਰੇ ਕਾਰਜ ਨੇਪਰੇ ਚਾੜ੍ਹਨ ਦਾ ਹਕ ਹੈ। ਮੁਠੀ ਭਰੀ ਲੋਕਾਂ ਨੂੰ ਧਾਰਮਿਕ ਕਾਰਜਾਂ ਵਿਚ ਧਾਂਦਲੀ ਮਚਾਣ ਦੀ ਆਗਿਆ ਨਹੀਂ ਦਿਤਾ ਜਾ ਸਕਦੀ।

ਕੰਨਿਆ ਦੀ ਲੋੜ

26 ਸਾਲਾ ਜੱਟ ਸਿੱਖ ਨੌਜਵਾਨ ਲਈ, ਜੋ 12 ਗਰੇਡ ਅਤੇ ਡੀਜ਼ਲ ਇੰਜਨੀਅਰਿੰਗ ਹੈ, ਲਈ ਘੱਟੋ ਘੱਟ 12 ਗਰੇਡ ਪਾਸ ਲੜਕੀ ਉਮਰ 20 ਤੋਂ 23 ਸਾਲ ਵਾਲੀ ਸਿਟੀਜ਼ਨ ਜਾਂ ਇੰਮੀਗਰੈਂਟ ਲੜਕੀ ਦੀ ਲੋੜ ਹੈ। ਹੇਠ ਲਿਖੇ ਪਤੇ ਤੇ ਚਿੱਠੀ ਪੱਤਰ ਕਰੋ :—

S.P.
C/0 CANADA DARPAN
P.O.BOX 67344 Stn. O
Vancouver, B.C. V5W 3T1

ਮੈਟਰੀਮੋਨੀਅਲ

ਇਕ 20-ਸਾਲਾ ਲੜਕੀ ਲਈ ਵਰ ਦੀ ਲੋੜ ਹੈ।

ਲੜਕੀ ਦਾ ਕੱਦ 5 ਫੁੱਟ 6 ਇੰਚ ਹੈ। ਉਸਨੇ ਭਾਰਤ ਤੋਂ ਪ੍ਰੀ-ਮੈਡੀਕਲ ਪਾਸ ਕੀਤੀ ਹੋਈ ਹੈ ਅਤੇ ਹੁਣ ਵੈਨਕੂਵਰ ਵਿਚ ਹੋਟਲ ਮੈਨੇਜਮੈਂਟ ਤੇ ਟੂਰਇਜ਼ਮ ਦਾ ਕੋਰਸ ਕਰ ਰਹੀ ਹੈ। ਨਾਲ ਕੰਮ ਵੀ ਕਰਦੀ ਹੈ।

ਉਸੇ ਪ੍ਰਵਾਰ ਦੇ ਇਕ 22-ਸਾਲਾ ਲੜਕੇ ਲਈ ਕੰਨਿਆ ਦੀ ਲੋੜ ਹੈ। ਲੜਕੇ ਦਾ ਕੱਦ 5 ਫੁੱਟ 8 ਇੰਚ ਹੈ। ਅਤੇ ਬੀ. ਕਾਮ ਪਾਸ ਕੀਤੀ ਹੋਈ ਹੈ। ਇਸ ਸਮੇਂ ਵੈਨਕੂਵਰ ਵਿਚ ਹੀ ਕੰਮ ਤੇ ਲੱਗਾ ਹੋਇਆ ਹੈ। ਨਾਲ ਹੀ ਹੋਟਲ ਮੈਨੇਜਮੈਂਟ ਦਾ ਕੋਰਸ ਕਰ ਰਿਹਾ ਹੈ। ਇੰਮੀਗਰੈਂਟ ਜਾਂ ਕੈਨੇਡੀਅਨ ਖਤੋ-ਖਿਤਾਬਤ ਕਰਨ। ਲੜਕੀ ਤੇ ਲੜਕਾ ਸਿੱਖ ਪ੍ਰਵਾਰ ਨਾਲ ਸਬੰਧਤ ਹਨ। ਖਤ ਲਿਖੋ :

A S C
C/0 Canada Darpan
Box 67344 Stn. 0
Vancouver, B.C. V5W 3T1

'ਕੈਨੇਡਾ ਦਰਪਣ' ਦੇ ਚੰਦੇ ਦਾ ਫਾਰਮ
SUBSCRIPTION FORM

To

The Canada Darpan
P.O.Box. 67344,STN.'O'
VANCOUVER,B.C.
CANADA V5W 3T1

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name..
Address...
City...
Province..
Postal code..
PHONE.


One Year	25 dollars
Two Year	45 dollars
Three year	65 dollars
Life membership..........	300 dollars
ASIA..........................	100 dollars[a year]
U.S.A.	30 dollars [a year]
Europe	100 dollars[a year]
Africa	100 dollars [a year]


ਬੇਸਮਿੰਟ ਕਿਰਾਏ ਲਈ ਖਾਲੀ

ਡੈਲਟਾ ਵਿਚ ਬੇਸਮਿੰਟ ਕਿਰਾਏ ਲਈ ਖਾਲੀ ਹੈ। ਜੋ ਕਿ Zeller ਅਤੇ ਸਕੂਲ ਤੇ ਬੱਸ ਸਟਾਪ ਦੇ ਨੇੜੇ ਹੈ। ਹੋਰ ਜਾਣਕਾਰੀ ਲਈ ਫੋਨ ਕਰੋ :—

590-4772

ROKKO SAREES & FABRICS





6201 Fraser Street
VANCOUVER
Tel: 327-3033

When You Buy
One Suit or One Saree
(Any Price)
Save $1.00 with one Coupon

ਜਦੋਂ ਤੁਸੀਂ ਇਕ ਸੂਟ ਜਾਂ ਇਕ ਸਾੜ੍ਹੀ ਖ੍ਰੀਦੋ (ਕਿਸੇ ਵੀ ਕੀਮਤ ਤੇ)

ਇਸ ਕੂਪਨ ਨਾਲ 1.00 ਡਾਲਰ ਬਚਾਓ

This coupon worth $1.00 Off	This coupon worth $1.00 Off	This coupon worth $1.00 Off	This coupon worth $1.00 Off	This coupon worth $1.00 Off
Rokko Sarees & Fabrics 6201 Fraser Street, Vancouver Offer Expires Wednesday February 19th, 1986	Rokko Sarees & Fabrics 6201 Fraser Street, Vancouver Offer Expires Wednesday February 19th, 1986	Rokko Sarees & Fabrics 6201 Fraser Street, Vancouver Offer Expires Wednesday February 19th, 1986	Rokko Sarees & Fabrics 6201 Fraser Street, Vancouver Offer Expires Wednesday February 19th, 1986	Rokko Sarees & Fabrics 6201 Fraser Street, Vancouver Offer Expires Wednesday February 19th, 1986

One Coupon For One Suit or Saree

ਇਕ ਕੂਪਨ ਇਕ ਸੂਟ ਜਾਂ ਇਕ ਸਾੜ੍ਹੀ ਲਈ

ਇਹ ਕੂਪਨ ਤੁਸੀਂ ਰੋਕੋ ਸਾੜ੍ਹੀਜ਼ ਐਂਡ ਫੈਬਰਿਕਸ ਤੇ ਵਰਤ ਸਕਦੇ ਹੋ

This Coupon is Valid At



ROKKO SAREES & FABRICS
6201 Fraser Street
VANCOUVER
Tel: 327-3033

